
# Charan Electric Enterprises
*IT Consulting Services
*LAN/WAN Design and Impementation
*Data Center Design and Build Out
*Data/Telephony Cabling
*Security Solutions
*Application Development and Optimization

Job Opportunities Available

Charan Electric Enterprises

25 Years of Experience

*ਆਈ ਟੀ ਕੰਸਲਟਿੰਗ ਸਰਵਿਸਜ਼
*ਲੈਨ/ਵੈਨ ਡਿਜ਼ਾਇਨ ਅਤੇ ਇੰਪਲੀਮੈਂਟੇਸ਼ਨ
*ਡਾਟਾ ਸੈਂਟਰ ਡਿਜ਼ਾਇਨ ਅਤੇ ਬਿਲਡ ਆਊਟ
*ਡਾਟਾ/ਟੈਲੀਫੋਨੀ ਕੇਬਲਿੰਗ, ਸਕਿਉਰਿਟੀ ਸਲਿਊਸ਼ਨਜ਼
*ਐਪਲੀਕੇਸ਼ਨ ਡਿਵੈਲਪਮੈਂਟ ਅਤੇ ਓਪਟੀਮਾਈਜ਼ੇਸ਼ਨ

Our depth of expertise ranges from New Construction Design and Build, to HVAC, Fire Alarm Systems, Power Generation Systems,

ਸ. ਕੁਲਵੰਤ ਸਿੰਘ ਦਿਓਲ

Tel: 718 706 9612, Fax: 718 706 9614
Email: electricdeol@msn.com, website: www.charanelectric.com



Twenty-Sixth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 05; January 31, 2026 20451 N. Plum Grove Rd., Palatine, IL 60074 Ph:847-359-0746, Fax:847-705-9388


# ਭਾਰਤ ਦਾ ਟਰੰਪ ਟੈਰਿਫ਼ ਨੂੰ ਜਵਾਬ

## ਰੂਸ ਤੋਂ ਤੇਲ ਦੀ ਖ਼ਰੀਦ ਬੰਦ ਨਹੀਂ ਕੀਤੀ, ਘਟਾਈ ਹੈ




**ਨਵੀਂ ਦਿੱਲੀ:** ਭਾਰਤ ਨੇ ਕੱਚੇ ਤੇਲ ਦੀ ਖਰੀਦ ਨੂੰ ਲੈ ਕੇ ਆਪਣੀ ਰਣਨੀਤੀ 'ਚ ਸਾਫ਼ ਬਦਲਾਅ ਕੀਤਾ ਹੈ। ਹੁਣ ਦੇਸ਼ ਜ਼ਿਆਦਾ ਭਰੋਸੇਮੰਦ ਅਤੇ ਘੱਟ ਖਤਰੇ ਵਾਲੇ ਸਰੋਤਾਂ ਤੋਂ ਤੇਲ ਲੈਣ 'ਤੇ ਜ਼ੋਰ ਦੇ ਰਿਹਾ ਹੈ। ਇਸੇ ਕਾਰਨ ਮੱਧ-ਪੂਰਬ ਦੇ ਦੇਸ਼ਾਂ ਤੋਂ ਤੇਲ ਦਰਾਮਦ ਵਧ ਗਿਆ ਹੈ,ਜਦਕਿ ਰੂਸ ਤੋਂ ਤੇਲ ਦੀ ਖਰੀਦ ਜਾਰੀ ਹੈ ਪਰ ਪਹਿਲਾਂ ਦੇ ਮੁਕਾਬਲੇ ਸੀਮਿਤ ਅਤੇ ਸਾਵਧਾਨੀ ਨਾਲ ਹੋ ਰਹੀ ਹੈ। ਇਸ ਵੇਲੇ ਭਾਰਤ ਦੀ ਰਣਨੀਤੀ ਸਪਸ਼ਟ ਹੈ, ਜਿੱਥੇ ਭਰੋਸੇਮੰਦ ਅਤੇ ਸੁਚਾਰੂ ਸਪਲਾਈ ਮਿਲੇ, ਉੱਥੋਂ ਤੇਲ ਲਿਆ ਜਾਏ ਅਤੇ ਨਾਲ ਹੀ ਸਸਤੇ ਵਿਕਲਪਾਂ ਨੂੰ ਵੀ ਪੂਰੀ ਤਰ੍ਹਾਂ ਛੱਡਿਆ ਨਾ ਜਾਵੇ। ਭਾਰਤ ਆਪਣੀ ਲੋੜ ਦਾ ਕਰੀਬ 90 ਫੀਸਦੀ ਕੱਚਾ ਤੇਲ ਦਰਾਮਦ ਕਰਦਾ ਹੈ।

ਪੈਟਰੋਲ ਅਤੇ ਡੀਜ਼ਲ ਵਰਗੇ ਈਧਣ ਇਸੇ ਕੱਚੇ ਤੇਲ ਤੋਂ ਬਣਦੇ ਹਨ। ਇਸ ਤਰ੍ਹਾਂ ਤੇਲ ਦੀ ਲਗਾਤਾਰ ਅਤੇ ਸੁਰੱਖਿਅਤ ਸਪਲਾਈ ਭਾਰਤ ਲਈ ਬਹੁਤ ਜ਼ਰੂਰੀ ਹੈ। ਰੀਅਲ-ਟਾਈਮ ਡੇਟਾ ਕੰਪਨੀ ਕੇਪਲਰ ਮੁਤਾਬਕ, ਜਨਵਰੀ 2026 ਦੇ ਪਹਿਲੇ ਤਿੰਨ ਹਫ਼ਤਿਆਂ 'ਚ ਰੂਸ ਤੋਂ ਕੱਚੇ ਤੇਲ ਦਾ ਦਰਾਮਦ ਘਟ ਕੇ ਕਰੀਬ 11 ਲੱਖ ਬੈਰਲ ਪ੍ਰਤੀ ਦਿਨ ਹੋ ਗਿਆ ਹੈ। ਇਸ ਤੋਂ ਪਹਿਲਾਂ ਦਸੰਬਰ 'ਚ ਇਹ ਔਸਤ 12.1 ਲੱਖ ਬੈਰਲ ਸੀ, ਜਦਕਿ 2025 ਦੇ ਵਿਚਕਾਰ ਇਹ ਅੰਕੜਾ 20 ਲੱਖ ਬੈਰਲ ਪ੍ਰਤੀ ਦਿਨ ਤੋਂ ਵੀ ਵੱਧ ਪਹੁੰਚ ਗਿਆ ਸੀ।

ਇਸ ਬਾਰੇ ਜਾਣਕਾਰੀ ਅਨੁਸਾਰ ਦੂਜੇ ਪਾਸੇ, ਇਰਾਕ ਅਤੇ ਸਾਊਦੀ ਅਰਬ ਤੋਂ ਤੇਲ ਦੀ ਸਪਲਾਈ 'ਚ ਸਾਫ਼ ਵਾਧਾ ਹੋਇਆ ਹੈ। ਇਰਾਕ ਹੁਣ ਲਗਭਗ ਰੂਸ ਦੇ ਬਰਾਬਰ ਤੇਲ ਭਾਰਤ ਨੂੰ ਦੇ ਰਿਹਾ ਹੈ, ਜਦਕਿ ਸਾਊਦੀ ਅਰਬ ਤੋਂ ਦਰਾਮਦ ਵੀ ਤੇਜ਼ੀ ਨਾਲ ਵੱਧਿਆ ਹੈ। ਇਸ ਤੋਂ ਸਾਫ਼ ਹੈ ਕਿ ਭਾਰਤ ਇਕ ਵਾਰ ਫਿਰ ਆਪਣੇ ਰਵਾਇਤੀ ਮੱਧ- ਪੂਰਬੀ ਸਾਥੀਆਂ 'ਤੇ ਜ਼ਿਆਦਾ ਭਰੋਸਾ ਕਰ ਰਿਹਾ ਹੈ। ਅਸਲ 'ਚ, ਅਮਰੀਕਾ ਵੱਲੋਂ ਰੂਸ ਦੀਆਂ ਤੇਲ ਕੰਪਨੀਆਂ 'ਤੇ ਲਗਾਏ ਗਏ ਨਵੇਂ ਪ੍ਰਬੰਧਾਂ ਤੋਂ ਬਾਅਦ ਰੂਸੀ ਤੇਲ ਖਰੀਦਣ 'ਚ ਖਤਰਾ ਵਧ ਗਿਆ ਹੈ। ਸਮੁੰਦਰੀ ਜਹਾਜ਼ਰਾਨੀ, ਬੀਮਾ, ਭੁਗਤਾਨ ਅਤੇ ਕਾਨੂੰਨੀ ਜਾਂਚ ਵਰਗੀਆਂ ਮੁਸ਼ਕਲਾਂ ਕਾਰਨ ਭਾਰਤੀ ਰਿਫਾਈਨਰੀਆਂ ਨੇ ਕੁਝ ਸਮੇਂ ਲਈ ਰੂਸੀ ਤੇਲ ਲੈਣਾ ਵੀ ਘਟਾ ਦਿੱਤਾ ਸੀ। ਕੈਪਲਰ ਦੇ ਮਾਹਰ ਸੁਮਿਤ ਰਿਤੋਲੀਆ ਦੇ ਮੁਤਾਬਕ, ਇਹ ਬਦਲਾਅ ਸਥਾਈ ਨਹੀਂ ਬਲਕਿ ਅਸਥਾਈ ਸੰਤੁਲਨ ਹੈ। ਰੂਸ ਦਾ ਤੇਲ ਹਾਲੇ ਵੀ ਸਸਤਾ ਹੈ ਅਤੇ ਰਿਫਾਈਨਰੀਆਂ ਲਈ ਲਾਭਦਾਇਕ ਹੈ। ਜਿੱਥੇ ਨਿਯਮਾਂ ਦੀ ਪਾਲਣਾ ਸੰਭਵ ਹੈ, ਉੱਥੇ ਭਾਰਤੀ ਕੰਪਨੀਆਂ ਰੂਸੀ ਤੇਲ ਦੀ ਖਰੀਦ ਜਾਰੀ ਰੱਖਣਗੀਆਂ।

### ਰੂਸੀ ਤੇਲ 'ਤੇ 5 ਡਾਲਰ ਪ੍ਰਤੀ ਬੈਰਲ ਦੀ ਛੋਟ

ਆਈਓਸੀ ਅਤੇ ਬੀਪੀਸੀਐੱਲ ਵਰਗੀਆਂ ਭਾਰਤੀ ਰਿਵਾਈਨਰੀਆਂ ਪਾਬੰਦੀਆਂ ਤੋਂ ਮੁਕਤ ਰੂਸੀ ਕੰਪਨੀਆਂ ਤੋਂ ਕੱਚਾ ਤੇਲ ਖਰੀਦ ਰਹੀਆਂ ਹਨ। ਇਸ ਦੇ ਸੰਕੇਤ ਮਿਲ ਰਹੇ ਹਨ ਕਿ ਰਿਲਾਇੰਸ ਵੀ ਅਜਿਹੀਆਂ ਗੈਰ-ਪਾਬੰਦੀ ਵਾਲੀਆਂ ਕੰਪਨੀਆਂ ਤੋਂ ਤੇਲ ਦੀ ਖਰੀਦ ਦੁਬਾਰਾ ਸ਼ੁਰੂ ਕਰ ਸਕਦੀ ਹੈ। ਇਹ ਇਸ ਲਈ ਹੈ ਕਿਉਂਕਿ ਰੂਸੀ ਕੱਚਾ ਤੇਲ ਕੀਮਤ ਦੇ ਹਿਸਾਬ ਨਾਲ ਅਜੇ ਵੀ ਠੀਕ ਹੈ। ਰੂਸੀ ਗ੍ਰੇਡ ਦਾ ਤੇਲ ਇਸ ਸਮੇਂ ਚੌਥੀ ਤਿਮਾਹੀ ਦੀ ਸ਼ੁਰੂਆਤ ਨਾਲੋਂ ਛੋਟ 'ਤੇ ਵਪਾਰ ਹੋ ਰਿਹਾ ਹੈ। ਭਾਰਤ ਨੂੰ ਇਹ ਓਮਾਨ/ਦੁਬਈ ਗ੍ਰੇਡ ਨਾਲੋਂ ਲਗਭਗ 5-7 ਡਾਲਰ ਪ੍ਰਤੀ ਬੈਰੇਲ ਸਸਤਾ ਮਿਲ ਰਿਹਾ ਹੈ।

# 328 ਸਰੂਪਾਂ ਬਾਰੇ ਸ਼੍ਰੋਮਣੀ ਕਮੇਟੀ ਨੇ ਨਹੀਂ ਦਿੱਤਾ ਕੋਈ ਰਿਕਾਰਡ

## ਮਾਨ ਸਰਕਾਰ ਨੇ ਹਾਈਕੋਰਟ 'ਚ ਦਿੱਤੀ ਜਾਣਕਾਰੀ



**ਚੰਡੀਗੜ੍ਹ:** 328 ਪਾਵਨ ਸਰੂਪਾਂ ਨਾਲ ਜੁੜੇ ਮਾਮਲੇ ਵਿੱਚ ਪੰਜਾਬ ਸਰਕਾਰ ਵੱਲੋਂ ਹਾਈਕੋਰਟ ਵਿੱਚ ਆਪਣਾ ਜਵਾਬ ਦਾਖਲ ਕੀਤਾ ਗਿਆ ਹੈ। ਅਦਾਲਤ ਨੂੰ ਦਿੱਤੇ ਗਏ ਜਵਾਬ ਵਿੱਚ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੁਣ ਤੱਕ ਇਸ ਮਾਮਲੇ ਨਾਲ ਸੰਬੰਧਿਤ ਕੋਈ ਵੀ ਲਿਖਤੀ ਰਿਕਾਰਡ ਉਪਲਬਧ ਨਹੀਂ ਕਰਵਾਇਆ ਗਿਆ।

ਪੰਜਾਬ ਸਰਕਾਰ ਨੇ ਹਾਈਕੋਰਟ ਨੂੰ ਦੱਸਿਆ ਕਿ ਸ਼੍ਰੋਮਣੀ ਕਮੇਟੀ ਦਾ ਸਹਿਯੋਗ ਇਸ ਮਾਮਲੇ ਵਿੱਚ ਸਿਰਫ਼ ਮੌਖਿਕ ਤੌਰ 'ਤੇ ਹੀ ਮਿਲ ਰਿਹਾ ਹੈ, ਜਦਕਿ ਜਾਂਚ ਲਈ ਲੋੜੀਂਦਾ

(ਬਾਕੀ ਸਫ਼ਾ 6 'ਤੇ)

# ਧਰਮਿੰਦਰ ਸਣੇ ਪੰਜ ਨੂੰ ਪਦਮ ਵਿਭੂਸ਼ਣ

## ਸੰਤ ਨਿਰੰਜਣ ਦਾਸ, ਕ੍ਰਿਕਟਰ ਹਰਮਨਪ੍ਰੀਤ ਕੌਰ ਤੇ ਹਾਕੀ ਕੋਚ ਬਲਦੇਵ ਸਿੰਘ ਨੂੰ ਮਿਲਿਆ ਪਦਮਸ਼੍ਰੀ



**ਨਵੀਂ ਦਿੱਲੀ:** ਗਣਤੰਤਰ ਦਿਵਸ ਮੌਕੇ ਸਰਕਾਰ ਨੇ ਸਰਬਉੱਚ ਬਹਾਦਰੀ ਪੁਰਸਕਾਰਾਂ ਤੇ ਸਰਬਉੱਚ ਪਦਮ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਜਾਣ ਵਾਲੇ ਪਹਿਲੇ ਭਾਰਤੀ ਬਣ ਕੇ ਇਤਿਹਾਸ ਰਚਣ ਵਾਲੇ ਗਰੁੱਪ ਕੈਪਟਨ ਸ਼ੁਭਾਸ਼ ਸ਼ੁਕਲਾ ਨੂੰ ਇਸ ਸਾਲ ਸ਼ਾਂਤੀ ਕਾਲ ਦੇ ਸਰਬਉੱਚ ਬਹਾਦਰੀ ਪੁਰਸਕਾਰ ਅਸ਼ੋਕ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਹੈ। ਤਿੰਨ ਕੀਰਤੀ ਚੱਕਰ ਤੇ 13 ਸ਼ੌਰਿਆ ਚੱਕਰ ਜੇਤੂਆਂ ਦਾ ਵੀ ਐਲਾਨ ਕੀਤਾ ਗਿਆ ਹੈ।ਮਰਹੂਮ ਅਦਾਕਾਰ ਧਰਮਿੰਦਰ ਅਤੇ ਸੀਪੀਐਮ ਆਗੂ ਤੇ ਕੇਰਲ ਦੇ ਸਾਬਕਾ ਮੁੱਖ ਮੰਤਰੀ ਵੀਐੱਸ ਅਚਯੁਤਾਨੰਦਨ ਨੂੰ ਮਰਨ

*(ਬਾਕੀ ਸਫ਼ਾ 6 'ਤੇ)*


GoldenKey LENDING

Grow your business with our Strategic

COMERCIAL LOAN SOLUTIONS

Partner with us for expert guidance and support

Contact Us at

317-620-4100
www.goldenkeylending.com

We speak your Language
English • ਪੰਜਾਬੀ • हिंदी • اردو

325 S. College Avenue, Indianapolis, Indiana 46202



NMLS 147421

Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!


Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਪੰਜਾਬੀ ਸਾਹਿਤ ਸਭਾ, ਕੈਲਗਰੀ ਦੀ ਮੀਟਿੰਗ

ਪੰਜਾਬੀ ਸਾਹਿਤ ਸਭਾ, ਕੈਲਗਰੀ ਦੀ ਮੀਟਿੰਗ ਲੰਘੀ 25 ਜਨਵਰੀ ਨੂੰ ਕੋਸੋ ਹਾਲ ਵਿਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ। ਸਿੱਖ ਬੁੱਧੀਜੀਵੀ ਜੈਤੇਗ ਸਿੰਘ ਅਨੰਤ, ਨਾਟ-ਕਰਮੀ ਇੰਜੀਨੀਅਰ ਜਤਿੰਦਰ ਬਰਾੜ ਅਤੇ ਗੁਰਦਿਆਲ ਸਿੰਘ ਖਹਿਰਾ ਦੇ ਭਰਾ ਗਿਆਨੀ ਭਜਨ ਸਿੰਘ ਦੇ ਪਿਛਲੇ ਦਿਨੀਂ ਹੋਏ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸ਼ੋਕ ਮਤਾ ਪਾਸ ਕੀਤਾ ਗਿਆ। ਜਗਦੇਵ ਸਿੱਧੂ ਨੇ ਗਿਆਨੀ ਭਜਨ ਸਿੰਘ ਨੂੰ ਸੰਤ-ਸੁਭਾਅ ਅਤੇ ਪੂਰਨ ਗੁਰਸਿੱਖ ਵਜੋਂ ਅਕੀਦਾ ਪੇਸ਼ ਕੀਤਾ, ਜਤਿੰਦਰ ਬਰਾੜ ਨਾਲ ਕੁਲੀਗ ਅਤੇ ਦੋਸਤ ਹੋਣ ਦੇ ਨਾਤੇ ਰਹੀ ਗੂੜ੍ਹੀ ਸਾਂਝ ਦਾ ਜ਼ਿਕਰ ਕੀਤਾ, ਉਸ ਦੀ ਨਾਟ-ਕਲਾ ਨੂੰ ਵਡਮੁੱਲੀ ਦੇਣ ਦਾ ਸੰਖੇਪ ਵਿਚ ਵਰਣਨ ਕੀਤਾ, ਸਰਦਾਰ ਜੈਤੇਗ ਸਿੰਘ ਨਾਲ ਮਾਣੇ ਨਿੱਘ ਅਤੇ ਪਿਆਰ ਭਰੇ ਸੰਬੰਧਾਂ ਨੂੰ ਯਾਦ ਕੀਤਾ ਤੇ ਕਿਹਾ ਕਿ ਜੈਤੇਗ ਸਿੰਘ ਅਨੰਤ ਮਹਾਨ ਚਿੰਤਕ, ਲੇਖਕ, ਸੰਪਾਦਕ, ਵਿਦਵਾਨ, ਮੰਨਿਆ ਹੋਇਆ ਫੋਟੋਗ੍ਰਾਫਰ, ਸਿਦਕਵਾਨ, ਅਣਥੱਕ ਅਤੇ ਸਿਰੜੀ ਯੋਧਾ ਸੀ ਜਿਸ ਨੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਅਦੀਬਾਂ ਦਰਮਿਆਨ ਪੁਲ ਦਾ ਕੰਮ ਕੀਤਾ। ਉਨ੍ਹਾਂ ਦੇ ਜਾਣ ਨਾਲ ਇਕ ਸੰਸਥਾ ਦਾ ਅੰਤ ਹੋ ਗਿਆ।





ਇਸ ਮਗਰੋਂ ਗਿੱਲ ਸੁਖਮੰਦਰ ਨੇ ਆਪਣਾ ਲਿਖਿਆ ਗੀਤ ਗਾ ਕੇ ਸੁਣਾਇਆ। ਜ਼ੀਰ ਸਿੰਘ ਬਰਾੜ ਨੇ ਜ਼ਿੰਦਗੀ ਦੇ ਅਨੁਭਵ ਸਾਂਝੇ ਕੀਤੇ। ਸੁਰਿੰਦਰ ਢਿੱਲੋਂ ਨੇ ਰਾਗਾਂ ਬਾਰੇ ਅਤੇ ਭਾਰਤ ਦੇ ਗਣਤੰਤਰ ਦਿਵਸ ਦੇ ਸੰਬੰਧ ਵਿਚ ਅਹਿਮ ਜਾਣਕਾਰੀ ਦਿੱਤੀ। ਮਨਜੀਤ ਬਰਾੜ ਦੀ ਕਵਿਤਾ ਪਰਦੇਸੀ ਪਤੀ ਦੇ ਵਿਯੋਗ ਵਿਚ ਮੁਟਿਆਰ ਦੇ ਜਜ਼ਬਾਤਾਂ ਦੀ ਥਾਹ ਪਾ ਗਈ। ਸੁਰਿੰਦਰ ਗੀਤ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ ਜਿਨ੍ਹਾਂ 'ਤੇ ਮਿਆਰੀ ਪੱਖ ਤੋਂ ਚਰਚਾ ਹੋਈ। ਸੋਹਣ ਸਿੰਘ ਬੁੱਚੋ ਨੇ ਆਪਣੀ ਕਵਿਤਾ ਸੁਣਾਈ। ਉਸ ਨੇ ਆਪਣੀ ਤਾਜ਼ਾ ਲਿਖੀ ਕਹਾਣੀ 'ਗਾਂ ਦਾ ਮੁੱਲ' ਜ਼ਬਾਨੀ ਸੁਣਾ ਕੇ ਹੈਰਾਨ ਕਰ ਦਿੱਤਾ। ਇਹ ਕਹਾਣੀ ਸ਼ਾਹੂਕਾਰਾ ਨਿਜ਼ਾਮ ਦੇ ਸੂਦਖੋਰ ਵਰਤਾਰੇ ਬਾਰੇ ਅਤੇ ਇਸ ਨੂੰ ਤੋੜਨ ਦੀ ਜੁਅੱਰਤ ਕਰਨ ਵਾਲੀ ਨਵੀਂ ਪੀੜ੍ਹੀ ਦੀ ਇਨਕਲਾਬੀ ਸੋਚ ਦੀ ਪ੍ਰਤੀਕ ਸੀ। ਕਹਾਣੀ ਵਿਚਲਾ ਦ੍ਰਿਸ਼ ਇਉਂ ਪੇਸ਼ ਕੀਤਾ ਗਿਆ ਕਿ ਦਰਸ਼ਕਾਂ ਦੇ ਮਨ ਭਰ ਆਏ। ਜਗਦੇਵ ਸਿੱਧੂ ਨੇ ਇਸ ਕਹਾਣੀ ਦੀ ਤੁਲਨਾ ਮੁਨਸ਼ੀ ਪ੍ਰੇਮ ਚੰਦ ਦੀ ਉੱਤਮ ਕਹਾਣੀ 'ਡਾਚੀ' ਨਾਲ ਕੀਤੀ। ਅਖੀਰ ਵਿਚ ਸੁਰਿੰਦਰ ਗੀਤ ਨੇ ਪੇਸ਼ਕਾਰੀਆਂ ਦੇ ਮਿਆਰ ਦੀ ਸ਼ਲਾਘਾ ਕੀਤੀ ਅਤੇ ਸਭ ਦਾ ਧੰਨਵਾਦ ਕੀਤਾ।

ਅਗਲੀ ਮੀਟਿੰਗ 22 ਫਰਵਰੀ 2026 ਨੂੰ ਕੋਸੋ ਹਾਲ ਵਿਚ ਹੋਵੇਗੀ। ਹੋਰ ਜਾਣਕਾਰੀ ਲਈ ਸੁਰਿੰਦਰ ਗੀਤ ਨੂੰ 403 605-3734 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਈ. ਡੀ. ਨੇ ਗੋਆ ਨਾਈਟ ਕਲੱਬ ਤੋਂ 22 ਕਰੋੜ ਦੀ ਆਮਦਨ ਨੂੰ ਅਪਰਾਧ ਦੀ ਕਮਾਈ ਦੱਸਿਆ



**ਨਵੀਂ ਦਿੱਲੀ:** ਈ ਡੀ ਨੇ ਕਿਹਾ ਕਿ ਗੋਆ ਸਥਿਤ ਨਾਈਟ ਕਲੱਬ ਚਲਾਉਣ ਵਾਲੀਆਂ ਸੰਸਥਾਵਾਂ ਨੇ ਪਿਛਲੇ ਦੋ ਵਿੱਤੀ ਸਾਲਾਂ 'ਚ 22 ਕਰੋੜ ਦੀ ਆਮਦਨ ਕੀਤੀ, ਇਹ ਰਕਮ ਮਨੀ ਲਾਂਡਰਿੰਗ ਕਾਨੂੰਨ ਦੇ ਤਹਿਤ 'ਅਪਰਾਧ ਦੀ ਕਮਾਈ' ਹੋਣ ਦਾ ਸ਼ੱਕ ਹੈ। ਏਜੰਸੀ ਨੇ ਕਿਹਾ ਕਿ ਆਮਦਨ ਬਾਰੇ ਅਪਰਾਧ ਦੀ ਕਮਾਈ ਹੋਣ ਦਾ ਸ਼ੱਕ ਸੀ ਕਿਉਂਕਿ ਸਹੂਲਤ ਕਥਿਤ ਤੌਰ 'ਤੇ ਕਾਨੂੰਨੀ ਲਾਇਸੰਸ ਤੋਂ ਬਿਨਾਂ ਦਿੱਤੀ ਜਾ ਰਹੀ ਸੀ। ਕੇਂਦਰੀ ਜਾਂਚ ਏਜੰਸੀ ਨੇ 23 ਜਨਵਰੀ ਨੂੰ 'ਬਰਚ ਬਾਏ ਰੋਮੀਓ ਲੇਨ' ਕਲੱਬ ਅਤੇ ਉਸਦੇ ਪ੍ਰੋਮੋਟਰਾਂ, ਜਿਸ ਵਿਚ ਭਾਈ ਗੌਰਵ ਅਤੇ ਸੌਰਭ ਲੂਥਰਾ ਸ਼ਾਮਿਲ ਹਨ, ਦੇ ਵਿਰੁੱਧ ਗੋਆ, ਦਿੱਲੀ ਅਤੇ ਹਰਿਆਣਾ 'ਚ ਛਾਪੇ ਮਾਰੇ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਇੱਕ ਬਿਆਨ ਵਿੱਚ ਕਿਹਾ ਕਿ 'ਖੋਜਾਂ ਵਿੱਚ ਕਾਨੂੰਨੀ ਪਾਲਣਾ ਵਿੱਚ ਗੰਭੀਰ ਬੇਨਿਯਮੀਆਂ ਦਾ ਖੁਲਾਸਾ ਹੋਇਆ ਹੈ। ਈ.ਡੀ. ਨੇ ਕਿਹਾ ਕਿ ਛਾਪੇਮਾਰੀ ਦੌਰਾਨ, ਇਹ ਵੀ ਪਾਇਆ ਗਿਆ ਕਿ ਨਾਈਟ ਕਲੱਬ ਚਲਾਉਣ ਵਾਲੀ ਇਕਾਈ ਨੇ ਵਿੱਤੀ ਸਾਲਾਂ 2023-24 ਅਤੇ 2024-25 ਦੌਰਾਨ ਲਗਭਗ 22 ਕਰੋੜ ਰੁਪਏ ਦੀ ਆਮਦਨ ਪੈਦਾ ਕੀਤੀ।


Immigration Law Offices of Antone, Casagrande & Adwers, P.C.

GURVIR KAUR BHULLAR

IMMIGRATION ATTORNEY

(Fluent in English, ਪੰਜਾਬੀ, and हिंदी)

Contact details

(248) 406-4100 (Office)
(413) 216-0607 (Cell)
www.antone.com
gkb@antone.com
31555 W 14 Mile Rd, Suite 100 Farmington Hills, MI 48334

SERVING THE COMMUNITY WITH INTEGRITY AND CARE

- Work-based visas (H-1B, TN, E-2, L-1, O-1, etc.)
- Work-based green card (EB-1, EB-2, EB-3, PERM process, etc.)
- Family-based visas and green card
- Citizenship
- Change of status, waiver applications, consular visa services

*Since 1993, our firm has been assisting individuals, families, small businesses and multinational corporations with immigration matters. We assist clients anywhere in the U.S. and around the world.*

Independent Real Estate Broker

31 ਮਾਰਚ 2026 ਤੱਕ .75% ਕਮਿਸ਼ਨ 'ਤੇ ਆਪਣੀ ਜਾਇਦਾਦ ਨੂੰ ਸੂਚੀਬੱਧ ਕਰਨ ਲਈ ਵਿਸ਼ੇਸ਼ ਪੇਸ਼ਕਸ਼

Special offer to list your property at .75% commission until March 31, 2026

ਘਰ ਖਰੀਦਣ/ਵੇਚਣ ਲਈ ਤਸੱਲੀਬਖ਼ਸ਼ ਸੇਵਾਵਾਂ ਅਤੇ ਹੋਰ ਜਾਣਕਾਰੀ ਲਈ ਸੰਪਰਕ ਕਰੋ:

ਫੋਨ: 847-401-6552



ਭੁਪਿੰਦਰ ਸਿੰਘ ਭੱਜ

'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇੱਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


*ਨਵਾਂ ਤੇ ਵੱਡਾ ਮਹਾਨ ਕੋਸ਼*

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ।

ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

ਜਸਪ੍ਰੀਤ ਕੌਰ, ਫੋਨ: 224-422-4773



## ਕਾਰ ਹੋਲਰ ਕੰਪਨੀ ਲਈ ਡਰਾਈਵਰਾਂ ਦੀ ਲੋੜ ਹੈ

ਟੈਕਸਸ ਦੀ ਐਮ.ਡੀ.ਕੇ. ਟਰਾਂਸਪੋਰਟ ਕਾਰ ਹੋਲਰ ਕੰਪਨੀ ਲਈ
ਡਰਾਈਵਰਾਂ ਦੀ ਲੋੜ ਹੈ
*ਤਜਰਬਾ ਘੱਟੋ-ਘੱਟ 2 ਸਾਲ
* 75 ਸੈਂਟ ਪ੍ਰਤੀ ਮਾਈਲ ਤਨਖਾਹ ਦਿੱਤੀ ਜਾਵੇਗੀ
ਚਾਹਵਾਨ ਸੰਪਰਕ ਕਰਨ

ਫੋਨ: 945-227-4370
ਈ-ਮੇਲ: ਜਅਸਪਅਲ247@ਅਹੋਾਚੋਮ

## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ
ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**
***Good salary, free accommodation & Food. * Priority to Couples**

ਸੰਪਰਕ ਕਰੋ: ਗੁਰਇਕਬਾਲ ਸਿੰਘ
**Direct call or What's up call 615-482-5158**

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ
ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ
ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ
ਫੋਨ: 515-291-1961

## WEATHER XPERTS, INC.

ਹੀਟ ਅਤੇ ਏਅਰ ਕੰਡੀਸ਼ਨਰ ਲਗਵਾਉਣ ਅਤੇ ਠੀਕ
ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
* ਅਸੀਂ ਹੀਟ ਅਤੇ ਕੂਲਿੰਗ ਨਾਲ ਸਬੰਧਤ ਹਰ ਸਮੱਸਿਆ ਦਾ ਹੱਲ ਕਰਦੇ ਹਾਂ।
* ਵਧੀਆ ਸੇਵਾਵਾਂ ਲਈ ਮਸ਼ਹੂਰ
* ਪਿਛਲੇ ਵੀਹ ਸਾਲਾਂ ਤੋਂ ਕੁੱਕ ਅਤੇ ਲੇਕ ਕਾਊਂਟੀ ਵਿਚ ਸੇਵਾਵਾਂ ਦੇ ਰਹੇ ਹਾਂ।

**Call: BRIAN STREET** Owner/President
**847-255-2665**



## UMA TRAVELS

**2541 W. Devon Ave.,**
**Chicago, IL 60659**

**For Delhi Amritsar-Bombay Ahmedabad, Hydrabad-Madras**
**Call For Special Sale Fares**
**Call: 773-338-5603**


# Matrimonials

## ਲੜਕੇ ਦੀ ਲੋੜ ਹੈ

Jat Sikh Grewal family looking for a compatible match for their US born and raised sweet, homely MD working daughter, age 31, height 5' 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

## ਲੜਕੀ ਦੀ ਲੋੜ ਹੈ

Gursikh family in USA seeks Amritdhari (Keskidhari/ready to tie Keski), educated, vegetarian, family oriented girl for their Amritdhari son, 1987 born, 5'-11" tall, MS Degree holder from USA, working as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented. Preference to girls living in USA & CANADA. Marriage Bureau stay away. Please contact us at +1-510-558-5650 or +91-98993-79442 (whatsapp) or email at cjsingh55@gmail.com.

5-8

**ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-10" ਲੜਕਾ ਕੇਸ਼ਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਲੜਕੇ ਦਾ ਪੂਰਾ ਪਰਿਵਾਰ ਯੂ ਐਸ ਗ੍ਰੀਨ ਕਾਰਡ ਹੋਲਡਰ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈਮੇਲ gillco1977@gmail.com**

ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਾ ਰਹਿੰਦੇ 34 ਸਾਲਾ, 5'11" ਪੁੱਤਰ ਲਈ ਯੂ.ਐਸ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਹੈ। ਪਿਤਾ ਭਾਰਤ ਵਿਚ ਸਰਕਾਰੀ ਨੌਕਰੀ ਤੋਂ ਰਿਟਾਇਰਡ ਹੋਏ ਹਨ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-610-7391 (ਫੁੱਫੜ), 510-620-4170 (ਭਰਾ), ਪਿਤਾ +91-98783-42510 (ਭਾਰਤ)।

4-11

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Jat/Sikh Family looking for a suitable match for threir U.S. Citizen 1994 born, Height 5' 10" son. He has done Bachelor's Degree in Information Systems and working as an IT analyst. We prefer a well educated girl lives in the US or Canada with good values, loving, and caring. Contact us at: 240-702-4375

51-3

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
*847-359-0746*
*To Advertise In Punjab Times*
*Call: 847-359-0746*

# ਜੈਸ਼ੰਕਰ ਨੇ ਅਮਰੀਕੀ ਵਫ਼ਦ ਨਾਲ ਹਿੰਦ-ਪ੍ਰਸ਼ਾਂਤ ਖੇਤਰ ਬਾਰੇ ਕੀਤੀ ਚਰਚਾ

**ਨਵੀਂ ਦਿੱਲੀ:**ਭਾਰਤ ਤੇ ਅਮਰੀਕਾ ਵਿਚਾਲੇ ਕੂਟਨੀਤਕ ਪੱਧਰ 'ਤੇ ਜਾਰੀ ਤਣਾਅ ਦੇ ਦੌਰ 'ਚ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਤਿੰਨ ਮੈਂਬਰੀ ਅਮਰੀਕੀ ਸੰਸਦੀ ਵਫ਼ਦ ਨਾਲ ਦੁਵੱਲੇ ਸਬੰਧਾਂ ਦੇ ਵੱਖ ਵੱਖ ਪੱਖਾਂ 'ਤੇ ਚਰਚਾ ਕੀਤੀ, ਜਿਸ ਵਿਚ ਵਪਾਰ ਤੇ ਸੁਰੱਖਿਆ ਦੇ ਮੁੱਦੇ ਅਹਿਮ ਰਹੇ ਹਨ। ਇਸ ਤੋਂ ਇਲਾਵਾ, ਹਿੰਦ-ਪ੍ਰਸ਼ਾਂਤ ਖੇਤਰ ਤੇ ਯੂਕਰੇਨ 'ਚ ਚੱਲ ਰਹੇ ਸੰਘਰਸ਼ ਦੇ ਕਈ ਪੱਖਾਂ 'ਤੇ ਵਿਸਥਾਰਤ ਚਰਚਾ ਕੀਤੀ। ਉਨ੍ਹਾਂ ਇਸ ਗੱਲਬਾਤ ਨੂੰ ਭਾਰਤ ਤੇ ਅਮਰੀਕਾ ਵਿਚਾਲੇ ਸਬੰਧਾਂ ਦਾ ਇਕ ਅਹਿਮ ਪੱਖ ਦੱਸਿਆ।



ਵਿਦੇਸ਼ ਮੰਤਰੀ ਜੈਸ਼ੰਕਰ ਨਾਲ ਮੀਟਿੰਗ 'ਚ ਹਾਜ਼ਰ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਕਿਹਾ ਕਿ ਗੱਲਬਾਤ 'ਫਲਦਾਇਕ ਰਹੀ ਤੇ ਇਸਦਾ ਧਿਆਨ ਸੁਰੱਖਿਆ, ਵਪਾਰ ਤੇ ਅਹਿਮ ਤਕਨੀਕਾਂ ਦੇ ਖੇਤਰਾਂ 'ਚ ਦੁਵੱਲੀ ਭਾਈਵਾਲੀ ਨੂੰ ਮਜ਼ਬੂਤ ਕਰਨ 'ਤੇ ਸੀ। ਵਿਦੇਸ਼ ਮੰਤਰੀ ਜੈਸ਼ੰਕਰ ਨੇ ਇਕ ਪੋਸਟ ਸਾਂਝੀ ਕੀਤੀ ਕਿ ਉਨ੍ਹਾਂ ਅਲਬਾਮਾ ਦੇ ਪ੍ਰਤੀਨਿਧੀ ਮਾਈਕ ਰੋਜਰਸ, ਵਾਸ਼ਿੰਗਟਨ ਦੇ ਐਡਮ ਸਮਿਥ ਤੇ ਫਲੋਰਿਡਾ ਦੇ ਜਿਮੀ ਪੈਟ੍ਰੋਨਿਸ ਨਾਲ ਗੱਲਬਾਤ ਕੀਤੀ। ਨਾਲ ਹੀ ਭਾਰਤ 'ਚ ਅਮਰੀਕੀ ਰਾਜਦੂਤ ਸਰਜੀਓ ਗੋਰ ਨਾਲ ਵੀ ਚਰਚਾ ਕੀਤੀ।

ਰਾਜਦੂਤ ਗੋਰ ਨੇ ਮੀਟਿੰਗ ਨੂੰ ਫਲਦਾਇਕ ਦੱਸਿਆ ਤੇ ਕਿਹਾ ਕਿ ਇਹ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਸੁਰੱਖਿਆ, ਵਿਸਥਾਰਤ ਵਪਾਰ ਤੇ ਅਹਿਮ ਤਕਨੀਕਾਂ 'ਤੇ ਸਹਿਯੋਗ ਲਈ ਹੱਲਾਸ਼ੇਰੀ ਦੇਵੇਗਾ। ਇਹ ਮੀਟਿੰਗ ਨਵੀਂ ਦਿੱਲੀ ਤੇ ਵਾਸ਼ਿੰਗਟਨ ਵਿਚਾਲੇ ਉੱਚ ਪੱਧਰੀ ਗੱਲਬਾਤ ਦੀ ਇਕ ਲੜੀ ਵਿਚਾਲੇ ਹੋਏ ਨੇ।

ਦਿੱਲੀ 'ਚ ਹਫ਼ਤਾਵਾਰੀ ਮੀਡੀਆ ਬ੍ਰੀਫਿੰਗ ਦੌਰਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ, 'ਇਹ ਗੱਲਬਾਤ 13 ਜਨਵਰੀ ਨੂੰ ਹੋਈ। ਇਹ ਦੋਵਾਂ ਨੇਤਾਵਾਂ ਵਿਚ ਪਹਿਲੀ ਗੱਲਬਾਤ ਸੀ। ਉਨ੍ਹਾਂ ਵਪਾਰ, ਅਹਿਮ ਖਣਿਜਾਂ, ਰੱਖਿਆ, ਨਾਗਰਿਕ ਪਰਮਾਣੂ ਸਹਿਯੋਗ ਤੇ ਊਰਜਾ ਸਮੇਤ ਕਈ ਦੁਵੱਲੇ ਮੁੱਦਿਆਂ 'ਤੇ ਚਰਚਾ ਕੀਤੀ। ਉਨ੍ਹਾਂ ਖੇਤਰੀ ਵਿਕਾਸ 'ਤੇ ਵੀ ਆਪਣੇ ਨਜ਼ਰੀਏ ਦਾ ਆਦਾਨ-ਪ੍ਰਦਾਨ ਕੀਤਾ।

# ਸਰਹਿੰਦ ਰੇਲ ਧਮਾਕਾ- ਐੱਨ.ਐੱਸ.ਜੀ. ਅਤੇ ਐੱਨ.ਆਈ.ਏ. ਨੇ ਲਏ ਸੈਂਪਲ

**ਫ਼ਤਹਿਗੜ੍ਹ ਸਾਹਿਬ:**ਸਰਹਿੰਦ ਨੇੜੇ ਡੈਡੀਕੇਟਿਡ ਫ੍ਰੇਟ ਕਾਰੀਡੋਰ 'ਤੇ ਗਣਤੰਤਰ ਦਿਵਸ ਤੋਂ ਦੋ ਦਿਨ ਪਹਿਲਾਂ ਹੋਏ ਧਮਾਕੇ ਦੀ ਜਾਂਚ ਵਿਚ ਰਾਸ਼ਟਰੀ ਸੁਰੱਖਿਆ ਗਰੁੱਪ (ਐੱਨਐੱਸਜੀ) ਅਤੇ ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਵੀ ਲੱਗ ਗਈਆਂ ਹਨ। ਦੋਵਾਂ ਟੀਮਾਂ ਨੇ ਘਟਨਾ ਸਥਾਨ 'ਤੇ ਪੁੱਜ ਕੇ ਤਿੰਨ ਥਾਵਾਂ ਤੋਂ ਸੈਂਪਲ ਲਏ। ਇਨ੍ਹਾਂ ਸੈਂਪਲਾਂ ਦੀ ਦੋਵਾਂ ਵੱਲੋਂ ਵੱਖ-ਵੱਖ ਜਾਂਚ ਕੀਤੀ ਜਾਵੇਗੀ। ਉੱਧਰ, ਇਸ ਮਾਮਲੇ ਵਿਚ ਜੀਆਰਪੀ ਤੇ ਪੰਜਾਬ ਪੁਲਿਸ ਨੇ ਦੋ ਵੱਖ-ਵੱਖ ਕੇਸ ਦਰਜ ਕੀਤੇ ਹਨ। ਦਿੱਲੀ ਤੋਂ ਐੱਨ.ਐੱਸ.ਜੀ. ਦੀ ਬੰਬ ਡਿਸਪੋਜ਼ਲ ਯੂਨਿਟ ਦੀ ਟੀਮ ਮੌਕੇ 'ਤੇ ਪੁੱਜੀ। ਟੀਮ ਨੇ ਰੇਲ ਲਾਈਨ ਅਤੇ ਆਲੇ-ਦੁਆਲੇ ਦੀ ਜਾਂਚ ਕੀਤੀ। ਜਾਂਚ ਦੌਰਾਨ ਟੀਮ ਨੂੰ ਰੇਲ ਲਾਈਨ ਤੇ ਉਸ ਦੇ ਆਲੇ-ਦੁਆਲੇ ਕੋਈ ਹੋਰ ਸ਼ੱਕੀ ਚੀਜ਼ ਨਹੀਂ ਮਿਲੀ। ਇਸੇ ਤਰ੍ਹਾਂ, ਐੱਨਆਈਏ ਦੀ ਟੀਮ ਨੇ ਵੀ ਘਟਨਾ ਸਥਾਨ ਦਾ ਮੁਆਇਨਾ ਕੀਤਾ। ਦੋਵਾਂ ਟੀਮਾਂ ਨੇ ਨਿਊ ਸਰਹਿੰਦ ਵਿਚ ਖੜ੍ਹੇ ਖ਼ਰਾਬ ਇੰਜਣ ਦੀ ਵੀ ਜਾਂਚ ਕੀਤੀ। ਦੋਵਾਂ ਟੀਮਾਂ ਨੇ ਮੌਕੇ ਤੋਂ ਕੁਝ ਸੈਂਪਲ ਜਾਂਚ ਲਈ ਕਬਜ਼ੇ ਵਿਚ ਲਏ ਹਨ।



ਇਨ੍ਹਾਂ ਦੀ ਵੱਖ-ਵੱਖ ਜਾਂਚ ਕਰ ਕੇ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਆਖਰ ਧਮਾਕੇ ਵਿਚ ਕਿਸ ਧਮਾਕਾਖੇਜ਼ ਸਮੱਗਰੀ ਦੀ ਵਰਤੋਂ ਕੀਤੀ ਗਈ ਸੀ। ਖ਼ਾਸ ਗੱਲ ਇਹ ਹੈ ਕਿ ਪੰਜਾਬ ਪੁਲਿਸ ਤੇ ਜੀਆਰਪੀ ਵੱਲੋਂ ਵੀ ਇੱਥੋਂ ਸੈਂਪਲ ਲੈ ਕੇ ਜਾਂਚ ਲਈ ਚੰਡੀਗੜ੍ਹ ਸਥਿਤ ਸੈਂਟਰਲ ਫੋਰੈਂਸਿਕ ਸਾਇੰਸ ਲੈਬ (ਸੀਐੱਫਐੱਸਐੱਲ) ਅਤੇ ਮੋਹਾਲੀ ਸਥਿਤ ਸਟੇਟ ਫੋਰੈਂਸਿਕ ਲੈਬ ( ਐੱਸ.ਐੱਫ.ਐੱਲ.) ਭੇਜੇ ਗਏ ਹਨ। ਪੁਲਿਸ ਅਧਿਕਾਰੀਆਂ ਮੁਤਾਬਕ, ਫੋਰੈਂਸਿਕ ਰਿਪੋਰਟ ਤੋਂ ਇਹ ਪਤਾ ਲੱਗੇਗਾ ਕਿ ਧਮਾਕਾ ਕਿਸ ਪੱਧਰ ਦਾ ਸੀ। ਇਹੀ ਨਹੀਂ, ਅਪਰਾਧ ਦੀ ਗੰਭੀਰਤਾ ਦੇ ਆਧਾਰ 'ਤੇ ਹੀ ਤੈਅ ਹੋਵੇਗਾ ਕਿ ਜਾਂਚ ਕੇਂਦਰੀ ਏਜੰਸੀਆਂ ਨੂੰ ਟਰਾਂਸਫਰ ਕੀਤੀ ਜਾਵੇਗੀ ਜਾਂ ਨਹੀਂ।ਸ਼ਨਿਚਰਵਾਰ ਨੂੰ ਥਾਣਾ ਜੀਆਰਪੀ ਸਰਹਿੰਦ ਵਿਚ ਇਕ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਨਿਊ ਸਰਹਿੰਦ ਦੇ ਸਟੇਸ਼ਨ ਮਾਸਟਰ ਦੇ ਉਸ ਮੀਮੋ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ ਜਿਸ ਵਿਚ ਧਮਾਕੇ ਦੀ ਮੁੱਢਲੀ ਜਾਣਕਾਰੀ ਰੇਲਵੇ ਪੁਲਿਸ ਨੂੰ ਦਿੱਤੀ ਗਈ ਸੀ। ਥਾਣਾ ਜੀਆਰਪੀ ਦੇ ਇੰਚਾਰਜ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਰੇਲਵੇ ਐਕਟ ਦੀ ਧਾਰਾ 150 ਤਹਿਤ ਅਣਪਛਾਤੇ ਲੋਕਾਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਰੇਲਵੇ ਐਕਟ ਦੀ ਧਾਰਾ 150 ਤਹਿਤ ਰੇਲ ਲਾਈਨ ਨੂੰ ਜਾਣਬੁੱਝ ਕੇ ਨੁਕਸਾਨ ਪਹੁੰਚਾਉਣ ਦੇ ਅਪਰਾਧ ਤਹਿਤ ਕੇਸ ਦਰਜ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਇਕ ਕੇਸ ਥਾਣਾ ਫ਼ਤਹਿਗੜ੍ਹ ਸਾਹਿਬ ਵਿਚ ਵੀ ਅਣਪਛਾਤੇ ਲੋਕਾਂ ਖ਼ਿਲਾਫ਼ ਦਰਜ ਕੀਤਾ ਗਿਆ ਹੈ।

## ਇਹ ਹੈ ਮਾਮਲਾ

ਸ਼ੁੱਕਰਵਾਰ ਰਾਤ 9:50 ਵਜੇ ਪਿੰਡ ਖਾਨਪੁਰ ਨੇੜੇ ਫ੍ਰੇਟ ਕਾਰੀਡੋਰ ਰੇਲ ਲਾਈਨ 'ਤੇ ਹੋਏ ਧਮਾਕੇ ਦੀ ਲਪੇਟ ਵਿਚ ਮੰਡੀ ਗੋਬਿੰਦਗੜ੍ਹ 'ਚ ਕੋਲਾ ਲਾਹ ਕੇ ਪਰਤ ਰਹੀ ਮਾਲਗੱਡੀ ਆ ਗਈ ਸੀ। ਇਸ ਨਾਲ ਉਸ ਦਾ ਇੰਜਣ ਅਤੇ ਰੇਲ ਲਾਈਨ ਖ਼ਰਾਬ ਹੋ ਗਏ ਸਨ। ਹਾਦਸੇ ਵਿਚ ਇੰਜਣ ਦੇ ਸ਼ੀਸ਼ੇ ਟੁੱਟਣ ਕਾਰਨ ਉਸ ਵਿਚ ਸਵਾਰ ਸੁਰੱਖਿਆ ਅਧਿਕਾਰੀ ਅਨਿਲ ਸ਼ਰਮਾ ਜ਼ਖ਼ਮੀ ਹੋ ਗਏ ਸਨ ਜਦਕਿ ਲੋਕੋ ਪਾਇਲਟ ਅਤੇ ਸਹਾਇਕ ਪਾਇਲਟ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ।

# ਇਕ ਵਾਰ ਫਿਰ ਰਾਜਨੀਤੀ ਦੀ ਭੇਟ ਚੜ੍ਹਿਆ ਉਪ-ਮਹਾਂਦੀਪ ਦਾ ਕ੍ਰਿਕਟ

**ਨਵੀਂ ਦਿੱਲੀ:**ਬੰਗਲਾਦੇਸ਼ ਦੇ ਟੀ-20 ਵਿਸ਼ਵ ਕੱਪ ਤੋਂ ਬਾਹਰ ਹੋਣ ਕਾਰਨ ਭਾਰਤੀ ਉਪ-ਮਹਾਂਦੀਪ 'ਚ ਕ੍ਰਿਕਟ ਇਕ ਵਾਰ ਫਿਰ ਭੂ-ਰਾਜਨੀਤੀ ਦਾ ਸ਼ਿਕਾਰ ਹੋ ਗਿਆ ਹੈ। ਬੰਗਲਾਦੇਸ਼ ਕ੍ਰਿਕਟ ਬੋਰਡ (ਬੀ.ਸੀ.ਬੀ.) ਤੇ ਬੰਗਲਾਦੇਸ਼ੀ ਖਿਡਾਰੀ ਇਸ ਗਲੋਬਲ ਟੂਰਨਾਮੈਂਟ 'ਚ ਹਿੱਸਾ ਲੈਣਾ ਚਾਹੁੰਦੇ ਸਨ, ਪਰ ਸਰਕਾਰੀ ਪ੍ਰਵਾਨਗੀ ਦੀ ਘਾਟ ਕਾਰਨ ਉਨ੍ਹਾਂ ਨੂੰ ਨੁਕਸਾਨ ਝੱਲਣਾ ਪਿਆ। ਦੂਜੇ ਪਾਸੇ ਪਾਕਿਸਤਾਨ ਨੇ ਪਿੱਛੇ ਹਟਣ ਦੀ ਧਮਕੀ ਦਿੱਤੀ, ਪਰ ਪਾਕਿਸਤਾਨ ਕ੍ਰਿਕਟ ਬੋਰਡ (ਪੀ.ਸੀ.ਬੀ.) ਨੇ ਆਪਣੀ ਟੀਮ ਦਾ ਐਲਾਨ ਕਰਦੇ ਹੋਏ ਸਪੱਸ਼ਟ ਕੀਤਾ ਕਿ ਉਹ ਟੂਰਨਾਮੈਂਟ 'ਚ ਹਿੱਸਾ ਲਵੇਗਾ।ਸਾਬਕਾ ਆਫ- ਸਪਿੰਨਰ ਹਰਭਜਨ ਸਿੰਘ ਨੇ ਕਿਹਾ ਕਿ ਪਾਕਿਸਤਾਨ ਚਿੱਕੜ ਵਾਲੇ ਪਾਣੀ 'ਚ ਮੱਛੀਆਂ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਦੋ-ਬਨਾਮ-ਇਕ ਮੈਚ (ਪਾਕਿਸਤਾਨ ਅਤੇ ਬੰਗਲਾਦੇਸ਼ ਬਨਾਮ ਭਾਰਤ) ਖੇਡਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਪਹਿਲਾਂ ਹੀ ਸ੍ਰੀਲੰਕਾ 'ਚ ਖੇਡ ਰਿਹਾ ਸੀ, ਇਸ ਲਈ ਇਸ ਮਾਮਲੇ 'ਚ ਦਖ਼ਲ ਦੇਣ ਦੀ ਕੋਈ ਲੋੜ ਨਹੀਂ ਸੀ। ਅੰਤ 'ਚ ਬੰਗਲਾਦੇਸ਼ ਕ੍ਰਿਕਟ ਟੀਮ ਤੇ ਇਸ ਦੇ ਖਿਡਾਰੀਆਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਵਿਸ਼ਵ ਕੱਪ 'ਚ ਹਿੱਸਾ ਨਾ ਲੈ ਸਕਣ ਵਾਲੇ ਖਿਡਾਰੀਆਂ ਦਾ ਨੁਕਸਾਨ ਮਹੱਤਵਪੂਰਨ ਹੈ।




ਬੰਗਲਾਦੇਸ਼ ਨੂੰ ਪਹਿਲਾਂ ਨਿਰਪੱਖ ਮੰਨਿਆ ਜਾਂਦਾ ਸੀ, ਪਰ ਹੁਣ ਇਹ ਸਥਿਤੀ ਬਦਲ ਗਈ ਹੈ। ਇਹ ਦਰਸਾਉਂਦਾ ਹੈ ਕਿ ਭਾਰਤੀ ਉਪ ਮਹਾਂਦੀਪ 'ਚ ਕ੍ਰਿਕਟ ਹੁਣ ਕੂਟਨੀਤਕ ਗਤੀਸ਼ੀਲਤਾ ਨਾਲ ਕਿੰਨੀ ਡੂੰਘਾਈ ਨਾਲ ਜੁੜਿਆ ਹੋਇਆ ਹੈ। ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਢਾਕਾ ਭੱਜਣ ਤੋਂ ਬਾਅਦ ਭਾਰਤ ਤੇ ਬੰਗਲਾਦੇਸ਼ ਦੇ ਸਬੰਧ ਤਣਾਅਪੂਰਨ ਹੋ ਗਏ ਹਨ। ਇਸ ਦੇ ਨਤੀਜੇ ਵਜੋਂ ਬੰਗਲਾਦੇਸ਼ 'ਚ ਭਾਰਤ ਵਿਰੋਧੀ ਭਾਵਨਾ 'ਚ ਵਾਧਾ ਹੋਇਆ ਹੈ ਤੇ ਕਈ ਬੰਗਲਾਦੇਸ਼ੀ ਹਿੰਦੂਆਂ ਦੀ ਹੱਤਿਆ ਹੋਈ ਹੈ।

ਕ੍ਰਿਕਟ 'ਚ ਤਣਾਅ ਦੇ ਸੰਕੇਤ ਉਦੋਂ ਉਭਰ ਕੇ ਸਾਹਮਣੇ ਆਏ ਜਦੋਂ ਮੁਸਤਫਿਜ਼ੁਰ ਰਹਿਮਾਨ ਨੂੰ ਬੰਗਲਾਦੇਸ਼ 'ਚ ਹਿੰਦੂਆਂ ਦੀਆਂ ਹੱਤਿਆਵਾਂ ਦਾ ਵਿਰੋਧ ਕਰਨ ਲਈ ਆਈ.ਪੀ.ਐੱਲ 'ਚੋਂ ਕੱਢ ਦਿੱਤਾ ਗਿਆ। ਬੀਸੀਬੀ ਨੇ ਇਸ ਨੂੰ ਇਕ ਵੱਕਾਰ ਦਾ ਮੁੱਦਾ ਬਣਾਇਆ ਤੇ ਰਹਿਮਾਨ ਨੂੰ ਲੀਗ 'ਚੋਂ ਬਾਹਰ ਕਰਨ ਦਾ ਕਾਰਨ ਸਮਝਣ 'ਚ ਅਸਫਲ ਰਿਹਾ। ਭਾਰਤ 'ਚ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ, ਇਸ ਨੇ ਮੰਗ ਕੀਤੀ ਕਿ ਇਸਦੇ ਵਿਸ਼ਵ ਕੱਪ ਮੈਚ ਸ੍ਰੀਲੰਕਾ 'ਚ ਤਬਦੀਲ ਕੀਤੇ ਜਾਣ, ਜਿਸ ਦੀ ਮੰਗ ਆਈ.ਸੀ.ਸੀ. ਨੇ ਰੱਦ ਕਰ ਦਿੱਤੀ। ਹਰਭਜਨ ਨੇ ਕਿਹਾ ਕਿ ਇਹ ਬੀਸੀਬੀ ਲਈ ਹੰਕਾਰ ਦਾ ਮਾਮਲਾ ਬਣ ਗਿਆ, ਜਿਸ ਨੇ ਹੱਲ ਲੱਭਣ ਦੀ ਬਜਾਏ ਹਮਲਾਵਰ ਰਣਨੀਤੀ ਅਪਣਾਈ। ਹਰਭਜਨ ਨੇ ਇਹ ਵੀ ਕਿਹਾ ਕਿ ਬੰਗਲਾਦੇਸ਼ ਦੀ ਟੀਮ ਕੋਲ ਭਾਰਤੀ ਪਿੱਚਾਂ 'ਤੇ ਚੰਗਾ ਪ੍ਰਦਰਸ਼ਨ ਕਰਨ ਦਾ ਬਿਹਤਰ ਮੌਕਾ ਸੀ। ਜੇਕਰ ਟੀ-20 ਵਿਸ਼ਵ ਕੱਪ ਇੰਗਲੈਂਡ ਜਾਂ ਆਸਟ੍ਰੇਲੀਆ 'ਚ ਆਯੋਜਿਤ ਕੀਤਾ ਜਾਂਦਾ, ਤਾਂ ਉਨ੍ਹਾਂ ਦੇ ਜਿੱਤਣ ਦੇ ਮੌਕੇ ਘੱਟ ਹੁੰਦੇ। ਹਾਲਾਂਕਿ ਇੱਥੇ ਉਹ ਦੂਜੇ ਦੌਰ 'ਚ ਪਹੁੰਚ ਸਕਦੇ ਸਨ। ਇਸ ਲਈ, ਇਸ ਸਥਿਤੀ 'ਚ ਬੰਗਲਾਦੇਸ਼ ਹੀ ਨੁਕਸਾਨ 'ਚ ਹੈ। ਵਰਤਮਾਨ 'ਚ ਜਦੋਂ ਭਾਰਤ ਤੇ ਪਾਕਿਸਤਾਨ ਆਈਸੀਸੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਦੇ ਹਨ, ਤਾਂ ਉਹ ਇਕ ਦੂਜੇ ਦੇ ਦੇਸ਼ ਦੀ ਬਜਾਏ ਇਕ ਨਿਰਪੱਖ ਸਥਾਨ 'ਤੇ ਖੇਡਦੇ ਹਨ।

# ਪ੍ਰਦੂਸ਼ਣ ਕਾਰਨ ਲੋਕ ਸਿਹਤ ਦੀ ਚੁਕਾ ਰਹੇ ਨੇ ਕੀਮਤ: ਰਾਹੁਲ

**ਨਵੀਂ ਦਿੱਲੀ:**ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਲੋਕ ਹਵਾ ਪ੍ਰਦੂਸ਼ਣ ਦੀ ਭਾਰੀ ਕੀਮਤ ਆਪਣੀ ਸਿਹਤ ਨਾਲ ਚੁਕਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਆਪਣੇ ਤਜਰਬੇ ਸਾਂਝੇ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਇਸ ਮੁੱਦੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਜਾਂ ਅਗਲੀਆਂ ਸਰਦੀਆਂ ਤੱਕ ਨਹੀਂ ਟਾਲਿਆ ਜਾ ਸਕਦਾ।



'ਐਕਸ' 'ਤੇ ਪੋਸਟ 'ਚ ਰਾਹੁਲ ਨੇ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਲਾਂਚ ਕੀਤੇ ਗਏ ਆਨਲਾਈਨ ਪਲੇਟਫਾਰਮ 'ਆਵਾਜ਼ ਭਾਰਤ ਦੀ' 'ਤੇ ਆਪਣੀਆਂ ਚਿੰਤਾਵਾਂ ਦੱਸਣ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਹਵਾ ਪ੍ਰਦੂਸ਼ਣ ਦੀ ਭਾਰੀ ਕੀਮਤ ਅਦਾ ਕਰ ਰਹੇ ਹਾਂ- ਆਪਣੀ ਸਿਹਤ ਤੇ ਆਪਣੇ ਅਰਥਚਾਰੇ ਨਾਲ। ਕਰੋੜਾਂ ਆਮ ਭਾਰਤੀ ਹਰ ਦਿਨ ਇਹ ਬੋਝ ਝੱਲਦੇ ਹਨ। ਬੱਚੇ ਤੇ ਬਜ਼ੁਰਗ ਸਭ ਤੋਂ ਵੱਧ ਪਰੇਸ਼ਾਨ ਹਨ। ਰੋਜ਼ੀ-ਰੋਟੀ, ਖ਼ਾਸ ਕਰਕੇ ਨਿਰਮਾਣ ਮਜ਼ਦੂਰ ਤੇ ਦਿਹਾੜੀ ਮਜ਼ਦੂਰਾਂ ਦੀ ਜ਼ਿੰਦਗੀ 'ਤੇ ਬਹੁਤ ਮਾੜਾ ਅਸਰ ਪਿਆ ਹੈ। ਇਸ ਮੁਸ਼ਕਲ ਨੂੰ ਅਗਲੀਆਂ ਸਰਦੀਆਂ ਤੱਕ ਨਹੀਂ ਭੁਲਾਇਆ ਜਾ ਸਕਦਾ। ਬਦਲਾਅ ਵੱਲ ਪਹਿਲਾ ਕਦਮ ਹੈ ਆਪਣੀ ਆਵਾਜ਼ ਚੁੱਕਣਾ। ਹਵਾ ਪ੍ਰਦੂਸ਼ਣ ਨੇ ਤੁਹਾਨੂੰ ਜਾਂ ਤੁਹਾਡੇ ਆਪਣਿਆਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ, ਆਪਣੀ ਕਹਾਣੀ ਸਾਂਝੀ ਕਰੋ।

# ਕੈਨੇਡਾ ਦੇ ਚੱਕਰ 'ਚ ਪਤਨੀ ਹੱਥੋਂ ਠੱਗਿਆ ਗਿਆ ਨੌਜਵਾਨ

**ਅੰਮ੍ਰਿਤਸਰ:**ਵਿਦੇਸ਼ ਵਿਚ ਸੈਟਲ ਹੋਣ ਦੀ ਚਾਹਤ ਵਿਚ ਇਕ ਲੜਕੀ ਨੇ ਇਕ ਨੌਜਵਾਨ ਜੋ ਕਿ ਕਿਸਾਨੀ ਕਿੱਤੇ ਨਾਲ ਜੁੜਿਆ ਹੋਇਆ ਹੈ, ਨੂੰ 63 ਲੱਖ ਰੁਪਏ ਦਾ ਚੂਨਾ ਲਗਾ ਦਿੱਤਾ। ਦੋਵੇਂ ਕੈਨੇਡਾ ਵੀ ਪਹੁੰਚ ਗਏ ਪਰ ਉਥੇ ਲੜਕੀ ਨੇ ਪਤੀ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਜਿਸ ਤੋਂ ਬਾਅਦ ਪਤੀ ਨੂੰ ਡਿਪੋਰਟ ਕਰ ਦਿੱਤਾ ਗਿਆ। ਹੁਣ ਲੜਕੀ ਨੇ ਨੌਜਵਾਨ ਨਾਲ ਗੱਲਬਾਤ ਕਰਨੀ ਵੀ ਬੰਦ ਕਰ ਦਿੱਤੀ ਹੈ। ਪਤਨੀ ਹੱਥੋਂ ਠੱਗਿਆ ਗਿਆ ਕਿਸਾਨ ਹੁਣ ਪੁਲਿਸ ਥਾਣਿਆਂ ਵਿਚ ਚੱਕਰ ਕੱਟਣ ਲਈ ਮਜਬੂਰ ਹੈ।


ਭੋਮਾ ਪਿੰਡ ਦੇ ਵਸਨੀਕ ਅੰਮ੍ਰਿਤਪਾਲ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਬਟਾਲਾ ਦੇ ਘਣੀਏ ਕੇ ਬਾਂਗਰ ਪਿੰਡ ਦੀ ਵਸਨੀਕ ਆਂਚਲਪ੍ਰੀਤ ਕੌਰ, ਉਸ ਦੇ ਪਿਤਾ ਸਰਬਜੀਤ ਸਿੰਘ, ਭਰਾ ਅਜੈਪਾਲ ਸਿੰਘ ਅਤੇ ਮਾਂ ਕੰਵਲਜੀਤ ਕੌਰ ਵਿਰੁੱਧ ਧੋਖਾਧੜੀ ਅਤੇ ਸਾਜ਼ਿਸ਼ ਦਾ ਦੋਸ਼ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਏਐੱਸਆਈ ਹਰਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ



ਰਹੀ ਹੈ ਅਤੇ ਔਰਤ ਵਿਰੁੱਧ ਐੱਲਓਸੀ ਜਾਰੀ ਕੀਤੀ ਜਾਵੇਗੀ। ਅੰਮ੍ਰਿਤਪਾਲ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਂਚਲ ਨਾਲ 12 ਮਈ 2021 ਨੂੰ ਵਿਆਹ ਕੀਤਾ ਸੀ। ਉਹ ਪੇਸ਼ੇ ਤੋਂ ਕਿਸਾਨ ਹੈ ਅਤੇ ਉਸ ਨੇ ਬੀਏ ਦੀ ਪੜ੍ਹਾਈ ਕੀਤੀ ਹੈ। ਆਂਚਲਪ੍ਰੀਤ ਵਿਦੇਸ਼ ਵਿਚ ਸੈਟਲ ਹੋਣਾ ਚਾਹੁੰਦੀ ਸੀ ਅਤੇ ਉਸ ਨੂੰ ਆਪਣੇ ਨਾਲ ਲੈ ਜਾਣ ਬਾਰੇ ਗੱਲ ਕਰਨ ਲੱਗ ਪਈ। ਉਹ ਉਸ ਦੀਆਂ ਗੱਲਾਂ ਵਿਚ ਫਸ ਗਿਆ। ਆਂਚਲ ਨੇ ਆਪਣੀ 12ਵੀਂ ਜਮਾਤ ਪੂਰੀ ਕਰ ਲਈ ਸੀ। ਦੋਵਾਂ ਪਰਿਵਾਰਾਂ ਨੇ ਉਨ੍ਹਾਂ ਦਾ ਵਿਆਹ ਕਰਵਾਇਆ। ਵਿਆਹ ਤੋਂ ਬਾਅਦ ਉਸ ਨੇ ਆਪਣੀ ਪਤਨੀ ਨੂੰ ਆਈਲੈਟਸ ਕਰਵਾਇਆ ਅਤੇ ਕੈਨੇਡਾ ਜਾਣ 'ਤੇ 63 ਲੱਖ ਰੁਪਏ ਖ਼ਰਚ ਕੀਤੇ ਤੇ ਦੋਵੇਂ ਕੈਨੇਡਾ ਚਲੇ ਗਏ। ਉਸ ਦੀ ਪਤਨੀ ਨੇ ਬਿਨਾਂ ਕਿਸੇ ਕਾਰਨ ਦੇ ਉਸ ਦੇ ਖ਼ਿਲਾਫ਼ ਪੁਲਿਸ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ। ਉਸ ਨੂੰ ਬੇਇੱਜ਼ਤ ਕੀਤਾ ਗਿਆ ਅਤੇ ਵਾਪਸ ਭੇਜ ਦਿੱਤਾ ਗਿਆ। ਹੁਣ ਆਂਚਲ ਨੇ ਉਸ ਦੇ ਫ਼ੋਨ ' ਚੁੱਕਣੇ ਵੀ ਬੰਦ ਕਰ ਦਿੱਤੇ ਹਨ।

# ਬੀ.ਸੀ.ਸੀ.ਆਈ. ਦੇ ਸਾਬਕਾ ਪ੍ਰਧਾਨ ਬਿੰਦਰਾ ਦਾ ਦੇਹਾਂਤ

**ਨਵੀਂ ਦਿੱਲੀ:** ਬੀ.ਸੀ.ਸੀ.ਆਈ. ਦੇ ਸਾਬਕਾ ਪ੍ਰਧਾਨ ਤੇ ਭਾਰਤੀ ਕ੍ਰਿਕਟ ਪ੍ਰਸ਼ਾਸਨ ਦੇ ਦਿੱਗਜ ਇੰਦਰਜੀਤ ਸਿੰਘ ਬਿੰਦਰਾ ਦਾ ਐਤਵਾਰ ਨੂੰ ਦੇਹਾਂਤ ਹੋ ਗਿਆ। ਉਹ 84 ਸਾਲਾਂ ਦੇ ਸਨ। ਉਨ੍ਹਾਂ ਦੇ ਪਰਿਵਾਰ ਵਿਚ ਇਕ ਪੁੱਤਰ ਤੇ ਇਕ ਪੁੱਤਰੀ ਹਨ। ਬਿੰਦਰਾ ਨੇ 1993 ਤੋਂ 1996 ਤੱਕ ਬੀਸੀਸੀਆਈ ਦੇ ਪ੍ਰਧਾਨ ਵਜੋਂ ਕੰਮ ਕੀਤਾ। ਇਸ ਤੋਂ ਇਲਾਵਾ ਉਹ 1978 ਤੋਂ 2014 ਤੱਕ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀਸੀਏ) ਦੇ ਪ੍ਰਧਾਨ ਰਹੇ। ਕ੍ਰਿਕਟ ਪ੍ਰਸ਼ਾਸਨ ਵਿਚ ਉਨ੍ਹਾਂ ਦੇ ਅਹਿਮ ਯੋਗਦਾਨ ਦੇ ਸਨਮਾਨ ਵਿਚ ਸਾਲ 2015 ਵਿਚ ਪੀਸੀਏ ਸਟੇਡੀਅਮ ਦਾ ਨਾਂ ਬਦਲ ਕੇ ਆਈਐੱਸ ਬਿੰਦਰਾ ਸਟੇਡੀਅਮ ਰੱਖਿਆ ਗਿਆ ਸੀ।



ਆਈਸੀਸੀ ਦੇ ਚੇਅਰਮੈਨ ਜੈ ਸ਼ਾਹ ਨੇ ਐਕਸ 'ਤੇ ਸ਼ੋਕ ਪ੍ਰਗਟ ਕਰਦੇ ਹੋਏ ਲਿਖਿਆ, 'ਸਾਬਕਾ ਬੀਸੀਸੀਆਈ ਪ੍ਰਧਾਨ ਤੇ ਭਾਰਤੀ ਕ੍ਰਿਕਟ ਪ੍ਰਸ਼ਾਸਨ ਦੇ ਥੰਮ੍ਹ ਆਈਐੱਸ ਬਿੰਦਰਾ ਦੇ ਦੇਹਾਂਤ 'ਤੇ ਡੂੰਘੀਆਂ ਸੰਵੇਦਨਾਵਾਂ। ਉਨ੍ਹਾਂ ਦੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ। ਓਮ ਸ਼ਾਂਤੀ। ਬਿੰਦਰਾ ਨੇ ਸਾਲ 1975 ਵਿਚ ਇਕ ਅਧਿਕਾਰੀ ਵਜੋਂ ਕ੍ਰਿਕਟ ਨਾਲ ਆਪਣਾ ਜੁੜਾਅ ਸ਼ੁਰੂ ਕੀਤਾ ਸੀ। ਉਨ੍ਹਾਂ ਨੂੰ ਖ਼ਾਸ ਤੌਰ 'ਤੇ 1987 ਦਾ ਵਿਸ਼ਵ ਕੱਪ ਕਰਵਾਉਣ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਲਈ ਯਾਦ ਕੀਤਾ ਜਾਂਦਾ ਹੈ। ਮਰਹੂਮ ਜਗਮੋਹਨ ਡਾਲਮੀਆ ਅਤੇ ਉਸ ਸਮੇਂ ਦੇ ਬੀਸੀਸੀਆਈ ਦੇ ਪ੍ਰਧਾਨ ਐੱਨਕੇਪੀ ਸਾਲਵੇ ਨਾਲ ਮਿਲ ਕੇ ਬਿੰਦਰਾ ਨੇ ਇਹ ਇਤਿਹਾਸਕ ਪਹਿਲ ਕੀਤੀ, ਜਿਸ ਨੇ ਭਾਰਤੀ ਟੈਲੀਵਿਜ਼ਨ ਬਾਜ਼ਾਰ ਵਿਚ ਕ੍ਰਿਕਟ ਦੇ ਕਾਰੋਬਾਰੀ ਵਿਸਥਾਰ ਦੇ ਨਵੇਂ ਦਰਵਾਜ਼ੇ ਖੋਲ੍ਹੇ। ਬਿੰਦਰਾ ਨੇ ਕ੍ਰਿਕਟ ਪ੍ਰਸ਼ਾਸਨ ਤੋਂ 2014 ਵਿਚ ਸੰਨਿਆਸ ਲਿਆ।

# ਅਮਰੀਕਾ 'ਚ ਗੋਲੀਬਾਰੀ ਨਾਲ ਪ੍ਰਦਰਸ਼ਨਕਾਰੀ ਦੀ ਮੌਤ

**ਮਿਨਿਆਪੋਲਿਸ:** ਅਮਰੀਕਾ ਦੇ ਮਿਨਿਆਪੋਲਿਸ ਸ਼ਹਿਰ 'ਚ ਸੰਘੀ ਇਮੀਗ੍ਰੇਸ਼ਨ ਕਾਰਵਾਈ ਦੇ ਦੌਰਾਨ ਇਕ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਹੋਣ ਦੇ ਬਾਅਦ ਹਾਲਾਤ ਬਹੁਤ ਤਣਾਅਪੂਰਨ ਹੋ ਗਏ। ਘਟਨਾ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਟਰੰਪ ਪ੍ਰਸ਼ਾਸਨ ਖਿਲਾਫ ਗੁੱਸਾ ਹੋਰ ਵਧ ਗਿਆ। ਇਸਦੇ ਬਾਅਦ -21 ਡਿਗਰੀ ਸੈਲਸੀਅਸ ਵਾਲੀ ਕੜਾਕੇ ਦੀ ਠੰਡੀ ਦੇ ਬਾਵਜੂਦ ਸੈਂਕੜੇ ਲੋਕ ਸੜਕਾਂ 'ਤੇ ਉਤਰ ਆਏ ਅਤੇ ਘੀ ਇਮੀਗ੍ਰੇਸ਼ਨ ਏਜੰਟਾਂ ਨੂੰ ਮਿਨੀਸੋਟਾ ਤੋਂ ਹਟਾਉਣ ਦੀ ਮੰਗ ਕਰਨ ਲੱਗੇ। ਹਿੰਸਕ ਝੜਪਾਂ ਵੀ ਹੋਈਆਂ। ਇਸ ਮਾਮਲੇ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਜ 'ਚ ਡੈਮੋਕੇਟ ਗਵਰਨਰ ਅਤੇ ਮੇਅਰ 'ਤੇ ਸਵਾਲ ਖੜ੍ਹੇ ਕੀਤੇ। ਦੂਜੇ ਪਾਸੇ ਸ਼ਹਿਰ ਦੇ ਮੇਅਰ ਨੇ ਕਿਹਾ ਕਿ ਵੀਡੀਓ 'ਚ ਉਸਨੇ ਸਾਫ਼ ਦੇਖਿਆ ਕਿ ਛੇ ਲੋਕਾਂ ਨੇ ਪ੍ਰੈਟੀ ਨੂੰ ਘੇਰ ਰੱਖਿਆ ਸੀ ਅਤੇ ਇੱਕ ਨੇ ਉਸਨੂੰ ਗੋਲੀ ਮਾਰੀ। ਗੋਲੀ ਮਾਰਨ ਵਾਲੇ ਅਧਿਕਾਰੀ ਦੀ ਪਛਾਣ ਹੋ ਗਈ ਹੈ। ਉਹ ਅੱਠ ਸਾਲ ਪਹਿਲਾਂ ਅਮਰੀਕੀ ਬਾਰਡਰ ਪੈਟਰੋਲ ਤੋਂ ਰਿਟਾਇਰ ਹੋ ਚੁੱਕਾ ਹੈ।



ਮ੍ਰਿਤਕ ਦੀ ਪਛਾਣ 37 ਸਾਲਾ ਆਈਸਿਊ ਨਰਸ ਅਤੇ ਇਮੀਗ੍ਰੇਸ਼ਨ ਨੀਤੀ ਦੇ ਵਿਰੋਧੀ ਐਲੈਕਸ ਪੈਟੀ ਵਜੋਂ ਕੀਤੀ ਗਈ ਹੈ। ਇਸ ਘਟਨਾ ਨੇ ਸ਼ਹਿਰ 'ਚ ਪਹਿਲਾਂ ਹੀ ਮੌਜੂਦ ਅਸ਼ਾਂਤੀ ਨੂੰ ਹੋਰ ਵਧਾ ਦਿੱਤਾ ਹੈ, ਜਿੱਥੇ ਕੁਝ ਹਫ਼ਤੇ ਪਹਿਲਾਂ ਹੀ ਇੱਕ ਹੋਰ ਗੋਲਾਬਾਰੀ ਵਿੱਚ ਮੌਤ ਹੋਈ ਸੀ। ਦੂਜੇ ਪਾਸੇ, ਹੋਮਲੈਂਡ ਸੁਰੱਖਿਆ ਬੋਲਣ ਵਾਲੀ ਟ੍ਰਿਸੀਆ ਮੈਕਲਾਘਲਿਨ ਨੇ ਅਧਿਕਾਰੀਆਂ ਦੀ ਹਿਫਾਜ਼ਤ ਕਰਦਿਆਂ ਬੰਦੂਕ ਲੈ ਕੇ ਪ੍ਰਦਰਸ਼ਨ ਵਿਚ ਪਹੁੰਚੇ ਪੈਟੀ 'ਤੇ ਹੀ ਸਵਾਲ ਉਠਾਏ।


### ਗੋਲੀਬਾਰੀ ਮਗਰੋਂ ਭੜਕਿਆ ਰੋਹ

ਗੋਲੀਬਾਰੀ ਦੇ ਬਾਅਦ ਵੱਡੀ ਗਿਣਤੀ ਵਿੱਚ ਲੋਕ ਘਟਨਾ ਸਥਾਨ ਤੇ ਇਕੱਠੇ ਹੋਏ। ਪ੍ਰਦਰਸ਼ਨਕਾਰੀਆਂ ਅਤੇ ਫੈਡਰਲ ਅਧਿਕਾਰੀਆਂ 'ਚ ਟਕਰਾਅ ਹੋਇਆ। ਅਧਿਕਾਰੀਆਂ ਨੇ ਲਾਠੀਆਂ ਚਲਾਈਆਂ ਅਤੇ ਫਲੈਸ਼ ਬੈਂਗਾਂ ਦਾ ਇਸਤੇਮਾਲ ਕੀਤਾ। ਹਾਲਾਤਾਂ ਨੂੰ ਕਾਬੂ ਵਿੱਚ ਕਰਨ ਲਈ ਮਿਨੇਸੋਟਾ ਨੈਸ਼ਨਲ ਗਾਰਡ ਨੂੰ ਵੀ ਤਾਇਨਾਤ ਕੀਤਾ ਗਿਆ। ਮਰਨ ਵਾਲੇ ਦੇ ਪਰਿਵਾਰ ਨੇ ਦੱਸਿਆ ਕਿ ਐਲੇਕਸ ਪ੍ਰੈਟੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਕਾਰਵਾਈ ਦਾ ਵਿਰੋਧ ਕਰ ਰਹੇ ਸਨ। ਪਰਿਵਾਰ ਦਾ ਕਹਿਣਾ ਹੈ ਕਿ ਪੈਟੀ ਨਿਰਾਸ਼ਕ ਸਨ ਅਤੇ ਉਹਨਾਂ ਦੇ ਹੱਥ ਵਿੱਚ ਸਿਰਫ ਮੋਬਾਈਲ ਫ਼ੋਨ ਸੀ। ਹੋਮਲੈਂਡ ਸਿਕਿਊਰਿਟੀ ਵਿਭਾਗ (ਡੀਐੱਚਐੱਸ) ਦਾ ਦਾਅਵਾ ਹੈ ਕਿ ਏਜੰਟਾਂ ਨੇ ਆਪਣੇ ਆਪ ਦੀ ਸੁਰੱਖਿਆ ਲਈ ਗੋਲੀ ਚਲਾਈ ਕਿਉਂਕਿ ਇਕ ਵਿਅਕਤੀ ਹਥਿਆਰ ਨਾਲ ਉਨ੍ਹਾਂ ਵੱਲ ਵਧਿਆ ਅਤੇ ਵਿਰੋਧ ਕਰਨ ਲੱਗਾ।

# ਬਾਬਾ ਬੁੱਲੇ ਸ਼ਾਹ ਦੀ ਮਜ਼ਾਰ ਨੂੰ ਤੋੜਨ ਦੀ ਘਿਣਾਉਣੀ ਹਰਕਤ

## ਇਹ ਹਿੰਦੂ ਧਰਮ ਦੀ ਕਿਸ ਤਰ੍ਹਾਂ ਦੀ ਰਾਖੀ ਹੈ!

25 ਜਨਵਰੀ ਨੂੰ ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਵੱਲੋਂ ਉੱਤਰਾਖੰਡ ਰਾਜ ਦੇ ਮਸੂਰੀ ਵਿਚ 100 ਸਾਲ ਤੋਂ ਵੱਧ ਪੁਰਾਣੀ ਬਾਬਾ ਬੁੱਲੇ ਸ਼ਾਹ ਦੀ ਮਜ਼ਾਰ ਨੂੰ ਤੋੜਨਾ ਬੇਹੱਦ ਘਿਣਾਉਣੀ ਕਾਰਵਾਈ ਹੈ। ਪ੍ਰਸਿੱਧ ਪੰਜਾਬੀ ਸੂਫ਼ੀ ਸੰਤ ਬਾਬਾ ਬੁੱਲੇਸ਼ਾਹ ਦੀ ਮਾਨਵਤਾਵਾਦੀ ਸ਼ਾਇਰੀ ਅਤੇ ਦਾਰਸ਼ਨਿਕ ਯੋਗਦਾਨ ਦਾ ਪੰਜਾਬ ਦੀ ਧਰਮ-ਨਿਰਪੱਖ, ਭਾਈਚਾਰਕ ਸਾਂਝ ਵਾਲੀ ਪਰੰਪਰਾ ਵਿਚ ਉੱਘਾ ਸਥਾਨ ਹੈ। ਉਨ੍ਹਾਂ ਦੀਆਂ ਬੇਹੱਦ ਮਕਬੂਲ ਕਾਫ਼ੀਆਂ ਮਜ਼੍ਹਬੀ ਕੱਟੜਪੰਥ, ਜਾਤੀ ਭੇਦਭਾਵ ਅਤੇ ਅੰਧਵਿਸ਼ਵਾਸ ਨੂੰ ਜ਼ੋਰਦਾਰ ਚੁਣੌਤੀ ਦਿੰਦੇ ਹੋਏ ਇਨਸਾਨੀਅਤ ਨਾਲ ਗੂੜ੍ਹੀ ਮੁਹੱਬਤ, ਆਤਮ-ਗਿਆਨ ਰਾਹੀਂ ਆਪਣੀ ਸ਼ਖ਼ਸੀਅਤ ਨੂੰ ਰੁਸ਼ਨਾਉਣ ਅਤੇ ਮਜ਼੍ਹਬੀ ਨਫ਼ਰਤ ਤੋਂ ਉੱਪਰ ਉੱਠ ਕੇ ਆਪਣੀ ਅਕੀਦਤ ਨਾਲ ਜੁੜਨ 'ਤੇ ਜ਼ੋਰ ਦਿੰਦੀਆਂ ਹਨ। ਬਾਬਾ ਬੁੱਲ੍ਹੇਸ਼ਾਹ ਵੱਲੋਂ ਰਚਿਤ ਉੱਚ ਪਾਏ ਦੀ ਸ਼ਾਇਰੀ ਦੀ ਖ਼ੁਸ਼ਬੂ ਪੰਜਾਬ ਦੀ ਮਿੱਟੀ ਦੇ ਕਣ-ਕਣ ਵਿਚ ਰਚੀ ਹੋਈ ਹੈ ਜੋ ਬਾਬਾ ਫ਼ਰੀਦ ਸਮੇਤ ਭਗਤੀ ਲਹਿਰ ਦੀ ਮਹਾਨ ਵਿਰਾਸਤ ਨੂੰ ਅੱਗੇ ਵਧਾਉਂਦੀ ਹੈ ਅਤੇ ਧਾਰਮਿਕ ਪਾਖੰਡਾਂ ਉੱਪਰ ਕਰਾਰੀ ਚੋਟ ਕਰਦੀ ਹੈ। ਆਪਣੀ ਇਸੇ ਮਾਨਵਤਾਵਾਦੀ ਖ਼ੂਬੀ ਕਾਰਨ ਇਹ ਮਜ਼੍ਹਬੀ ਕੱਟੜਪੰਥੀਆਂ ਨੂੰ ਹਜ਼ਮ ਨਹੀਂ ਹੁੰਦੀ। ਹਿੰਦੂ ਰੱਖਿਆ ਦਲ ਵਰਗੇ ਹਿੰਦੂ ਧਰਮ ਦੇ ਆਪੇ ਬਣੇ ਰਖਵਾਲਿਆਂ ਵੱਲੋਂ ਸਾਂਝੀ ਧਰਮ-ਨਿਰਪੱਖ ਵਿਰਾਸਤ ਨੂੰ ਇਹ ਝੂਠ ਪ੍ਰਚਾਰ ਕੇ ਨਕਾਰਿਆ ਜਾ ਰਿਹਾ ਹੈ ਕਿ ਜਿਸਦੀ ਕਬਰ ਪਾਕਿਸਤਾਨ ਵਿਚ ਹੈ, ਉਸ ਦੀ ਮਜ਼ਾਰ ਇੱਥੇ 'ਦੇਵਭੂਮੀ' ਉੱਪਰ ਨਹੀਂ ਚੱਲੇਗੀ। ਇਹ ਕਿਸ ਤਰ੍ਹਾਂ ਦੀ ਧਰਮ-ਰੱਖਿਆ ਹੈ ਜੋ ਅਣਵੰਡੇ ਪੰਜਾਬ ਦੀ ਇਤਿਹਾਸਕ ਹਕੀਕਤ ਅਤੇ ਧਾਰਮਿਕ ਸਹਿਣਸ਼ੀਲਤਾ ਪ੍ਰਤੀ ਐਨੀ ਘੋਰ ਨਫ਼ਰਤ ਨਾਲ ਗੜੁੱਚ ਹੈ ਅਤੇ ਜੋ ਮਹਾਨ ਵਿਰਾਸਤ ਨੂੰ ਪਰਾਈ ਧਰਤੀ ਨਾਲ ਸੰਬੰਧਤ ਕਰਾਰ ਦੇ ਕੇ ਨਕਾਰਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਹਿੰਦੂਤਵਵਾਦੀ ਤਾਕਤਾਂ ਕਿਸ ਤਰ੍ਹਾਂ ਦੀ ਸੰਕੀਰਣ ਸੰਸਕ੍ਰਿਤੀ ਭਾਰਤ ਦੇ ਲੋਕਾਂ ਉੱਪਰ ਥੋਪਣ ਲਈ ਯਤਨਸ਼ੀਲ ਹਨ।



ਬਾਬਾ ਬੁੱਲ੍ਹੇਸ਼ਾਹ ਦੀ ਮਜ਼ਾਰ ਨੂੰ ਦੋ ਦਿਨ ਪਹਿਲਾਂ ਅਗਾਊਂ ਐਲਾਨ ਕਰਕੇ 25-30 ਵਿਅਕਤੀਆਂ ਦੀ ਭੀੜ ਵੱਲੋਂ ਤੋੜਿਆ ਗਿਆ ਅਤੇ ਉੱਥੇ ਪਈਆਂ ਧਾਰਮਿਕ ਕਿਤਾਬਾਂ ਦੀ ਬੇਅਦਬੀ ਕਰਨ ਅਤੇ ਮਜ਼ਾਰ ਦੀ ਦੀਵਾਰ 'ਤੇ ਪਿਸ਼ਾਬ ਕਰਨ ਦੀ ਭੜਕਾਊ ਹਰਕਤ ਕੀਤੀ ਗਈ। ਪੁਲਿਸ ਵੱਲੋਂ ਮਹਾਨ ਇਤਿਹਾਸਕ ਵਿਰਾਸਤ ਦੀ ਰਾਖੀ ਲਈ ਹਰਕਤ ਵਿਚ ਨਾ ਆਉਣਾ, ਮਜ਼ਾਰ ਨੂੰ ਤੋੜਨ ਤੋਂ ਬਾਅਦ ਸ਼ਿਕਾਇਤ ਕਰਨ 'ਤੇ ਐੱਫਆਈਆਰ ਦਰਜ ਕਰਨ ਦੀ ਮਹਿਜ਼ ਖ਼ਾਨਾਪੂਰਤੀ ਕਰਨਾ ਅਤੇ 'ਲਗਾਈਆਂ ਧਾਰਾਵਾਂ ਤਹਿਤ ਗ੍ਰਿਫ਼ਤਾਰੀ ਜ਼ਰੂਰੀ ਨਹੀਂ' ਦਾ ਬਹਾਨਾ ਬਣਾ ਕੇ ਕੋਈ ਗ੍ਰਿਫ਼ਤਾਰੀ ਨਾ ਕਰਨਾ ਦਰਸਾਉਂਦਾ ਹੈ ਕਿ ਪੁਲਿਸ ਸਮੇਤ ਰਾਜ ਮਸ਼ੀਨਰੀ ਦਾ ਡੂੰਘਾ ਫਿਰਕੂਕਰਨ ਹੋ ਚੁੱਕਾ ਹੈ ਅਤੇ ਉਹ ਸੰਵਿਧਾਨਕ ਫਰਜ਼ਾਂ ਦੀ ਬਜਾਏ ਸੱਤਾਧਾਰੀ ਧਿਰ ਦੇ ਫਿਰਕੂ ਏਜੰਡੇ ਦੇ ਤਹਿਤ ਕੰਮ ਕਰ ਰਹੇ ਹਨ। ਮਜ਼ਾਰ ਨੂੰ ਤੋੜੇ ਜਾਣ ਦਾ ਵੀਡੀਓ ਕਲਿੱਪ ਬਣਾ ਕੇ ਸੋਸ਼ਲ ਮੀਡੀਆ ਉੱਪਰ ਸ਼ੇਅਰ ਕਰਨ ਤੋਂ ਸਪਸ਼ਟ ਹੈ ਕਿ ਰਾਜ-ਮਸ਼ੀਨਰੀ ਦੇ ਫਿਰਕੂਕਰਨ ਅਤੇ ਅਜਿਹੀਆਂ ਮਾਨਵਤਾ ਵਿਰੋਧੀ ਵਾਰਦਾਤਾਂ ਨੂੰ ਰਾਜਕੀ ਤੇ ਰਾਜਨੀਤਕ ਸਰਪ੍ਰਸਤੀ ਕਾਰਨ ਅਜਿਹੇ ਅਨਸਰਾਂ ਦੇ ਹੌਸਲੇ ਕਿੰਨੇ ਵਧ ਚੁੱਕੇ ਹਨ।

ਸਮੂਹ ਧਰਮ-ਨਿਰਪੱਖ, ਇਨਸਾਫ਼ਪਸੰਦ ਤਾਕਤਾਂ ਨੂੰ ਫਿਰਕੂ ਨਫ਼ਰਤ ਤੋਂ ਪ੍ਰੇਰਿਤ ਇਸ ਘਿਣਾਉਣੀ ਦਾ ਗੰਭੀਰ ਨੋਟਿਸ ਲੈ ਕੇ ਇਸ ਵਿਰੁੱਧ ਵਿਆਪਕ ਆਵਾਜ਼ ਉਠਾਉਣ ਦੀ ਲੋੜ ਹੈ।

*-ਬੂਟਾ ਸਿੰਘ ਮਹਿਮੂਦਪੁਰ*

# 20 ਸਾਲ ਪੁਰਾਣੇ ਮਾਮਲੇ 'ਚ ਮੇਧਾ ਪਾਟਕਰ ਬਰੀ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਤੇ ਸਮਾਜਿਕ ਕਾਰਕੁਨ ਮੇਧਾ ਪਾਟਕਰ ਨੂੰ ਤਕਰੀਬਨ 2 ਦਹਾਕੇ ਪੁਰਾਣੇ ਮਾਣਹਾਨੀ ਦੇ ਮਾਮਲੇ 'ਚ ਬਰੀ ਕਰ ਦਿੱਤਾ। ਇਹ ਮਾਮਲਾ ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਉਨ੍ਹਾਂ ਖ਼ਿਲਾਫ਼ ਦਰਜ ਕਰਵਾਇਆ ਸੀ। ਸਾਕੇਤ ਕੋਰਟ ਦੇ ਫਸਟ ਕਲਾਸ ਜੁਡੀਸ਼ੀਅਲ ਮੈਜਿਸਟ੍ਰੇਟ ਰਾਘਵ ਸ਼ਰਮਾ ਨੇ ਸੁਣਾਏ ਗਏ ਫ਼ੈਸਲੇ 'ਚ ਕਿਹਾ ਕਿ ਸ਼ਿਕਾਇਤਕਰਤਾ (ਵੀ.ਕੇ. ਸਕਸੈਨਾ) ਆਪਣੇ ਇਲਜ਼ਾਮਾਂ ਨੂੰ ਸ਼ੰਕਾ ਤੋਂ ਪਰ੍ਹੇ ਸਾਬਿਤ ਕਰਨ 'ਚ ਨਾਕਾਮ ਰਹੇ ਇਸ ਲਈ ਮੇਧਾ ਪਾਟਕਰ ਨੂੰ ਦੋਸ਼ ਮੁਕਤ ਕੀਤਾ ਜਾਂਦਾ ਹੈ। ਇਹ ਮਾਮਲਾ ਅਪ੍ਰੈਲ 2006 ਦਾ ਹੈ ਜਿਸ ਵੇਲੇ ਵੀ.ਕੇ. ਸਕਸੈਨਾ ਰਾਸ਼ਟਰੀ ਨਾਗਰਿਕ ਸੁਤੰਤਰਤਾ ਕੌਂਸਲ ਦੇ ਪ੍ਰਧਾਨ ਸੀ।



# ਯੂਰਪ ਦੀ ਇਕਜੁਟਤਾ ਨਾਲ ਢਿੱਲਾ ਪਿਆ ਟਰੰਪ ਦਾ ਰਵੱਈਆ

**ਲੰਡਨ:** ਯੂਕਰੇਨ ਸਬੰਧੀ ਵਿਰੋਧ ਨੇ ਗ੍ਰੀਨਲੈਂਡ ਦੇ ਮਾਮਲੇ 'ਤੇ ਅਮਰੀਕਾ ਅਤੇ ਯੂਰਪ ਵਿਚ ਭਰੋਸੇ ਦੀ ਡੂੰਘਾਈ ਨੂੰ ਤੋੜ ਦਿੱਤਾ ਹੈ। ਯੂਰਪ ਨੇ ਹੁਣ ਅਮਰੀਕਾ ਨਾਲ ਚਾਪਲੂਸੀ ਭਰਿਆ ਵਿਹਾਰ ਨਾ ਕਰਨ, ਹਰ ਕੰਮ 'ਚ ਸਾਥ ਨਾ ਦੇਣ ਅਤੇ ਅਮਰੀਕਾ ਦੀ ਕੂਟਨੀਤੀ 'ਚ ਸਾਥ ਨਾ ਦੇਣ ਦਾ ਫੈਸਲਾ ਕੀਤਾ ਹੈ। ਯੂਰਪ ਦੀਆਂ ਤਿੰਨ ਵੱਡੀਆਂ ਤਾਕਤਾਂ- ਬ੍ਰਿਟੇਨ, ਫਰੇਂਸ ਅਤੇ ਜਰਮਨੀ ਨੇ ਆਪਣੀ ਮਜ਼ਬੂਤੀ ਦਰਸਾਉਣੀ ਸ਼ੁਰੂ ਕਰ ਦਿੱਤੀ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੇਅਰ ਸਟਾਰਮਰ ਨੇ ਕਿਹਾ ਹੈ ਕਿ ਗ੍ਰੀਨਲੈਂਡ ਦੀ ਖੁਦਮੁਖਤਿਆਰੀ ਦੇ ਮਾਮਲੇ ਵਿੱਚ ਬ੍ਰਿਟੇਨ ਨਰਮ ਰਵੱਈਆ ਨਹੀਂ ਦਿਖਾਏਗਾ। ਹੋਰ ਯੂਰਪੀ ਦੇਸ਼ਾਂ ਦੇ ਨੇਤਾਵਾਂ ਦਾ ਰੁਖ ਵੀ ਅਜਿਹਾ ਹੀ ਹੈ। ਯੂਰਪੀ ਦੇਸ਼ਾਂ ਨੇ ਸਾਫ਼ ਕਰ ਦਿੱਤਾ ਹੈ ਕਿ ਗ੍ਰੀਨਲੈਂਡ ਦੇ ਮਾਮਲੇ 'ਤੇ ਉਹ ਬਲੈਕਮੇਲ ਨਹੀਂ ਹੋਣਗੇ। ਨਾਰਵੇ ਦੇ ਪ੍ਰਧਾਨ ਮੰਤਰੀ ਯੂਨੋਸ ਗਾਫਟਰ ਨੇ ਕਿਹਾ ਹੈ ਕਿ ਸਹਿਯੋਗੀਆਂ ਵਿਚ ਧਮਕੀ ਦੇ ਲਈ ਕੋਈ ਥਾਂ ਨਹੀਂ ਹੁੰਦੀ, ਇਸ ਲਈ ਅਮਰੀਕਾ ਦੀ ਧਮਕੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।




# ਸੰਘਰਸ਼ਮਈ ਦੁਨੀਆ 'ਚ ਸ਼ਾਂਤੀ ਦਾ ਦੂਤ ਹੈ ਭਾਰਤ: ਮੁਰਮੂ

## ਗਣਤੰਤਰ ਦਿਵਸ ਦੀ ਪੂਰਬਲੀ ਸ਼ਾਮ 'ਤੇ ਰਾਸ਼ਟਰ ਨੂੰ ਕੀਤਾ ਸੰਬੋਧਨ

**ਨਵੀਂ ਦਿੱਲੀ:** ਕਈ ਮਹਾਂਦੀਪਾਂ ਵਿਚ ਵਧ ਰਹੇ ਭੂ-ਰਾਜਨੀਤਿਕ ਤਣਾਅ ਦੇ ਵਿਚਕਾਰ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਐਤਵਾਰ ਨੂੰ ਕਿਹਾ ਕਿ ਭਾਰਤ ਦੁਨੀਆ ਵਿਚ ਸ਼ਾਂਤੀ ਦਾ ਸੰਦੇਸ਼ ਫੈਲਾ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਬਹੁਤ ਜ਼ਰੂਰੀ ਹੈ। 77ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰ ਨੂੰ ਆਪਣੇ ਸੰਬੋਧਨ ਵਿਚ, ਉਨ੍ਹਾਂ ਨੇ ਆਪ੍ਰੇਸ਼ਨ ਸੰਧੂਰ ਅਤੇ ਮਹਿਲਾ ਸਸ਼ਕਤੀਕਰਨ ਸਮੇਤ ਵੱਖ-ਵੱਖ ਮੁੱਦਿਆਂ ਬਾਰੇ ਗੱਲ ਕੀਤੀ ਅਤੇ ਵੰਦੇ ਮਾਤਰਮ ਅਤੇ ਦੇਸ਼ ਦੀ ਅਰਥਵਿਵਸਥਾ ਦੇ ਵਿਸ਼ਿਆਂ, ਵਿਸ਼ਵ ਵਿਆਪੀ ਸਦਭਾਵਨਾ ਪ੍ਰਤੀ ਪ੍ਰਾਚੀਨ ਸੱਭਿਅਤਾ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਦੇ ਹੋਏ ਸ਼ਾਂਤੀ ਦੇ ਦੂਤ ਵਜੋਂ ਭਾਰਤ ਦੀ ਸਥਿਤੀ ਨੂੰ ਦਰਸਾਇਆ। ਸਾਡੀ ਪਰੰਪਰਾ ਵਿਚ ਅਸੀਂ ਪੂਰੇ ਬ੍ਰਹਿਮੰਡ ਵਿਚ ਸ਼ਾਂਤੀ ਦੇ ਪ੍ਰਬਲ ਹੋਣ ਲਈ ਪ੍ਰਾਰਥਨਾ ਕਰਦੇ ਰਹੇ ਹਾਂ। ਮਨੁੱਖਤਾ ਦਾ ਭਵਿੱਖ ਤਾਂ ਹੀ ਸੁਰੱਖਿਅਤ ਰਹਿ ਸਕਦਾ ਹੈ ਜੇਕਰ ਪੂਰੀ ਦੁਨੀਆ ਵਿਚ ਸ਼ਾਂਤੀ ਹੋਵੇ। ਦੁਨੀਆ ਦੇ ਕਈ ਹਿੱਸਿਆਂ ਵਿਚ ਟਕਰਾਵਾਂ ਨਾਲ ਭਰੇ ਮਾਹੌਲ ਵਿਚ ਭਾਰਤ ਸ਼ਾਂਤੀ ਦਾ ਸੰਦੇਸ਼ ਫੈਲਾ ਰਿਹਾ ਹੈ। ਆਪਣੇ ਭਾਸ਼ਨ ਦੌਰਾਨ, ਰਾਸ਼ਟਰਪਤੀ ਨੇ ਆਪ੍ਰੇਸ਼ਨ ਸੰਧੂਰ ਦੀ ਹਾਲੀਆ ਸਫਲਤਾ ਨੂੰ ਉਜਾਗਰ ਕਰਦੇ ਹੋਏ ਰਾਸ਼ਟਰੀ ਸੁਰੱਖਿਆ ਪ੍ਰਤੀ ਦ੍ਰਿੜ੍ਹ ਹਥਿਆਰਬੰਦ ਸੈਨਾਵਾਂ ਦੀ ਤਾਕਤ 'ਤੇ ਪ੍ਰਤੀਬਿੰਬਤ ਕਰਦੇ ਹੋਏ ਰਾਸ਼ਟਰਪਤੀ ਨੇ ਸਿਆਚਿਨ ਬੇਸ ਕੈਂਪ ਦੇ ਨਿੱਜੀ ਦੌਰਿਆਂ ਅਤੇ ਸੁਖੋਈ, ਰਾਫੇਲ ਅਤੇ ਪਣਡੁੱਬੀ ਆਈ. ਐਨ. ਐਸ. ਵਾਘਸ਼ੀਰ ਵਿਚ ਉਡਾਣ ਨੂੰ ਯਾਦ ਕੀਤਾ। ਫ਼ੌਜ, ਹਵਾਈ ਸੈਨਾ ਅਤੇ ਜਲ ਸੈਨਾ ਦੀ ਤਾਕਤ ਦੇ ਆਧਾਰ 'ਤੇ, ਲੋਕਾਂ ਨੂੰ ਸਾਡੀ ਰੱਖਿਆ-ਤਿਆਰੀ ਵਿਚ ਪੂਰਾ ਭਰੋਸਾ ਹੈ।ਰਾਸ਼ਟਰਪਤੀ ਮੁਰਮੂ ਨੇ ਆਪਣੇ ਸੰਬੋਧਨ ਵਿਚ ਨਾਰੀ ਸ਼ਕਤੀ ਦੇ ਉਭਾਰ ਨੂੰ 2047 ਤੱਕ ਵਿਕਸਿਤ ਰਾਸ਼ਟਰ ਬਣਨ ਵੱਲ ਭਾਰਤ ਦੇ ਸਫ਼ਰ ਦੀ ਨੀਂਹ ਪੱਥਰ ਵਜੋਂ ਸ਼ਲਾਘਾ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੇਸ਼ ਦੇ ਵਿਕਾਸ ਲਈ ਔਰਤਾਂ ਦੀ ਸਰਗਰਮ ਅਤੇ ਸਸ਼ਕਤ ਭਾਗੀਦਾਰੀ ਬਹੁਤ ਮਹੱਤਵਪੂਰਨ ਹੈ। ਪੇਂਡੂ ਸਵੈ- ਸਹਾਇਤਾ ਸਮੂਹਾਂ ਦੀ ਡੂੰਘਾਈ ਤੋਂ ਲੈ ਕੇ ਪੁਲਾੜ ਅਤੇ ਰੱਖਿਆ ਦੀਆਂ ਸਰਹੱਦਾਂ ਤੱਕ ਆਧੁਨਿਕ ਭਾਰਤ ਦੀ ਕਹਾਣੀ ਇਸ ਦੀਆਂ ਧੀਆਂ ਦੁਆਰਾ ਤੇਜ਼ੀ ਨਾਲ ਲਿਖੀ ਜਾ ਰਹੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਔਰਤਾਂ ਹੁਣ ਪੰਚਾਇਤੀ ਰਾਜ ਸੰਸਥਾਵਾਂ ਵਿਚ ਲਗਭਗ 46 ਫੀਸਦੀ ਪ੍ਰਤੀਨਿਧੀ ਹਨ। ਅਤੇ ਨਾਰੀ ਸ਼ਕਤੀ ਵੰਦਨ ਅਧਿਆਇ ਰਾਜਨੀਤਿਕ ਸਸ਼ਕਤੀਕਰਨ ਨੂੰ ਬੇਮਿਸਾਲ ਉਚਾਈਆਂ 'ਤੇ ਲੈ ਜਾਣ ਲਈ ਤਿਆਰ ਹਨ। ਔਰਤਾਂ ਦੇ ਵਧਦੇ ਯੋਗਦਾਨ ਨਾਲ ਸਾਡਾ ਦੇਸ਼ ਲਿੰਗ ਸਮਾਨਤਾ 'ਤੇ ਅਧਾਰਤ ਇੱਕ ਸਮਾਵੇਸ਼ੀ ਗਣਰਾਜ ਦੀ ਇੱਕ ਉਦਾਹਰਣ ਸਥਾਪਤ ਕਰੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ। ਕਿ 'ਵਿਕਸਿਤ ਭਾਰਤ' ਦਾ ਰਸਤਾ ਸਮਾਵੇਸ਼ੀ ਹੋਣਾ ਚਾਹੀਦਾ ਹੈ, ਜਿਸ ਵਿਚ ਨਿਸ਼ਾਨਾਬੱਧ ਦਖ਼ਲਅੰਦਾਜ਼ੀ ਰਾਹੀਂ ਆਦਿਵਾਸੀ ਤੇ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਰਾਸ਼ਟਰਪਤੀ ਮੁਰਮੂ ਨੇ ਇਹ ਵੀ ਐਲਾਨ ਕੀਤਾ ਕਿ ਭਾਰਤ ਦਾ । ਸੰਵਿਧਾਨ ਹੁਣ ਅੱਠਵੀਂ ਅਨੁਸੂਚੀ ਵਿਚ ਸੂਚੀਬੱਧ ਸਾਰੀਆਂ 22 ਭਾਸ਼ਾਵਾਂ ਵਿਚ ਉਪਲਬਧ ਹੈ।



**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਟਰੰਪ ਦੀ 100% ਟੈਰਿਫ ਧਮਕੀ ’ਤੇ ਕਾਰਨੀ ਦੀ ਅਪੀਲ, ‘ਸਵਦੇਸ਼ੀ ਅਪਣਾਓ’

**ਓਟਾਵਾ (ਕੈਨੇਡ):** ਅਮਰੀਕਾ ਅਤੇ ਕੈਨੇਡਾ ਵਿਚਕਾਰ ਤਣਾਅ ਨਵੇਂ ਪੱਧਰ ‘ਤੇ ਪਹੁੰਚ ਗਿਆ ਹੈ। ਚੀਨ ਨਾਲ ਵਪਾਰ ਸਮਝੌਤੇ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ‘ਤੇ 100 ਫੀਸਦ ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ, ਜਿਸ ‘ਤੇ ਬੇਫਿਕਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਵਾਸੀਆਂ ਨੂੰ ਸਵਦੇਸੀ ਨੂੰ ਅਪਣਾਉਣ ਅਤੇ ਅੰਤਰਰਾਸ਼ਟਰੀ ਨਿਰਭਰਤਾ ਘਟਾਉਣ ਦੀ ਅਪੀਲ ਕੀਤੀ।



ਪ੍ਰਧਾਨ ਮੰਤਰੀ ਕਾਰਨੀ ਨੇ ਇਕ ਵੀਡੀਓ ਸੰਦੇਸ਼ ‘ਚ ਅਮਰੀਕਾ ਦਾ ਨਾਂ ਲਏ ਬਿਨਾਂ ਨਾਗਰਿਕਾਂ ਨੂੰ ਚੇਤਾਵਨੀ ਦਿੱਤੀ ਕਿ ਕੈਨੇਡਾ ਦੇ ਅਰਥਚਾਰੇ ਨੂੰ ਬਾਹਰੋਂ ਚੁਣੌਤੀ ਮਿਲ ਰਹੀ ਹੈ, ਅਜਿਹੇ ‘ਚ ਉਹ ਰਣਨੀਤੀ ਅਪਣਾਉਣ ਦੀ ਲੋੜ ਹੈ, ਜਿੱਥੇ ਦੇਸ਼ ਹੀ ਆਪਣਾ ਸਭ ਤੋਂ ਵਧੀਆ ਗਾਹਕ ਬਣ ਜਾਵੇ। ਉਨ੍ਹਾਂ ਨੇ ਕਿਹਾ ਕਿ ਸਾਨੂੰ ਉਹਨਾਂ ਚੀਜ਼ਾਂ ‘ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਜਿਨ੍ਹਾਂ ਨੂੰ ਅਸੀਂ ਚੰਗੀ ਤਰ੍ਹਾਂ ਨਾਲ ਕੰਟਰੋਲ ਕਰ ਸਕਦੇ ਹਾਂ। ਉਨ੍ਹਾਂ ਨੇ ਅੱਗੇ ਕਿਹਾ ਕਿ ਦੂਜੇ ਦੇਸ਼ ਕੀ ਕਰਦੇ ਹਨ, ਉਨ੍ਹਾਂ ‘ਤੇ ਸਾਡਾ ਕੰਟਰੋਲ ਨਹੀਂ ਹੈ। ਅਸੀਂ ਆਪਣੇ ਸਭ ਤੋਂ ਵਧੀਆ ਗਾਹਕ ਖੁਦ ਬਣ ਸਕਦੇ ਹਾਂ। ਅਸੀਂ ਕੈਨੇਡੀਅਨਾਂ ਨੂੰ ਖ਼ੁਸ਼ਹਾਲ ਕਰਾਂਗੇ। ਇਕੱਠੇ ਹੋ ਕੇ ਅਸੀਂ ਮਜ਼ਬੂਤ ਬਣਾਂਗੇ।

ਜ਼ਿਕਰਯੋਗ ਹੈ ਕਿ ਏਸ਼ੀਆ ਨਾਲ ਆਪਣੇ ਆਰਥਿਕ ਸਬੰਧ ਵਿਕਸਿਤ ਕਰਨ ਦੀ ਕੋਸ਼ਿਸ਼ ਕਰ ਰਹੇ ਕੈਨੇਡਾ ਨੂੰ ਸ਼ਨਿੱਚਰਵਾਰ ਨੂੰ ਟਰੰਪ ਨੇ ਧਮਕਾਇਆ ਸੀ। ਕੈਨੇਡਾ ਪ੍ਰਧਾਨ ਮੰਤਰੀ ਨੂੰ ਗਵਰਨਰ ਕਹਿ ਕੇ ਸੰਬੋਧਤ ਕਰਦਿਆਂ ਟਰੰਪ ਨੇ ਕਿਹਾ ਸੀ ਕਿ ਜੇ ਉਹ ਸੋਚਦੇ ਹਨ ਕਿ ਅਮਰੀਕਾ ‘ਚ ਚੀਨੀ ਸਮਾਨ ਅਤੇ ਉਤਪਾਦਾਂ ਦੇ ਦਾਖਲੇ ਲਈ ਉਹ ਕੈਨੇਡਾ ਨੂੰ ਬੰਦਰਗਾਹ ਬਣਾ ਸਕਦੇ ਹਨ, ਤਾਂ ਇਹ ਪੂਰੀ ਤਰ੍ਹਾਂ ਉਨ੍ਹਾਂ ਦੀ ਗਲਤੀ ਹੈ। ਚੀਨ ਕੈਨੇਡਾ ਨੂੰ ਜ਼ਿੰਦਾ ਨਿਗਲ ਜਾਵੇਗਾ, ਪੂਰੀ ਤਰ੍ਹਾਂ ਤਬਾਹ ਕਰ ਦੇਵੇਗਾ, ਜਿਸ ‘ਚ ਨਾ ਤਾਂ ਉਨ੍ਹਾਂ ਦਾ ਕਾਰੋਬਾਰ ਬਚੇਗਾ, ਨਾ ਸਮਾਜਿਕ ਢਾਂਚਾ ਅਤੇ ਨਾ ਹੀ ਜੀਵਨਸ਼ੈਲੀ। ਜੇ ਕੈਨੇਡਾ ਚੀਨ ਨਾਲ ਸਮਝੌਤਾ ਕਰਦਾ ਹੈ, ਤਾਂ ਕੈਨੇਡਾ ਤੋਂ ਅਮਰੀਕਾ ਆਉਣ ਵਾਲੇ ਸਮਾਨ ‘ਤੇ ਤੁਰੰਤ ਪ੍ਰਭਾਵ ਨਾਲ 100 ਫੀਸਦੀ ਟੈਰਿਫ ਲੱਦ ਦਿੱਤਾ ਜਾਵੇਗਾ।

ਉੱਥੇ, ਅਮਰੀਕਾ ਨਾਲ ਵਪਾਰ ਲਈ ਜ਼ਿੰਮੇਵਾਰ ਕੈਨੇਡਾ ਦੇ ਮੰਤਰੀ ਡੋਮਿਨਿਕ ਲੇਬਲਾਂ ਨੇ ਟਰੰਪ ਦੀ ਨਵੀਂ ਧਮਕੀ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਟਵਿੱਟਰ ‘ਤੇ ਲਿਖਿਆ, ‘ਚੀਨਾਂ ਨਾਲ ਮੁਫ਼ਤ ਵਪਾਰ ਸਮਝੌਤੇ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ। ਜੋ ਹਾਸਲ ਕੀਤਾ ਗਿਆ ਹੈ, ਉਹ ਕਈ ਮਹੱਤਵਪੂਰਨ ਟੈਰਿਫ ਸਮੱਸਿਆਵਾਂ ਦਾ ਹੱਲ ਹੈ।’

## ਪਾਕਿ-ਭਾਰਤ ਨੂੰ ਵਪਾਰ ਗੱਲਬਾਤ ਲਈ ਕਿਹਾ

**ਲਾਹੌਰ:** ਪਾਕਿ-ਭਾਰਤ ਵਪਾਰ ਮੰਡਲ ਨੇ ਐਤਵਾਰ ਨੂੰ ਦੋਹਾਂ ਦੇਸ਼ਾਂ ਨੂੰ ਲੰਬੇ ਸਮੇਂ ਤੋਂ ਪੈਂਡਿੰਗ ਮੁੱਦਿਆਂ ਨੂੰ ਹੱਲ ਕਰਨ ਲਈ ਬਿਨਾਂ ਕਿਸੇ ਦੇਰੀ ਦੇ ਗੱਲਬਾਤ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ। ਨਾਲ ਹੀ ਭਾਰਤੀਆਂ ਨੂੰ 77ਵੇਂ ਗਣਤੰਤਰ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ।



ਪੀਆਈਬੀਸੀ ਦੀ ਇਕ ਦੁਵੱਲੀ ਗੱਲਬਾਤ ਵਾਲੀ ਟੀਮ ਅਤੇ ਵਕਾਲਤ ਕਰਨ ਵਾਲੀ ਸੰਸਥਾ ਹੈ, ਜੋ ਪਾਕਿਸਤਾਨ ਅਤੇ ਭਾਰਤ ਦੇ ਵਿਚਕਾਰ ਵਪਾਰ ਅਤੇ ਵਪਾਰਕ ਸੰਬੰਧਾਂ ਨੂੰ ਵਧਾਉਣ ‘ਤੇ ਕੇਂਦਰਿਤ ਹੈ। ਪੀਆਈਬੀਸੀ ਦੇ ਪ੍ਰਧਾਨ ਨੂਰ ਮੁਹੰਮਦ ਕਸੂਰੀ ਨੇ ਢਾਂਚਾਗਤ, ਤਕਨਾਲੋਜੀ ਤੇ ਉਦਯੋਗਿਕ ਵਿਕਾਸ ‘ਚ ਭਾਰਤ ਦੀ ਮਹੱਤਵਪੂਰਨ ਤਰੱਕੀ ਨੂੰ ਸਵੀਕਾਰਿਆ ਹੈ।

## ਰੂਸ-ਯੂਕਰੇਨ ਵਿਚਾਲੇ ਬਣੇ ਸਹਿਮਤੀ: ਟਰੰਪ




**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਅਤੇ ਯੂਕਰੇਨ ਵਿਚਾਲੇ ਵਿਚੋਲਗੀ ਕਰ ਰਹੇ ਆਪਣੇ ਬੁਲਾਰਿਆਂ ਨੂੰ ਜ਼ਮੀਨੀ ਸਥਿਤੀ ਬਾਰੇ ਜਾਣਕਾਰੀ ਦੇ ਕੇ ਦੋਵਾਂ ਧਿਰਾਂ ਵਿਚਾਲੇ ਸਮਝੌਤੇ ‘ਤੇ ਪਹੁੰਚਣ ਲਈ ਕਿਹਾ ਹੈ। ਦੋਵਾਂ ਦੇਸ਼ਾਂ ਵਿਚਕਾਰ ਯੁੱਧ ਨੂੰ ਖਤਮ ਕਰੋ ਅਤੇ ਯੂਕਰੇਨ ਵਿੱਚ ਲੰਬੇ ਸਮੇਂ ਦੀ ਸ਼ਾਂਤੀ ਸਥਾਪਤ ਕਰੋ. ਟਰੰਪ ਦੇ ਰਾਜਦੂਤ ਸਟੀਵ ਵਿਟਕੋਫ ਅਤੇ ਜਵਾਈ ਜੇਰੇਡ ਕੁਸ਼ਨਰ ਨੇ ਸ਼ਨੀਵਾਰ ਨੂੰ ਮਾਸਕੋ ਵਿਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਚਾਰ ਘੰਟੇ ਦੀ ਗੱਲਬਾਤ ਕੀਤੀ। ਅਮਰੀਕਾ, ਰੂਸ ਅਤੇ ਯੂਕਰੇਨ ਦੇ ਅਧਿਕਾਰੀਆਂ ਵਿਚਾਲੇ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਆਬੂਧਾਬੀ ਵਿਚ ਗੱਲਬਾਤ ਹੋਈ।

## ਧਰਮਿੰਦਰ ਸਣੇ...

**(ਪਹਿਲੇ ਸਫ਼ੇ ਦਾ ਬਾਕੀ)**

ਉਪਰੰਤ ਦੇਸ਼ ਦੇ ਦੂਜੇ ਸਰਬਉੱਚ ਨਾਗਰਿਕ ਪੁਰਸਕਾਰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਹੈ। ਦੋਵਾਂ ਦਾ ਹਾਲ ਹੀ ਵਿਚ ਦੇਹਾਂਤ ਹੋ ਗਿਆ ਸੀ। ਡੇਰਾ ਸੱਚਖੰਡ ਬੱਲਾਂ ਦੇਮੁਖੀ ਸੰਤ ਨਿਰੰਜਣ ਦਾਸ ਜੀ, ਮਹਿਲਾ ਕ੍ਰਿਕਟ ਕਪਤਾਨ ਹਰਮਨਪ੍ਰੀਤ ਕੌਰ ਅਤੇ ਸਿਰਸਾ ਤੋਂ ਹਾਕੀ ਕੋਚ ਬਲਦੇਵ ਸਿੰਘ ਨੂੰ ਪਦਮਸ਼ੀ ਪੁਰਸਕਾਰ ਦਿੱਤਾ ਗਿਆ ਹੈ। ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ, ਮਹਾਰਾਸ਼ਟਰ ਦੇ ਸਾਬਕਾ ਰਾਜਪਾਲ ਤੇ ਭਾਜਪਾ ਦੇ ਸੀਨੀਅਰ ਆਗੂ ਭਗਤ ਸਿੰਘ ਕੋਸ਼ਿਆਰੀ, ਭਾਜਪਾ ਆਗੂ ਵੀਕੇ ਮਲਹੋਤਰਾ ਅਤੇ ਝਾਰਖੰਡ ਮੁਕਤੀ ਮੋਰਚਾ ਦੇ ਸੰਸਥਾਪਕ ਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਨੂੰ ਪਦਮ ਭੂਸ਼ਣ ਦਿੱਤਾ ਗਿਆ ਹੈ।ਭਾਰਤ ਦੀ ਪਹਿਲੀ ਤੇਜ਼ਾਬ ਹਮਲੇ ਦੀ ਪੀੜਤਾ ਤੇ ਮਸ਼ਹੂਰ ਸੰਗੀਤਕਾਰ ਪ੍ਰੋ. ਮੰਗਲਾ ਕਪੂਰ ਨੂੰ ਪਦਮਸ਼ੀ ਨਾਲ ਸਨਮਾਨਿਤ ਕੀਤਾ ਗਿਆ ਹੈ। ਪਦਮ ਪੁਰਸਕਾਰਾਂ ਦੀ ਸੂਚੀ ਤੋਂ ਸਾਫ਼ ਹੈ ਕਿ ਇਸ ਨੂੰ ਸਾਰੇ ਸਿਆਸੀ ਅਤੇ ਵਿਚਾਰਕ ਮਤਭੇਦਾਂ ਤੋਂ ਦੂਰ ਰੱਖਿਆ ਗਿਆ ਹੈ। ਪਦਮ ਵਿਭੂਸ਼ਣ ਨਾਲ ਸਨਮਾਨਿਤ ਪੰਜ ਹਸਤੀਆਂ ਵਿਚੋਂ 3 ਕੇਰਲ ਦੀਆਂ ਹਨ ਜਿੱਥੇ ਦੋ ਮਹੀਨਿਆਂ ਬਾਅਦ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਸਰਕਾਰ ਨੇ ਵੱਖ-ਵੱਖ ਖੇਤਰਾਂ ਵਿਚ ਯੋਗਦਾਨ ਲਈ ਇਸ ਸਾਲ ਕੁੱਲ 131 ਵਿਅਕਤੀਆਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਹੈ ਜਿਨ੍ਹਾਂ ਵਿਚੋਂ ਪੰਜ ਨੂੰ ਪਦਮ ਵਿਭੂਸ਼ਣ, 13 ਨੂੰ ਪਦਮ ਭੂਸ਼ਣ ਤੇ 113 ਨੂੰ ਪਦਮਸ਼੍ਰੀ ਪੁਰਸਕਾਰ ਦਿੱਤਾ ਗਿਆ ਹੈ। ਇਸ ਵਿਚ ਦੋ ਅਜਿਹੇ ਮਾਮਲੇ ਵੀ ਸ਼ਾਮਲ ਹਨ ਜਿਨ੍ਹਾਂ ‘ਚ ਦੋ ਵਿਅਕਤੀਆਂ ਲਈ ਪੁਰਸਕਾਰ ਨੂੰ ਇਕ ਮੰਨਿਆ ਗਿਆ ਹੈ।

ਪਦਮਸ਼੍ਰੀ ਹਾਸਲ ਕਰਨ ਵਾਲਿਆਂ ਵਿਚ 45 ਗੁਮਨਾਮ ਹੀਰੋ ਸ਼ਾਮਲ ਹਨ। ਪਦਮ ਸਨਮਾਨ ਪਾਉਣ ਵਾਲਿਆਂ ਵਿਚ 90 ਔਰਤਾਂ ਹਨ। ਸੂਚੀ ਵਿਚ ਵਿਦੇਸ਼ੀ, ਐੱਨਆਰਆਈ, ਪੀਆਈਓ ਤੇ ਓਸੀਆਈ ਵਰਗ ਵਿਚ ਛੇ ਹਸਤੀਆਂ ਹਨ। 16 ਹਸਤੀਆਂ ਨੂੰ ਮਰਨ ਉਪਰੰਤ ਸਨਮਾਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਫ਼ੌਜ ਦੇ 70 ਜਵਾਨਾਂ ਤੇ ਅਧਿਕਾਰੀਆਂ ਨੂੰ ਵੱਖ- ਵੱਖ ਬਹਾਦਰੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਛੇ ਨੂੰ ਇਹ ਸਨਮਾਨ ਮਰਨ ਉਪਰੰਤ ਦਿੱਤਾ ਜਾਵੇਗਾ। ਇਨ੍ਹਾਂ ਇਨਾਮਾਂ ਵਿਚ ਇਕ ਅਸ਼ੋਕ ਚੱਕਰ, ਤਿੰਨ ਕੀਰਤੀ ਚੱਕਰ, 13 ਸ਼ੌਰਿਆ ਚੱਕਰ, ਇਕ ਬਾਰ ਟੂ ਸੈਨਾ ਮੈਡਲ (ਗੈਲੈਂਟਰੀ) ਤੇ 44 ਸੈਨਾ ਮੈਡਲ (ਗੈਲੈਂਟਰੀ) ਸ਼ਾਮਲ ਹਨ। ਪਦਮ ਵਿਭੂਸ਼ਣ ਨਾਲ ਸਨਮਾਨਿਤ ਹੋਣ ਵਾਲਿਆਂ ਵਿਚ ਧਰਮਿੰਦਰ ਤੇ ਅਚਯੁਤਾਨੰਦਨ ਦੇ ਨਾਲ ਕੇਰਲ ਤੋਂ ਆਉਣ ਵਾਲੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਕੇਟੀ ਥਾਮਸ, ਕੇਰਲ ਦੇ ਹੀ ਪੀ. ਨਾਰਾਇਣਨ ਦਾ ਨਾਂ ਵੀ ਸ਼ਾਮਲ ਹੈ। ਥਾਮਸ ਨੂੰ ਸਮਾਜਿਕ ਖੇਤਰ ਅਤੇ ਨਾਰਾਇਣਨ ਨੂੰ ਸਾਹਿਤ ਤੇ ਸਿੱਖਿਆ ਦੇ ਖੇਤਰ ਵਿਚ ਯੋਗਦਾਨ ਲਈ ਇਹ ਸਨਮਾਨ ਮਿਲਿਆ ਹੈ। 40 ਤੋਂ ਵੱਧ ਕਿਤਾਬਾਂ ਲਿਖਣ ਵਾਲੇ ਨਾਰਾਇਣਨ ਮਲਯਾਲਮ ਦੇ ਪ੍ਰਸਿੱਧ ਪੱਤਰਕਾਰ ਵੀ ਹਨ।

ਇਸ ਦੇ ਨਾਲ ਹੀ ਕਲਾ ਦੇ ਖੇਤਰ ਵਿਚ ਯੋਗਦਾਨ ਲਈ ਉੱਤਰ ਪ੍ਰਦੇਸ਼ ਦੀ ਵਾਇਲਨ ਵਾਦਕ ਐੱਨ. ਰਾਜਮ ਨੂੰ ਵੀ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਹੈ। ਪਦਮ ਭੂਸ਼ਣ ਹਾਸਲ ਕਰਨ ਵਾਲਿਆਂ ਵਿਚ ਸ਼ਿਬੂ ਸੋਰੇਨ, ਵੀਕੇ ਮਲਹੋਤਰਾ ਤੇ ਭਗਤ ਸਿੰਘ ਕੋਸ਼ਿਆਰੀ ਦੇ ਨਾਲ-ਨਾਲ ਮਲਯਾਲਮ ਫਿਲਮਾਂ ਦੇ ਪ੍ਰਸਿੱਧ ਅਦਾਕਾਰ ਮਮੂਟੀ, ਪ੍ਰਸਿੱਧ ਗਾਇਕਾ ਅਲਕਾ ਯਾਗਨਿਕ, ਇਸ਼ਤਿਹਾਰ ਗੁਰੂ ਪੀਯੂਸ਼ ਪਾਂਡੇ ਅਤੇ ਸਨਅਤਕਾਰ ਉਦੈ ਕੋਟਕ ਦੇ ਨਾਂ ਵੀ ਸ਼ਾਮਲ ਹਨ। ਬਜਾਜ ਤੋਂ ਲੈ ਕੇ ਕਈ ਪ੍ਰਸਿੱਧ ਥਾਂਡਾਂ ਨੂੰ ਲੋਕਪ੍ਰਿਯ ਬਣਾਉਣ ਵਾਲੇ ਪੀਯੂਸ਼ ਪਾਂਡੇ ਦਾ ਹਾਲ ਹੀ ਵਿਚ ਦੇਹਾਂਤ ਹੋਇਆ ਸੀ। ਕੇਰਲ ਤੋਂ ਹੀ ਆਉਣ ਵਾਲੇ ਸ੍ਰੀ ਨਾਰਾਇਣ ਗੁਰੂ ਧਰਮ ਪਰਿਪਾਲਨ ਯੋਗਮ ਦੇ ਜਨਰਲ ਸਕੱਤਰ ਅਤੇ ਸੀਨੀਅਰ ਇੜਵਾ ਆਗੂ ਵੱਲਾਲੀ ਨਟੇਸਨ ਨੂੰ ਵੀ ਪਦਮ ਭੂਸ਼ਣ ਦਿੱਤਾ ਗਿਆ ਹੈ। ਅਮਰੀਕਾ ਵਿਚ ਰਹਿਣ ਵਾਲੇ ਟੈਨਿਸ ਖਿਡਾਰੀ ਵਿਜੇ ਅੰਮ੍ਰਿਤਰਾਜ ਦਾ ਨਾਂ ਵੀ ਇਸ ਵਿਚ ਸ਼ਾਮਲ ਹੈ। ਪਦਮਸ਼੍ਰੀ ਹਾਸਲ ਕਰਨ ਵਾਲਿਆਂ ਵਿਚ ਅਦਾਕਾਰ ਸਤੀਸ਼ ਸ਼ਾਹ ਸ਼ਾਮਲ ਹਨ, ਜਿਨ੍ਹਾਂ ਨੂੰ ਇਹ ਸਨਮਾਨ ਮਰਨ ਉਪਰੰਤ ਦਿੱਤਾ ਗਿਆ ਹੈ। ਨਾਲ ਹੀ ਕ੍ਰਿਕਟਰ ਰੋਹਿਤ ਸ਼ਰਮਾ ਤੇ ਹਾਕੀ ਖਿਡਾਰੀ ਸਵਿਤਾ ਪੂਨੀਆ ਨੂੰ ਵੀ ਪਦਮਸ਼੍ਰੀ ਦਿੱਤਾ ਗਿਆ ਹੈ। ਜੇਐੱਨਯੂ ਦੇ ਸਾਬਕਾ ਵਾਈਸ ਚਾਂਸਲਰ ਐੱਮ. ਜਗਦੀਸ਼ ਕੁਮਾਰ, ਪ੍ਰਸਾਰ ਭਾਰਤੀ ਦੇ ਸਾਬਕਾ ਸੀਈਓ ਸ਼ਸ਼ੀ ਸ਼ੇਖਰ ਵੇਮਪਤੀ ਅਤੇ ਅਦਾਕਾਰ ਆਰ. ਮਾਧਵਨ ਤੇ ਪ੍ਰੋਸੇਨਜੀਤ ਚੈਟਰਜੀ ਵੀ ਪਦਮਸ਼੍ਰੀ ਹਾਸਲ ਕਰਨ ਵਾਲਿਆਂ ਵਿਚ ਸ਼ਾਮਲ ਹਨ।

## 328 ਸਰੂਪਾਂ ਬਾਰੇ...

**(ਪਹਿਲੇ ਸਫ਼ੇ ਦਾ ਬਾਕੀ)**

ਦਸਤਾਵੇਜ਼ੀ ਰਿਕਾਰਡ ਅਜੇ ਤੱਕ ਪ੍ਰਦਾਨ ਨਹੀਂ ਕੀਤਾ ਗਿਆ। ਦਰਅਸਲ, ਇਹ ਪੂਰੀ ਕਾਰਵਾਈ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਮੁਲਜ਼ਮ ਬਣਾਏ ਗਏ ਗੁਰਮੁਖ ਸਿੰਘ, ਕੁਲਵੰਤ ਸਿੰਘ, ਬਾਜ ਸਿੰਘ ਅਤੇ ਗੁਰਬਚਨ ਸਿੰਘ ਵੱਲੋਂ ਦਾਖਲ ਕੀਤੀ ਗਈ ਜ਼ਮਾਨਤ ਪਟੀਸ਼ਨ ‘ਤੇ ਹੋ ਰਹੀ ਹੈ। ਪੰਜਾਬ ਸਰਕਾਰ ਨੂੰ ਉਨ੍ਹਾਂ ਦੀ ਜ਼ਮਾਨਤ ਅਰਜ਼ੀ ‘ਤੇ ਆਪਣਾ ਪੱਖ ਰੱਖਣਾ ਸੀ, ਜਿਸ ਦੌਰਾਨ ਸਰਕਾਰ ਨੇ ਸ਼ਰੋਮਣੀ ਕਮੇਟੀ ਦੇ ਸਹਿਯੋਗ ਸੰਬੰਧੀ ਆਪਣਾ ਸਟੈਂਡ ਸਪਸ਼ਟ ਕੀਤਾ।



### ਪੂਰੀ ਤਰ੍ਹਾਂ ਤਿਆਰ ਹੈ ਸਾਰਾ ਰਿਕਾਰਡ: ਪ੍ਰਤਾਪ ਸਿੰਘ

ਪੰਜਾਬ ਸਰਕਾਰ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਹਾਈ ਕੋਰਟ ਵਿੱਚ ਦਾਖਲ ਕੀਤੇ ਗਏ ਜਵਾਬ ਤੋਂ ਬਾਅਦ ਹੁਣ ਸ਼੍ਰੋਮਣੀ ਕਮੇਟੀ ਦਾ ਬਿਆਨ ਸਾਹਮਣੇ ਆਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਕੋਲ ਸਾਰਾ ਰਿਕਾਰਡ ਪੂਰੀ ਤਰ੍ਹਾਂ ਤਿਆਰ ਹੈ ਅਤੇ ਜਦੋਂ ਵੀ ਮੰਗਿਆ ਜਾਵੇਗਾ ਤੁਰੰਤ ਦੇ ਦਿੱਤਾ ਜਾਵੇਗ। ਉਨ੍ਹਾਂ ਕਿਹਾ ਕਿ ਠ ਵੱਲੋਂ ਜਿਹੜਾ ਵੀ ਰਿਕਾਰਡ ਮੰਗਿਆ ਗਿਆ ਸੀ, ਉਹ ਪਹਿਲਾਂ ਹੀ ਤਿਆਰ ਹੈ।ਪ੍ਰਤਾਪ ਸਿੰਘ ਨੇ ਦੱਸਿਆ ਕਿ ਜੇਕਰ ਜਾਂਚ ਏਜੰਸੀ ਸਵੇਰੇ ਰਿਕਾਰਡ ਮੰਗਦੀ ਹੈ ਤਾਂ ਕਮੇਟੀ ਉਸੇ ਸਵੇਰੇ ਸਾਰੇ ਦਸਤਾਵੇਜ਼ ਦੇਣ ਲਈ ਤਿਆਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਹ ਵੀ ਕਿਹਾ ਕਿ ਕਮੇਟੀ ਤਾਂ ਰਿਕਾਰਡ ਦੇਣ ਲਈ ਬੈਠੀ ਹੈ, ਪਰ ਹੁਣ ਤੱਕ ਜਾਂਚ ਏਜੰਸੀ ਵੱਲੋਂ ਕੋਈ ਸਪਸ਼ਟ ਜਵਾਬ ਨਹੀਂ ਦਿੱਤਾ ਜਾ ਰਿਹਾ। ਪ੍ਰਤਾਪ ਸਿੰਘ ਅਨੁਸਾਰ ਫਿਲਹਾਲ ਕੋਈ ਵੀ ਦਸਤਾਵੇਜ਼ ਨਹੀਂ ਦਿੱਤਾ ਗਿਆ,ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮਾਮਲੇ ਵਿੱਚ ਪੂਰਾ ਸਹਿਯੋਗ ਕਰ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਗੁਰੂ ਨਾਨਕ ਦੇਵ ਯੂਨੀਵਰਸਿਟੀ ਖੇਡ ਸਹੂਲਤਾਂ ਨੂੰ ਬਣਾਏਗੀ ਅਤਿ ਆਧੁਨਿਕ

**ਨਵੀਂ ਦਿੱਲੀ:**ਪੰਜਾਬ ਦੇ ਖਿਡਾਰੀਆਂ ਨੂੰ ਵਿਸ਼ਵ ਪੱਧਰ 'ਤੇ ਲੈ ਜਾਣ ਦੀ ਪ੍ਰਤਿਬੱਧਤਾ ਨਾਲ ਮਾਣਯੋਗ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕੇਂਦਰੀ ਮੰਤਰੀ ਨੂੰ ਸੌਂਪੇ ਵੱਡੇ ਪ੍ਰਸਤਾਵ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਪੰਜਾਬ ਦੇ ਨੌਜਵਾਨ ਖਿਡਾਰੀਆਂ ਦੀ ਤਰੱਕੀ ਤੇ ਵਿਸ਼ਵ ਪੱਧਰੀ ਸਫਲਤਾ ਲਈ ਸਦਾ ਫਿਕਰਮੰਦ ਹੈ। ਇਸੇ ਉੱਚੀ ਸੋਚ ਅਤੇ ਦੂਰਅੰਦੇਸ਼ੀ ਨਾਲ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਕੇਂਦਰੀ ਯੂਥ ਅਫੇਅਰਜ਼ ਤੇ ਸਪੋਰਟਸ ਮੰਤਰੀ ਸ੍ਰੀ ਮਨਸੁਖ ਮੰਡਾਵੀਆ ਨਾਲ ਮੁਲਾਕਾਤ ਕਰਕੇ ਯੂਨੀਵਰਸਿਟੀ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵਿਸ਼ੇਸ਼ ਪ੍ਰਸਤਾਵ ਪੇਸ਼ ਕੀਤੇ। ਇਹ ਪ੍ਰਸਤਾਵ ਪੰਜਾਬ ਦੇ ਖਿਡਾਰੀਆਂ ਨੂੰ ਨਾ ਸਿਰਫ਼ ਰਾਸ਼ਟਰੀ ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਚਮਕਣ ਯੋਗ ਬਣਾਉਣ ਦੀ ਮਜ਼ਬੂਤ ਇੱਛਾ ਨੂੰ ਦਰਸਾਉਂਦੇ ਹਨ। ਮੀਟਿੰਗ ਵਿੱਚ ਵਾਈਸ ਚਾਂਸਲਰ ਨਾਲ ਯੂਨੀਵਰਸਿਟੀ ਦੇ ਡਾਇਰੈਕਟਰ ਸਪੋਰਟਸ ਡਾ. ਕੰਵਰ ਮਨਦੀਪ ਸਿੰਘ ਵੀ ਸ਼ਾਮਲ ਸਨ। ਪ੍ਰੋ. ਕਰਮਜੀਤ ਸਿੰਘ ਨੇ ਵਿਸਥਾਰ ਨਾਲ ਦੱਸਿਆ ਕਿ ਯੂਨੀਵਰਸਿਟੀ ਦੀਆਂ ਮੌਜੂਦਾ ਖੇਡ ਸਹੂਲਤਾਂ ਨੂੰ ਅਤਿ ਆਧੁਨਿਕ ਬਣਾਉਣ, ਨੌਜਵਾਨ ਪ੍ਰਤਿਭਾਵਾਂ ਨੂੰ ਨਿਖਾਰਨ ਲਈ ਵਿਸ਼ੇਸ਼ ਟ੍ਰੇਨਿੰਗ ਅਤੇ ਕੋਚਿੰਗ ਪ੍ਰੋਗਰਾਮ ਸ਼ੁਰੂ ਕਰਨ ਤੇ ਵਿਦਿਆਰਥੀ-ਐਥਲੀਟਾਂ ਲਈ ਪੂਰਨ ਸਹਾਇਕ ਪ੍ਰਬੰਧਾਂ ਦੀ ਲੋੜ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਖੇਡਾਂ ਵਿੱਚ ਲੰਮੇ ਸਮੇਂ ਤੋਂ ਚੱਲ ਰਹੀ ਸ਼ਾਨਦਾਰ ਵਿਰਾਸਤ ਨੂੰ ਹੋਰ ਉੱਚਾ ਚੁੱਕਣ ਲਈ ਆਧੁਨਿਕ ਬੁਨਿਆਦੀ ਢਾਂਚਾ ਅਤੇ ਵਿਵਸਥਿਤ ਸਹਿਯੋਗ ਜ਼ਰੂਰੀ ਹੈ। ਪ੍ਰੋ. ਕਰਮਜੀਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਬੀਤੇ ਸਮੇਂ ਦੌਰਾਨ ਭਾਰਤ ਦੇ ਨਾਲ ਨਾਲ ਵਿਸ਼ਵ ਵਿੱਚ ਵੀ ਕਾਫੀ ਨਾਮਣਾ ਖੱਟਿਆ ਹੈ ਅਤੇ ਪੰਜਾਬ ਅਤੇ ਭਾਰਤ ਦੇ ਨਾਮ ਨੂੰ ਰੌਸ਼ਨ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਖਿਡਾਰੀਆਂ ਵਿੱਚ ਅਸੀਮ ਸਮਰੱਥਾ ਹੈ ਅਤੇ ਯੂਨੀਵਰਸਿਟੀ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਲੈ ਜਾਣ ਲਈ ਪੂਰੀ ਤਾਕਤ ਲਾਉਣ ਨੂੰ ਤਿਆਰ ਹੈ। ਇਹ ਨਾ ਸਿਰਫ਼ ਵਿਅਕਤੀਗਤ ਸਫਲਤਾ ਸਗੋਂ ਪੰਜਾਬ ਅਤੇ ਦੇਸ਼ ਦਾ ਮਾਣ ਵਧਾਉਣ ਵਾਲਾ ਕੰਮ ਹੋਵੇਗਾ। ਉਨ੍ਹਾਂ ਦੀ ਇਹ ਵਿਜ਼ਨਰੀ ਸੋਚ ਪੰਜਾਬੀ ਨੌਜਵਾਨਾਂ ਵਿੱਚ ਨਵੀਂ ਉਮੀਦ ਜਗਾਉਂਦੀ ਹੈ। ਕੇਂਦਰੀ ਮੰਤਰੀ ਸ੍ਰੀ ਮਨਸੁਖ ਮੰਡਾਵੀਆ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨ ਵਿਕਾਸ ਵਿੱਚ ਨਿਭਾਈ ਜਾ ਰਹੀ ਭੂਮਿਕਾ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਉਨ੍ਹਾਂ ਯੂਨੀਵਰਸਿਟੀ ਦੇ ਪ੍ਰਸਤਾਵਾਂ 'ਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਖੇਡਾਂ ਰਾਹੀਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਸ਼ਾਮਲ ਕਰਨਾ ਸਰਕਾਰ ਦੀ ਅਹਿਮ ਪਹਿਲ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ ਮੰਤਰੀ ਜੀ ਦੀ ਵਿਜ਼ਨਰੀ ਅਗਵਾਈ ਅਤੇ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਵਚਨਬੱਧਤਾ ਲਈ ਧੰਨਵਾਦ ਕੀਤਾ। ਇਹ ਮੁਲਾਕਾਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਈ ਖੇਡਾਂ ਦੇ ਖੇਤਰ ਵਿੱਚ ਨਵੇਂ ਦਰਵਾਜ਼ੇ ਖੋਲ੍ਹ ਸਕਦੀ ਹੈ ਅਤੇ ਪੰਜਾਬ ਦੇ ਖਿਡਾਰੀਆਂ ਨੂੰ ਵਿਸ਼ਵ ਮੰਚ 'ਤੇ ਝੰਡਾ ਲਹਿਰਾਉਣ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਸਕਦੀ ਹੈ।

### ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਵਲੋਂ ਕੇਂਦਰੀ ਮੰਤਰੀ ਨਾਲ ਮੁਲਾਕਾਤ



# ਗੁਰੂ ਤੇਗ ਬਹਾਦਰ ਜੀ ਨੇ ਦੇਸ਼ ਅਤੇ ਧਰਮ ਲਈ ਮਹਾਨ ਕੁਰਬਾਨੀ ਦਿੱਤੀ: ਫੜਨਵੀਸ



**ਸ੍ਰੀ ਹਜ਼ੂਰ ਸਾਹਿਬ (ਨਾਂਦੇੜ):**ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਮਹਾਰਾਸ਼ਟਰ ਸਰਕਾਰ ਵਲੋਂ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਦਿਸ਼ਾ-ਨਿਰਦੇਸ਼ਾਂ 'ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਸਰਪ੍ਰਸਤ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਦੋ ਰੋਜ਼ਾ ਗੁਰਮਤਿ ਸਮਾਗਮਅੱਜ ਗੁਰੂ ਸਾਹਿਬਾਨ ਦੀ ਪਵਿੱਤਰ ਧਰਤੀ ਨਾਂਦੇੜ ਵਿਖੇ ਇਤਿਹਾਸਕ ਪੈੜਾਂ ਪਾ ਕੇ ਸੰਪੂਰਨ ਹੋ ਗਏ। ਇਸ ਮੌਕੇ ਵੱਖ-ਵੱਖ ਸੂਬਿਆਂ ਤੋਂ ਆਏ 5 ਲੱਖ ਤੋਂ ਵਧੇਰੇ ਸ਼ਰਧਾਲੂਆਂ ਨੇ ਜਿੱਥੇ ਸ਼ਤਾਬਦੀ ਸਮਾਗਮਾਂ 'ਚ ਹਾਜ਼ਰੀ ਭਰੀ ਉੱਥੇ ਹੀ ਅੱਜ ਦੂਜੇ ਅਤੇ ਆਖਰੀ ਦਿਨ ਰਾਗੀ ਜਥਿਆਂ ਨੇ ਇਲਾਹੀ ਬਾਣੀ ਦੇ ਰਸ-ਭਿੰਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ, ਜਦਕਿ ਸਨਾਤਨ ਮਤ ਨਾਲ ਜੁੜੇ ਅਤੇ ਸੰਤ ਸਮਾਜ ਦੇ ਪ੍ਰਮੁੱਖ ਆਗੂਆਂ ਨੇ ਵੀ ਇਸ ਮੌਕੇ ਗੁਰੂ ਸਾਹਿਬਾਨ ਦਾ ਗੁਣਗਾਨ ਕੀਤਾ। ਸਮਾਗਮ ਦੇ ਆਖਿਰ ਵਿਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਉੱਪ ਮੁੱਖ ਮੰਤਰੀ ਅਜੀਤ ਪਵਾਰ, ਆਂਧਰਾ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਪਵਨ ਕਲਿਆਣ, ਦਿੱਲੀ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ, ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ, ਬਾਬਾ ਹਰਨਾਮ ਸਿੰਘ ਖ਼ਾਲਸਾ, ਬਾਬਾ ਬਲਵਿੰਦਰ ਸਿੰਘ ਲੰਗਰ ਸਾਹਿਬ ਵਾਲੇ, ਚੇਅਰਮੈਨ ਵਿਜੇ ਸਤਬੀਰ ਸਿੰਘ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਪ੍ਰਬੰਧਕੀ ਬੋਰਡ ਸਣੇ ਸਿਆਸੀ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਇਤਿਹਾਸ 'ਤੇ ਚਾਨਣਾ ਪਾਉਂਦੇ ਹੋਏ ਗੁਰੂ ਸਾਹਿਬਾਨ ਨੂੰ ਸਿਜਦਾ ਕੀਤਾ। ਇਸ ਮੌਕੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਬੋਰਡ ਅਤੇ ਮਹਾਰਾਸ਼ਟਰ ਸਰਕਾਰ ਵਲੋਂ ਕਰਵਾਇਆ ਗਿਆ। ਇਹ ਸਮਾਗਮ ਬੇਹੱਦ ਕਾਮਯਾਬੀ ਨਾਲ ਸੰਪੂਰਨ ਹੋਇਆ। ਸ਼ਾਮ ਨੂੰ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਸਮਾਗਮ ਸਥਾਨ 'ਤੇ ਕੀਤੇ ਗਤਕੇ ਦੇ ਪ੍ਰਦਰਸ਼ਨ ਨੇ ਵੀ ਸੰਗਤ ਨੂੰ ਖ਼ਾਲਸਾਈ ਜਾਹੋ ਜਲਾਲ ਦੇ ਅਲੌਕਿਕ ਦਰਸ਼ਨ ਕਰਵਾਏ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਕਿਹਾ ਕਿ ਇਹ ਗੱਲ ਬਿਲਕੁਲ ਸਹੀ ਹੈ ਕਿ ਜੇਕਰ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਨਾ ਦਿੱਤੀ ਹੁੰਦੀ ਤਾਂ ਅੱਜ ਅਸੀਂ ਇਸ ਮੰਚ 'ਤੇ ਨਹੀਂ ਹੋਣਾ ਸੀ। ਉਨ੍ਹਾਂ ਇਸ ਦੌਰਾਨ ਗੁਰੂ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦਾ ਵੀ ਜ਼ਿਕਰ ਕੀਤਾ ਤੇ ਨਾਲ ਹੀ ਭਾਈ ਲੱਖੀ ਸ਼ਾਹ ਵਣਜਾਰਾ ਦੀ ਹਿੰਮਤ ਅਤੇ ਦਲੇਰੀ ਨੂੰ ਨਮਨ ਕੀਤਾ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਸਮਾਗਮ ਰਾਹੀਂ ਨਾਨਕ ਨਾਮਲੇਵਾ ਭਾਈਚਾਰਿਆਂ ਦਾ ਵੀ ਉਹ ਧੰਨਵਾਦ ਕਰਦੇ ਹਨ ਕਿਉਂਕਿ ਇਹ ਸਾਰੇ ਸਮਾਜ ਹਿੰਦੂਆਂ ਤੇ ਸਿੱਖਾਂ ਵਿਚ ਏਕਤਾ ਦਾ ਪ੍ਰਤੀਕ ਹਨ। ਉਨ੍ਹਾਂ ਇਹ ਜਾਣਕਾਰੀ ਵੀ ਦਿੱਤੀ ਕਿ ਮਹਾਰਾਸ਼ਟਰ ਸਰਕਾਰ ਆਪਣੇ ਸਕੂਲੀ ਸਿਲੇਬਸ ਵਿਚ ਵੀ ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ ਸ਼ਾਮਿਲ ਕਰ ਰਹੀ ਹੈ ਤੇ ਭਵਿੱਖ 'ਚ ਵੀ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਯਤਨ ਜਾਰੀ ਰਹਿਣਗੇ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਬਿਹਤਰ ਭਵਿੱਖ ਲਈ ਇਤਿਹਾਸ ਨਾਲ ਜੁੜਣਾ ਚਾਹੀਦਾ। ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਘਰ-ਘਰ ਪਹੁੰਚਾਉਣ ਲਈ ਸਰਕਾਰ ਵਲੋਂ ਲਗਾਤਾਰ ਯਤਨ ਜਾਰੀ ਰਹਿਣਗੇ। ਸ਼ਤਾਬਦੀ ਸਮਾਗਮਾਂ ਦੇ ਮਾਰਗਦਰਸ਼ਨ ਲਈ ਬਾਬਾ ਹਰਨਾਮ ਸਿੰਘ ਖਾਲਸਾ ਤੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਦਾ ਧੰਨਵਾਦ ਕੀਤਾ।



## ਮਹਾਰਾਸ਼ਟਰ ਸਰਕਾਰ ਵਲੋਂ ਸਿੱਖ ਧਰਮ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦਾ ਸਫ਼ਲ ਉਪਰਾਲਾ: ਸਿਰਸਾ

ਮਨਜਿੰਦਰ ਸਿੰਘ ਸਿਰਸਾ ਨੇ ਸੰਬੋਧਨ ਕਰਦਿਆਂ ਇਸ ਕਾਮਯਾਬ ਸਮਾਗਮ ਲਈ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਸਿੱਖ ਧਰਮ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦਾ ਸਫਲ ਉਪਰਾਲਾ ਕਰਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਸਿਰਸਾ ਨੇ ਗੁਰੂ ਸਾਹਿਬਾਨ ਦੀ ਲਾਸਾਨੀ ਸ਼ਹਾਦਤ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚਾਨਣਾ ਪਾਇਆ। ਸਿਰਸਾ ਨੇ ਕਿਹਾ ਕਿ ਉਨ੍ਹਾਂ ਇਸ ਤੋਂ ਪਹਿਲਾਂ ਗੁਰੂ ਸਾਹਿਬਾਨ ਨੂੰ ਸਮਰਪਿਤ ਇਨ੍ਹਾਂ ਪ੍ਰਭਾਵਸ਼ਾਲੀ ਸਮਾਗਮ ਕਦੇ ਨਹੀਂ ਵੇਖਿਆ।

## ਹਰੇਕ ਸਨਾਤਨੀ ਦੇ ਘਰ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਸਵੀਰ ਜ਼ਰੂਰ ਹੋਣੀ ਚਾਹੀਦੀ ਹੈ



ਇਸ ਮੌਕੇ ਇਸ ਮਹਾਰਾਸ਼ਟਰ ਸ਼ਤਾਬਦੀ ਸਮਾਗਮਾਂ ਦੇ ਚੇਅਰਮੈਨ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਅਤੇ ਸਿਖਿਆਵਾਂ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਸ਼ਹਾਦਤ ਨਾ ਦਿੰਦੇ ਤਾਂ ਭਾਰਤ ਵਿਚ ਇਸਲਾਮ ਤੋਂ ਇਲਾਵਾ ਕੋਈ ਹੋਰ ਦੂਜਾ ਧਰਮ ਨਹੀਂ ਬਚਣਾ ਸੀ। ਉਨ੍ਹਾਂ ਕਿਹਾ ਕਿ ਜ਼ਾਲਮ ਮੁਗ਼ਲੀਆ ਹਕੂਮਤ ਸਾਹਮਣੇ ਸਿਰਫ ਗੁਰੂ ਤੇਗ ਬਹਾਦਰ ਜੀ ਨੇ ਹੀ ਆਵਾਜ਼ ਬੁਲੰਦ ਕੀਤੀ ਅਤੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਔਰੰਗਜ਼ੇਬ ਭਾਰਤ ਵਿਚ ਕਿਸੇ ਦਾ ਵੀ ਧਰਮ ਨਹੀਂ ਬਦਲ ਸਕਿਆ। ਇਸ ਮੌਕੇ ਉਨ੍ਹਾਂ ਨੇ ਇਸ ਸਮਾਗਮ ਦੀ ਕਾਮਯਾਬੀ ਵਿਚ ਸਹਿਯੋਗ ਦੇਣ ਲਈ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ ਕਰਦਿਆਂ ਨਾਲ ਹੀ ਗੁਰੂ ਸਾਹਿਬਾਨ ਦਾ ਇਤਿਹਾਸ ਮਹਾਰਾਸ਼ਟਰ ਦੇ ਸਕੂਲੀ ਬੱਚਿਆਂ ਦੇ ਸਿਲੇਬਸ ਵਿਚ ਜੋੜਨ ਲਈ ਵੀ ਦੇਵੇਂਦਰ ਫੜਨਵੀਸ ਦੀ ਸ਼ਲਾਘਾ ਕੀਤੀ । ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਹਰੇਕ ਸਨਾਤਨੀ ਦੇ ਘਰ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਸਵੀਰ ਜ਼ਰੂਰ ਹੋਣੀ ਚਾਹੀਦੀ ਹੈ।

# ਮਰਦਮਸ਼ੁਮਾਰੀ ਦੇ ਪਹਿਲੇ ਪੜਾਅ 'ਚ ਪੁੱਛੇ ਜਾਣ ਵਾਲੇ ਸਵਾਲਾਂ ਦੀ ਸੂਚੀ ਜਾਰੀ

**ਨਵੀਂ ਦਿੱਲੀ:**ਸਰਕਾਰ ਨੇ ਮਰਦਮਸ਼ੁਮਾਰੀ ਦੇ ਪਹਿਲੇ ਪੜਾਅ ਦੌਰਾਨ ਨਾਗਰਿਕਾਂ ਤੋਂ ਪੁੱਛੇ ਜਾਣ ਵਾਲੇ 33 ਸਵਾਲਾਂ ਦੀ ਸੂਚੀ ਜਾਰੀ ਕਰ ਦਿੱਤੀ। ਇਸ ਪੜਾਅ 'ਚ ਘਰਾਂ ਦੀ ਸੂਚੀ ਤਿਆਰ ਕੀਤੀ ਜਾਏਗੀ, ਜਿਸ ਦੇ ਲਈ ਹਰ ਰਾਜ ਅਤੇ ਕੇਂਦਰੀ ਪ੍ਰਬੰਧਤ ਪ੍ਰਦੇਸ਼ਾਂ ਵਲੋਂ ਨਿਰਧਾਰਿਤ 30 ਦਿਨਾਂ ਦੀ ਮਿਆਦ 'ਚ ਮੁਹਿੰਮ ਚਲਾਈ ਜਾਏਗੀ। ਇਹ ਪੜਾਅ 30 ਸਤੰਬਰ ਤੱਕ ਜਾਰੀ ਰਹੇਗਾ। ਸਰਵੇਖਣ ਦੌਰਾਨ ਮਰਦਮਸ਼ੁਮਾਰੀ ਕਰਨ ਵਾਲੇ ਅਧਿਕਾਰੀ ਘਰ ਦੀ ਮਲਕੀਅਤ ਦੀ ਸਥਿਤੀ, ਘਰ ਦੀ ਵਰਤੋਂ, ਫ਼ਰਸ਼ ਅਤੇ ਛੱਤ 'ਚ ਵਰਤੀ ਜਾਣ ਵਾਲੀ ਸਮੱਗਰੀ ਦੀ ਕਿਸਮ, ਕਮਰਿਆਂ ਦੀ ਗਿਣਤੀ ਆਦਿ ਜਾਣਕਾਰੀ ਮੰਗਣਗੇ। ਉਸ ਤੋਂ ਬਾਅਦ ਘਰ ਦੀ ਵਰਤੋਂ, ਉਸ ਦੀ ਸਥਿਤੀ ਅਤੇ ਮੈਂਬਰਾਂ ਦੀ ਗਿਣਤੀ ਬਾਰੇ ਪੁੱਛਣਗੇ। ਨਾਗਰਿਕਾਂ ਤੋਂ ਉਨ੍ਹਾਂ ਦੇ ਘਰ 'ਚ ਉਪਲਬਧ ਬੁਨਿਆਦੀ ਸਹੂਲਤਾਂ ਬਾਰੇ ਪੁੱਛਿਆ ਜਾਵੇਗਾ। ਲੋਕਾਂ ਤੋਂ ਪੀਣ ਦੇ ਪਾਣੀ ਦੇ ਮੁੱਖ ਸਰੋਤ, ਰੌਸ਼ਨੀ ਦਾ ਮੁੱਖ ਸਰੋਤ, ਟਾਇਲਟ ਦੀ ਉਪਬਧਤਾ, ਨਹਾਉਣ ਦੀ ਸੁਵਿਧਾ ਅਤੇ ਰਸੋਈ ਦੀ ਉਪਲਬਧਤਾ, ਐੱਲ.ਪੀ.ਜੀ. ਅਤੇ ਪੀ.ਐਨ.ਜੀ. ਕੁਨੈਕਸ਼ਨ ਅਤੇ ਖਾਣਾ ਪਕਾਉਣ ਵਾਲੇ ਮੁੱਖ ਈਂਧਣ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਏਗੀ। ਮਰਦਮਸ਼ੁਮਾਰੀ ਦੋ ਪੜਾਵਾਂ 'ਚ ਕੀਤੀ ਜਾਏਗੀ। ਅਪ੍ਰੈਲ ਤੋਂ ਸਤੰਬਰ ਤੱਕ ਘਰਾਂ ਦਾ ਸੂਚੀਕਰਨ ਅਤੇ ਰਿਹਾਇਸ਼ ਮਰਦਮਸ਼ੁਮਾਰੀ ਅਤੇ ਫਰਵਰੀ 2027 'ਚ ਵਿਅਕਤੀਆਂ ਦੀ ਗਿਣਤੀ ਕੀਤੀ ਜਾਏਗੀ।




## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ 31 ਨੂੰ

**ਅੰਮ੍ਰਿਤਸਰ:**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 31 ਜਨਵਰੀ ਨੂੰ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਵੇਗੀ। ਸਕੱਤਰ ਪ੍ਰਤਾਪ ਸਿੰਘ ਨੇ ਇਕੱਤਰਤਾ ਸਬੰਧੀ ਏਜੰਡਾ ਤੇ ਪੱਤਰ ਅੰਤ੍ਰਿੰਗ ਕਮੇਟੀ ਨੂੰ ਭੇਜ ਦਿੱਤਾ ਹੈ। ਇਹ ਮੀਟਿੰਗ ਹੰਗਾਮੀ ਹੋ ਸਕਦੀ ਹੈ ਕਿਉਂਕਿ 15 ਦਿਨ ਪਹਿਲਾਂ ਰੂਟੀਨ ਦੀ ਮੀਟਿੰਗ 16 ਜਨਵਰੀ ਨੂੰ ਹੋ ਗਈ ਸੀ। 328 ਪਾਵਨ ਸਰੂਪਾਂ ਦੇ ਮਾਮਲੇ 'ਚ ਐੱਸ.ਆਈ.ਟੀ. ਵੱਲੋਂ ਮੰਗੀ ਜਾਣਕਾਰੀ ਦੇਣ ਸੰਬੰਧੀ ਵੀ ਮਾਮਲਾ ਵਿਚਾਰਿਆ ਜਾ ਸਕਦਾ ਹੈ।



# ਵ੍ਹਟਸਐਪ ਦੀ ਗੁਪਤਤਾ ਸੰਬੰਧੀ ਦਾਅਵਿਆਂ ਖ਼ਿਲਾਫ਼ ਮੈਟਾ 'ਤੇ ਕੇਸ

**ਨਵੀਂ ਦਿੱਲੀ**:ਮੈਟਾ ਖ਼ਿਲਾਫ਼ ਮੈਸੇਜਿੰਗ ਐਪ ਵਟਸਐਪ ਦੇ ਉਪਭੋਗਤਾਵਾਂ ਨੂੰ ਦਿੱਤੀ ਜਾਣ ਵਾਲੀ ਗੁਪਤਤਾ ' ਅਤੇ ਸੁਰੱਖਿਆ ਆ ਬਾਰੇ ਝੂਠੇ ਦਾਵੇ ਕਰਨ ਦਾ ਦੋਸ਼ ਲਗਾਉਂਦੇ ਹੋਏ ਮਾਮਲਾ ਦਾਇਰ ਕੀਤਾ ਗਿਆ ਹੈ।

ਇਹ ਮਾਮਲਾ ਸ਼ੁੱਕਰਵਾਰ ਨੂੰ ਸੈਨ ਫਰਾਂਸਿਸਕੋ 'ਚ ਸਥਿਤ ਅਮਰੀਕੀ ਜ਼ਿਲ੍ਹਾ ਅਦਾਲਤ 'ਚ ਵਾਦੀਆਂ ਦੇ ਇਕ ਅੰਤਰਰਾਸ਼ਟਰੀ ਸਮੂਹ ਵੱਲੋਂ ਦਾਇਰ ਕੀਤਾ ਗਿਆ। ਇਸ ਸਮੂਹ 'ਚ ਭਾਰਤ, ਆਸਟਰੇਲੀਆ, ਬ੍ਰਾਜ਼ੀਲ, ਮੈਕਸਿਕੋ ਅਤੇ ਦੱਖਣੀ ਅਫਰੀਕਾ ਦੀਆਂ ਧਿਰਾਂ ਸ਼ਾਮਲ ਹਨ। ਹਾਲਾਂਕਿ, ਇਸ ਦਾਅਵੇ ਨੂੰ ਕੰਪਨੀ ਨੇ ਬੇਵਕੂਫ਼ ਸਟੋਰੀ ਦੱਸ ਕੇ ਖਾਰਜ ਕਰ ਦਿੱਤਾ ਹੈ। ਮੁਕੱਦਮੇ 'ਚ ਦਾਅਵਾ ਕੀਤਾ ਗਿਆ ਹੈ ਕਿ ਮੈਟਾ ਅਤੇ ਵਟਸਐਪ ਕਥਿਤ ਤੌਰ 'ਤੇ ਸਾਰੇ ਪ੍ਰਾਈਵੇਟ ਉਪਭੋਗਤਾਵਾਂ ਦੇ ਸੰਦੇਸ਼ਾਂ ਨੂੰ ਸਟੋਰ ਕਰ ਸਕਦੇ ਹਨ, ਉਹਨਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਨ ਤੇ ਉਹਨਾਂ ਤੱਕ ਪਹੁੰਚ ਸਕਦੇ ਹਨ।



# ਵੋਟ ਦਾ ਅਧਿਕਾਰ ਭਵਿੱਖ 'ਚ ਭਾਰਤ ਦੀ ਹਿੱਸੇਦਾਰੀ ਦਾ ਚਿੰਨ੍ਹ: ਮੋਦੀ

## ਵੋਟਰ ਬਣਨ ਨੂੰ ਲੋਕਤੰਤਰ 'ਚ ਸ਼ਮੂਲੀਅਤ ਦਾ ਉਤਸਵ ਦੱਸਿਆ

**ਨਵੀਂ ਦਿੱਲੀ:**ਗਣਤੰਤਰ ਦਿਵਸ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ 'ਮਨ ਕੀ ਬਾਤ' ਪ੍ਰੋਗਰਾਮ ਸਿਰਫ ਰੇਡੀਓ ਸੰਬੋਧਨ ਨਹੀਂ ਰਿਹਾ, ਬਲਕਿ ਲੋਕਤੰਤਰ, ਨੌਜਵਾਨਾਂ ਦੀ ਭੂਮਿਕਾ ਤੇ ਭਾਰਤ ਦੀ ਆਰਥਿਕ ਯਾਤਰਾ ਨੂੰ ਇੱਕਠੇ ਜੋੜਨ ਦੀ ਸਪੱਸ਼ਟ ਕੋਸ਼ਿਸ਼ ਵਜੋਂ ਦਿਸਿਆ। ਮਹੀਨਾਵਾਰ ਰੇਡੀਓ ਪ੍ਰੋਗਰਾਮ ਦੇ 130ਵੇਂ ਐਡੀਸ਼ਨ ਦਾ ਸੰਜੋਗ ਰਾਸ਼ਟਰੀ ਵੋਟਰ ਦਿਵਸ ਨਾਲ ਜੁੜਨ ਨਾਲ ਇਹ ਹੋਰ ਵੀ ਪ੍ਰਤੀਕਾਤਮਕ ਬਣ ਗਿਆ। ਪੀਐਮ ਨੇ ਵੋਟਰ ਬਟਨ ਨੂੰ ਸਿਰਫ ਇਕ ਪ੍ਰਸ਼ਾਸਨਿਕ ਪ੍ਰਕਿਰਿਆ ਨਹੀਂ, ਬਲਕਿ ਭਾਰਤ ਦੇ ਭਵਿੱਖ 'ਚ ਸਰਗਰਮ ਹਿੱਸੇਦਾਰੀ ਦਾ ਉਤਸਵ ਦੱਸਿਆ।

ਇਸਦੇ ਲਈ ਉਨ੍ਹਾਂ ਵੱਖਰੇ ਤੌਰ 'ਤੇ ਇਕ ਪੱਤਰ ਲਿਖ ਕੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਨੌਜਵਾਨ ਦੇ 18 ਸਾਲ ਦੀ ਉਮਰ ਪੂਰੀ ਕਰ ਕੇ ਪਹਿਲੀ ਵਾਰ ਵੋਟਰ ਬਣਨ 'ਤੇ ਉਸ ਨੂੰ ਉਤਸਵ ਦੀ ਤਰ੍ਹਾਂ ਮਨਾਇਆ ਜਾਵੇ। ਮੁਹੱਲਾ, ਪਿੰਡ-ਸ਼ਹਿਰ ਉਸਦਾ ਸਵਾਗਤ ਕਰਨ। ਮਠਿਆਈਆਂ ਵੰਡੀਆਂ ਜਾਣ। ਪੀਐੱਮ ਦਾ ਇਹ ਸੁਝਾਅ ਆਪਣੇ-ਆਪ 'ਚ ਲੋਕਤੰਤਰ ਨੂੰ ਸਮਾਜਿਕ ਸੱਭਿਆਚਾਰ ਨਾਲ ਜੋੜਨ ਦਾ ਸੰਕੇਤ ਹੈ।

ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ ਵੋਟਰ ਹੋਣਾ ਸੰਵਿਧਾਨਕ ਵਿਸ਼ੇਸ਼ ਅਧਿਕਾਰ ਦੇ ਨਾਲ-ਨਾਲ ਫ਼ਰਜ਼ ਵੀ ਹੈ, ਲੋਕਤੰਤਰਿਕ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ। ਬੀਤੇ ਸਾਲਾਂ 'ਚ ਵੋਟ ਫ਼ੀਸਦੀ ਵਧੀ ਹੈ ਪਰ ਸ਼ਹਿਰੀ ਖੇਤਰਾਂ ਤੇ ਨੌਜਵਾਨਾਂ 'ਚ ਹਾਲੇ ਵੀ ਉਦਾਸੀਨਤਾ ਇਕ ਚੁਣੌਤੀ ਬਣੀ ਹੋਈ ਹੈ। ਅਜਿਹੇ 'ਚ ਵੋਟਰ ਦਿਵਸ ਨੂੰ ਮਾਣਮੱਤੇ ਮੌਕੇ ਦੇ ਤੌਰ 'ਤੇ ਪੇਸ਼ ਕਰਨਾ ਤੇ ਨਵੇਂ ਵੋਟਰਾਂ ਨੂੰ ਸਨਮਾਨਿਤ ਕਰਨ ਦੀ ਗੱਲ ਕਹਿਣਾ, ਲੋਕਤੰਤਰ ਨੂੰ ਰਸਮ ਤੋਂ ਕੱਢ ਕੇ ਸਮੂਹਿਕ ਚੇਤਨਾ ਦਾ ਵਿਸ਼ਾ ਬਣਾਉਣ ਦੀ ਪਹਿਲ ਮੰਨੀ ਜਾ ਸਕਦੀ ਹੈ। ਮੋਦੀ ਦਾ ਜ਼ੋਰ ਇਸ ਗੱਲ 'ਤੇ ਸੀ ਕਿ ਵੋਟਰ ਸਿਰਫ ਵੋਟ ਪਾਉਣ ਤੱਕ ਸੀਮਤ ਨਹੀਂ ਹੈ, ਬਲਕਿ ਇਹ ਉਸ ਅਧਿਕਾਰ ਦੀ ਵਰਤੋਂ ਹੈ, ਜਿਸ ਰਾਹੀਂ ਨਾਗਰਿਕ ਦੇਸ਼ ਦੀ ਦਿਸ਼ਾ ਤੈਅ ਕਰਨ 'ਚ ਆਪਣੀ ਆਵਾਜ਼ ਸ਼ਾਮਲ ਕਰਦਾ ਹੈ। "ਮਨ ਕੀ ਬਾਤ" ਦਾ ਦੂਜਾ ਅਹਿਮ ਪੱਖ ਦੇਸ਼ ਦਾ ਆਰਥਿਕ ਤੇ ਉਦਯੋਗਿਕ



ਦਿਸ਼ਾ ਨਾਲ ਜੁੜਿਆ ਸੀ। ਪ੍ਰਧਾਨ ਮੰਤਰੀ ਮੋਦੀ ਨੇ ਸਟਾਰਟਅਪ ਸੱਭਿਆਚਾਰ ਦੀ ਸ਼ਲਾਘਾ ਕਰਦੇ ਹੋਏ ਦੱਸਿਆ ਕਿ ਭਾਰਤ ਅੱਜ ਦੁਨੀਆ ਦਾ ਤੀਜਾ ਵੱਡਾ ਸਟਾਰਟਅਪ ਈਕੋਸਿਸਟਮ ਬਣ ਚੁੱਕਾ ਹੈ। ਸਾਲ 2016 ਤੋਂ ਸ਼ੁਰੂ ਹੋਈ ਇਸ ਯਾਤਰਾ 'ਚ ਨੌਜਵਾਨਾਂ ਦੀ ਭੂਮਿਕਾ ਨੂੰ ਰੇਖਾਂਕਿਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਅੱਜ ਭਾਰਤੀ ਸਟਾਰਟਅਪ ਅਜਿਹੇ ਖੇਤਰਾਂ 'ਚ ਕੰਮ ਕਰ ਰਹੇ ਹਨ, ਜਿਨ੍ਹਾਂ ਦੀ ਕਲਪਨਾ ਇਕ ਦਹਾਕਾ ਪਹਿਲਾਂ ਮੁਸ਼ਕਲ ਸੀ। ਆਰਟੀਫੀਸ਼ੀਅਲ ਇੰਟੈਲੀਜੈਂ, ਪੁਲਾੜ, ਪਰਮਾਣੂ ਊਰਜਾ, ਸੈਮੀਕੰਡਕਟਰ, ਗ੍ਰੀਨ ਹਾਈਡ੍ਰੋਜਨ ਤੇ ਜੀਵ ਤਕਨੀਕ ਵਰਗੇ ਖੇਤਰ ਇਸ ਦੀਆਂ ਉਦਾਹਰਣਾਂ ਹਨ।

ਪੀਐੱਮ ਮੋਦੀ ਦਾ ਇਹ ਜ਼ਿਕਰ ਸਿਰਫ ਉਪਲੱਬਧੀ ਗਿਣਾਉਣ ਤੱਕ ਹੀ ਸੀਮਤ ਨਹੀਂ ਸੀ, ਬਲਕਿ ਭਵਿੱਖ ਦੀਆਂ ਉਮੀਦਾਂ ਦਾ ਸੰਕੇਤ ਵੀ ਸੀ। ਪ੍ਰਧਾਨ ਮੰਤਰੀ ਦਾ ਸਭ ਤੋਂ ਸਖ਼ਤ ਸੰਦੇਸ਼ 'ਗੁਣਵੱਤਾ' ਨੂੰ ਲੈ ਕੇ ਰਿਹਾ। ਉਨ੍ਹਾਂ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ 'ਚਲਦਾ ਹੈ' ਦਾਦੌਰ ਹੁਣ ਖ਼ਤਮ ਹੋ ਚੁੱਕਾ ਹੈ। ਕੱਪੜੇ ਹੋਣ, ਤਕਨੀਕ ਹੋਵੇ, ਇਲੈਕਟ੍ਰਾਨਿਕਸ ਜਾਂ ਪੈਕੇਜਿੰਗ, ਭਾਰਤੀ ਉਤਪਾਦਾਂ ਦੀ ਗੁਣਵੱਤਾ ਦਾ ਦੂਜਾ ਨਾਂ ਬਣਨਾ ਹੋਵੇਗਾ। ਇਹ ਸੰਦੇਸ਼ ਸਿਰਫ ਉਦਯੋਗ ਜਗਤ ਲਈ ਨਹੀਂ, ਬਲਕਿ ਸਮੁੱਚੇ ਕਾਰਜ ਸੱਭਿਆਚਾਰ ਲਈ ਸੀ। 'ਜ਼ੀਰੋ ਡਿਫੈਕਟ ਤੇ ਜ਼ੀਰੋ ਇਫੈਕਟ' ਦਾ ਜ਼ਿਕਰ ਰੇਖਾਂਕਿਤ ਕਰਦਾ ਹੈ ਕਿ ਮੁਕਾਬਲੇਬਾਜ਼ੀ ਦੇ ਇਸ ਦੌਰ 'ਚ ਗੁਣਵੱਤਾ ਤੇ ਲਗਾਤਾਰਤ ਹੀ ਭਾਰਤ ਨੂੰ ਵਿਕਸਿਤ ਰਾਸ਼ਟਰ ਦੀ ਲਾਈਨ 'ਚ ਖੜ੍ਹਾ ਕਰ ਸਕਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗੁਣਵੱਤਾ ਦੀ ਪਹਿਲ ਸਿਰਫ ਉਤਪਾਦਨ ਤੱਕ ਸੀਮਤ ਨਹੀਂ ਹੈ, ਬਲਕਿ ਸੋਚ, ਪ੍ਰਕਿਰਿਆ ਤੇ ਨਤੀਜੇ 'ਚ ਵੀ ਸੁਧਾਰ ਦੀ ਮੰਗ ਕਰਦੀ ਹੈ। ਪੀਐੱਮ ਨੇ ਪਰਿਵਾਰਕ ਤੇ ਸਮਾਜਿਕ ਮੁੱਲਾਂ ਦਾ ਵੀ ਜ਼ਿਕਰ ਕੀਤਾ।

ਯੂਏਈ ਵੱਲੋਂ 2026 ਨੂੰ 'ਯੀਅਰ ਆਫ ਦਿ ਫੈਮਿਲੀ' ਐਲਾਨਣ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਭਾਰਤੀ ਪਰਿਵਾਰਕ ਪ੍ਰਬੰਧਾਂ ਨੂੰ ਦੇਸ਼ ਦੀ ਰਵਾਇਤ ਤੇ ਸਮਾਜਿਕ ਮਜ਼ਬੂਤੀ ਦਾ ਆਧਾਰ ਦੱਸਿਆ। ਗੁਜਰਾਤ ਦੇ ਇਕ ਪਿੰਡ ਦੀ ਇਕ ਫਿਰਕੂ ਰਸੋਈ ਦੀ ਉਦਾਹਰਣ ਰਾਹੀਂ ਉਨ੍ਹਾਂ ਸੰਦੇਸ਼ ਦਿੱਤਾ ਕਿ ਹਿੱਸੇਦਾਰੀ ਭਾਰਤੀ ਸਮਾਜ ਦੀ ਤਾਕਤ ਰਹੀ ਹੈ।

# ਸਰਹੱਦ ਪਾਰੋਂ ਨਾਰਕੋ-ਅਤਿਵਾਦ ਨਾਲ ਜੁੜਿਆ ਮੁਲਜ਼ਮ ਕਾਬੂ

**ਐਸ.ਏ.ਐਸ. ਨਗਰ**:ਇੰਟੈਲੀਜੈਂਸ ਆਧਾਰਤ ਕਾਰਵਾਈ ਵਿਚ ਸਟੇਟ ਸਪੈਸ਼ਲ ਆਪਸ਼ਨ ਸੈਲ (ਐੱਸਐੱਸਸੀ) ਐਸਏਐਸ ਨਗਰ ਨੇ ਪੈਸਿਆਂ ਦਾ ਲੈਣ- ਦੇਣ ਕਰਨ ਵਾਲੇ ਵਿਅਕਤੀ ਦੀ ਗ੍ਰਿਫ਼ਤਾਰੀ ਨਾਲ ਅੰਤਰ-ਰਾਜੀ ਅਤੇ ਸਰਹੱਦ ਪਾਰੋ ਨਾਰਕ-ਐਤਵਾਦ ਮਾਡਿਊਲ ਦੇ। ਮਾਡਿਊਲ ਦੇ ਮੁੱਖ ਵਿੱਤੀ ਲਿੰਕ ਦਾ ਪਰਦਾਫਾਸ਼ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਸਤਨਾਮ ਸਿੰਘ (22) ਵਜੋ ਹੋਈ ਹੈ, ਜੋ ਸੰਗਰੂਰ ਦੇ ਪਿੰਡ ਪੁੰਨੇਵਾਲ ਦਾ ਰਹਿਣ ਵਾਲਾ ਹੈ। ਸਤਨਾਮ ਸਿੰਘ ਪਹਿਲਾਂ ਨਿੱਜੀ ਕੰਪਨੀ ਵਿਚ ਟੈਕਸੀ ਡਰਾਈਵਰ ਸੀ ਅਤੇ ਪਿਛਲੇ ਸਾਲ ਜੂਨ ਵਿਚ ਟੂਰਿਸਟ ਵੀਜੇ 'ਤੇ ਅਦਰਬਾਈਜਾਨ ਚਲਾ ਗਿਆ, ਜਿੱਥੇ ਉਹ ਪਾਕਿਸਤਾਨ ਆਧਾਰਤ ਡਰੱਗ ਤਸਕਰ ਦੇ ਸੰਪਰਕ ਵਿਚ ਆਇਆ।

ਇਹ ਕਾਰਵਾਈ ਭਾਰਤ-ਨੇਪਾਲ ਸਰਹੱਦ ਦੇ ਨੇੜੇ ਸਥਿਤ ਰਕਸੇਲ ਕਸਬੇ ਤੋਂ ਮੁੱਖ ਨਾਰਕੋ-ਅਤਿਵਾਦ ਕਾਰਕੁਨ ਰਾਜਬੀਰ ਸਿੰਘ ਉਰਫ ਫੌਜੀ ਦੀ ਗ੍ਰਿਫ਼ਤਾਰੀ, ਜਦੋਂ ਉਹ ਨੇਪਾਲ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ, ਵਿਚ ਅਗਲੇ-ਪਿਛਲੇ ਸੰਬੰਧਾਂ ਦਾ ਪਤਾ।ਉਹ ਭਗੌੜਾ ਹੋ ਗਿਆ ਸੀ, ਬਾਰੇ ਪਤਾ ਲੱਗਾ ਕਿ ਉਹ ਹੈਰੋਇਨ ਸਪਲਾਈ ਕਰਦਾ ਸੀ। ਦੱਸਣਯੋਗ ਹੈ ਕਿ ਇਹ ਉਹ ਵਿਅਕਤੀ ਹੈ, ਜਿਸ ਨੂੰ ਪਹਿਲਾ 107 ਗ੍ਰਾਮ ਹੈਰੋਇਨ, ਇਕ 9 ਐਮਐਮ ਪਿਸਤੋਲ ਅਤੇ ਕਾਰਤੂਸਾਂ ਸਮੇਤ ਸਭ ਕੁੱਝ ਦੀ ਡੂੰਘਾਈ ਨਾਲ ਕੀਤੀ ਜਾ ਕਰੀ ਜਾਂਚ ਦੌਰਾਨ ਸਾਹਮਣੇ ਆਈ ਹੈ।ਪਤਾ ਲੱਗਾ ਹੈ ਕਿ ਹੈਰੋਦਿਨ ਤਸਕਰੀ ਦੀ



ਕਮਾਈ ਨੂੰ ਵੈਨੇਲਾਈਰ ਕਰਨ ਲਈ ਜਾਣ ਉਡਾ ਕੇ ਆਪਣੇ ਬੈਂਕ ਖਾਤੇ ਅਤੇ ਯੂਪੀਆਈ ਵੇਰਵਿਆਂ ਦੀ ਵਰਤੋਂ ਕਰ ਕੇ ਫਾਇਨਾਂਸਿੰਗ ਦੀ ਸਹੂਲਤ ਦਿੱਤੀ।ਹਰਿਆਣਾ ਦੇ ਸਿਰਸਾ ਵਿਚ ਹੋਏ ਗ੍ਰਨੇਡ ਹਮਲੇ ਨਾਲ ਜੁੜਿਆ ਹੋਇਆ ਹੈ। ਇਸ ਸਬੰਧ ਵਿਚ ਪੁਲਿਸ ਦੀ ਟੀਮ ਲਗਾਤਾਰ ਜਾਂਚ ਕਰ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਇਸ ਮਾਡਿਊਲ ਦਾ ਸਬੰਧ ਕਈ ਸਫੇਦਪੋਸ਼ਾਂ ਨਾਲ ਵੀ ਹੋ ਸਕਦਾ ਹੈ।

### ਪ੍ਰਾਪਤ ਕੀਤੇ ਗਏ ਪੈਸੇ ਨੂੰ ਗਿਰੋਹ 'ਚ ਵੰਡਦੇ ਰਹੇ

ਪੁੱਛਗਿੱਛ ਦੌਰਾਨ ਇਹ ਵੀ ਪਤਾ ਲੱਗਾ ਕਿ ਹੈਰੋਇਨ ਦੀ ਵਿਕਰੀ ਤੋਂ ਬਾਅਦ ਸਤਨਾਮ ਸਿੰਘ ਦੇ ਖਾਤੇ ਵਿਚ ਪੈਸਾ ਜਮ੍ਹਾ ਕੀਤਾ ਗਿਆ ਅਤੇ ਇਹ ਪੈਸਾ ਬਾਅਦ ਵਿਚ ਨੈੱਟਵਰਕ ਦੇ ਹੋਰ ਕਾਰਕੁੰਨਾਂ ਨੂੰ ਭੇਜਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਹ ਵੀ ਸਾਹਮਣੇ ਆਇਆ ਕਿ ਰਾਜਬੀਰ ਸਿੰਘ ਨੇ ਗੁਰਜੰਟ ਸਿੰਘ ਵਾਸੀ ਤਰਨਤਾਰਨ ਦੇ ਖਾਤੇ ਰਾਹੀਂ ਸਤਨਾਮ ਸਿੰਘ ਦੇ ਖਾਤੇ ਵਿਚ ਫੰਡ ਟਰਾਂਸਫਰ ਕੀਤੇ ਸੀ। ਦੱਸਣਯੋਗ ਹੈ ਕਿ ਮੁਲਜ਼ਮ ਗੁਰਜੰਟ ਨੂੰ ਹਰਿਆਣਾ ਪੁਲਿਸ ਨੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਹੈ। ਇਸ ਸਬੰਧੀ ਕੇਸ ਥਾਣਾ ਐੱਸਐੱਸਓਸੀ ਐੱਸਏਐੱਸ ਨਗਰ ਵਿਖੇ ਪਹਿਲਾਂ ਹੀ ਦਰਜ ਹੈ।

### ਫ਼ੌਜੀ ਕੋਲੋਂ ਪੁੱਛਗਿੱਛ ਦੌਰਾਨ ਕਈ ਖ਼ੁਲਾਸੇ

ਏਆਈਜੀ ਐੱਸਐੱਸਓਸੀ ਐੱਸਏਐੱਸ ਨਗਰ ਦੀਪਕ ਪਾਰਿਕ ਨੇ ਕਿਹਾ ਕਿ ਰਾਜਬੀਰ ਸਿੰਘ ਉਰਫ਼ ਫ਼ੌਜੀ ਦੀ ਲਗਾਤਾਰ ਜਾਂਚ ਅਤੇ ਹਿਰਾਸਤੀ ਪੁੱਛਗਿੱਛ ਦੌਰਾਨ ਖ਼ੁਲਾਸਾ ਹੋਇਆ ਕਿ ਸਤੰਬਰ 2025 ਵਿਚ ਭਾਰਤ ਵਾਪਸ ਆਉਣ ਤੋਂ ਬਾਅਦ ਪਾਕਿਸਤਾਨ ਆਧਾਰਤ ਤਸਕਰ ਨੇ ਸਤਨਾਮ ਨਾਲ ਦੁਬਾਰਾ ਸੰਪਰਕ ਕੀਤਾ ਅਤੇ ਹੌਲੀ-ਹੌਲੀ ਉਸ ਨੂੰ ਡਰੱਗ ਨੈੱਟਵਰਕ ਲਈ ਕੰਮ ਕਰਨ ਵਾਸਤੇ ਰਾਜ਼ੀ ਕਰ ਲਿਆ ਅਤੇ ਵਿੱਤੀ ਲੈਣ-ਦੇਣ ਲਈ ਉਸ ਨੂੰ ਕਮਿਸ਼ਨ ਦੀ ਪੇਸ਼ਕਸ਼ ਕੀਤੀ।

# ਸੰਤ ਨਿਰੰਜਣ ਦਾਸ ਨੂੰ ਪਦਮਸ਼੍ਰੀ ਮਾਣ ਵਾਲੀ ਗੱਲ: ਸਾਂਪਲਾ



**ਚੰਡੀਗੜ੍ਹ :**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਰਵਿਦਾਸੀਆ ਸਮਾਜ ਦੇ ਮਹਾਨ ਸੰਤ ਅਤੇ ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਜੀ ਨੂੰ ਪਦਮਸ਼੍ਰੀ ਸਨਮਾਨ ਨਾਲ ਕੀਤੇ ਜਾਣਾ ਮਾਣ ਵਾਲੀ ਗੱਲ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਪੰਜਾਬ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਵਿਜੈ ਸਾਂਪਲਾ ਨੇ ਕੀਤਾ। ਉਨ੍ਹਾਂ ਇਸ ਲਈ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸੰਤ ਨਿਰੰਜਨ ਦਾਸ ਜੀ ਨੇ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਨੂੰ ਦੇਸ਼-ਵਿਦੇਸ਼ ਵਿੱਚ ਫੈਲਾਉਣ ਦੇ ਨਾਲ ਸਮਾਜ ਦੀ ਭਲਾਈ ਤੇ ਮਨੁੱਖਤਾ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਜੀਵਨ ਸਮਰਪਿਤ ਕੀਤਾ ਹੈ।


# ਹਾਈਵੇਅ 'ਤੇ ਇਲੈਕਟ੍ਰਿਕ ਕਾਰ ਨੂੰ ਲੱਗੀ ਅੱਗ

**ਹਾਪੁੜ:**ਮਹਿੰਦਰਾ ਕੰਪਨੀ ਦੀ ਇਲੈਕਟ੍ਰਿਕ ਕਾਰ 'ਚ ਐਤਵਾਰ ਨੂੰ ਮੇਰਠ-ਬੁਲੰਦਸ਼ਹਿਰ ਹਾਈਵੇਅ 'ਤੇ ਅੱਗ ਲੱਗ ਗਈ। ਖੁਸ਼ਕਿਸਮਤੀ ਨਾਲ ਕਾਰ ਸਵਾਰ ਨੇ ਸਮੇਂ 'ਤੇ ਗੱਡੀ ਤੋਂ ਉਤਰ ਕੇ ਆਪਣੀ ਜਾਨ ਬਚਾਈ।ਜਾਣਕਾਰੀ ਮਿਲਣ 'ਤੇ ਮੌਕੇ 'ਤੇ ਪਹੁੰਚੀ ਅੱਗ ਬੁਝਾਉਣ ਵਾਲੀ ਟੀਮ ਨੇ ਕਾਫੀ ਮਿਹਨਤ ਕਰ ਕੇ ਅੱਗ 'ਤੇ ਕਾਬੂ ਪਾਇਆ। ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਦੇ ਅਮਨ ਖਰਬੰਦਾ ਐਤਵਾਰ ਨੂੰ ਆਪਣੀ ਇਲੈਕਟ੍ਰਿਕ ਕਾਰ 'ਤੇ ਹਾਪੁੜ ਆ ਰਹੇ ਸਨ। ਜਿਵੇਂ ਹੀ ਉਹ ਹਾਫਿਜ਼ਪੁਰ ਥਾਣੇ ਦੇ ਖੇਤਰ ਵਿਚ ਕੁਰਾਨਾ ਟੋਲ ਪਲਾਜ਼ਾ ਦੇ ਨੇੜੇ ਪਹੁੰਚੇ, ਉਨ੍ਹਾਂ ਦੀ ਕਾਰ 'ਚੋਂ ਧੂਆਂ ਨਿਕਲਣ ਲੱਗਾ। ਕੁਝ ਹੀ ਪਲਾਂ ਵਿਚ ਕਾਰ ਵਿਚ ਅੱਗ ਦੀਆਂ ਲਾਟਾਂ ਉੱਠਣ ਲੱਗੀਆਂ। ਅੱਗ ਲੱਗਣ 'ਤੇ ਅਮਨ ਖਰਬੰਦਾ ਨੇ ਤੁਰੰਤ ਗੱਡੀ 'ਚੋਂ ਬਾਹਰ ਨਿਕਲ ਕੇ ਆਪਣੀ ਜਾਨ ਬਚਾਈ। ਕੁਝ ਹੀ ਸਮੇਂ ਵਿਚ ਕਾਰ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿਚ ਆ ਗਈ।

# ਸੁਰਿੰਦਰ ਗਿੱਲ ਜੈਪਾਲ ਦੀ ਕਿਤਾਬ 'ਪੌਣਾ ਮੀਲ ਸਰਹੱਦ' ਉਤੇ ਵਿਚਾਰ-ਚਰਚਾ

**ਲੁਧਿਆਣਾ:**ਸਰਕਾਰੀ ਲੜਕੀਆਂ ਲੁਧਿਆਣਾ ਵਿਖੇ ਸੁਰਿੰਦਰ ਗਿੱਲ ਜੈਪਾਲ ਦੀ ਸੰਤਾਲ਼ੀ ਦੀ ਵੰਡ ਤੇ ਆਈ ਨਵੀਂ ਕਿਤਾਬ,"ਪੌਣਾ ਮੀਲ ਸਰਹੱਦ"ਤੇ ਸ਼ਨੀਵਾਰ ਨੂੰਗਹਿਰ ਗੰਭੀਰ ਵਿਚਾਰ ਚਰਚਾ ਹੋਈ ।ਇਸ ਸਮਾਗਮ ਦਾ ਆਗਾਜ਼ ਮੁੱਖ ਮਹਿਮਾਨ ਪ੍ਰਿੰਸੀਪਲ ਸ੍ਰੀਮਤੀ ਸੁਮਨ ਲਤਾ ਗੁਪਤਾ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ ।

ਦੂਰਦਰਸ਼ਨ,ਪ੍ਰੈੱਸ ਕਲੱਬ ਜਲੰਧਰ ਅਤੇ ਪੰਜਾਬੀ ਸਾਹਿਤ ਦੀ ਸਿਰਮੌਰ ਸ਼ਖ਼ਸੀਅਤ ਡਾ ਲਖਵਿੰਦਰ ਸਿੰਘ ਜੌਹਲ ਨੇ ਪਰਚਾ ਪੜ੍ਹਦਿਆਂ "ਪੌਣਾ ਮੀਲ ਸਰਹੱਦ" ਨੂੰ "ਇਤਿਹਾਸ ਦੀ ਭਵਿੱਖਮੁਖੀ ਬਿਰਤਾਂਤਕਾਰੀ" ਦਾ ਨਾਂ ਦਿੰਦਿਆਂ ਕਵਿਤਾ ਅਤੇ ਵਾਰਤਕ ਵਿੱਚੋਂ ਨਿਵੇਕਲੇ ਕਾਵਿ-ਮੌਟਿਫ਼,ਸੰਕਲਪਾਂ,ਕਾਵਿ-ਬਿੰਬਾਂ ਦੀ ਪਛਾਣ ਕਰਦਿਆਂ ਕਿਹਾ ਕਿ ਇਸ ਕਿਤਾਬ ਦੀਆਂ ਗਹਿਰੀਆਂ ਪਰਤਾਂ ਵੰਡ ਦੀ ਕਰੂਰਤਾ ਦਾ ਅਜਿਹਾ ਅਹਿਸਾਸ ਜਗਾਉਂਦੀਆਂ ਹਨ ਜੋ ਅਜੇ ਵੀ ਅਧੂਰਾ ਹੈ ।ਇਸ ਕਿਤਾਬ ਵਿਚਲੀ ਵਾਰਤਕ ਵਾਰਤਕ-ਕਲਾ ਅਤੇ ਕਵਿਤਾ ਕਾਵਿ-ਕਲਾ ਪੱਖੋਂ ਉੱਚਾ ਸਾਹਿਤਕ ਸਥਾਨ ਰੱਖਦੀ ਹੈ ।












ਡਾ ਜਗਵਿੰਦਰ ਜੋਧਾ ਨੇ "ਪੌਣਾ ਮੀਲ ਸਰਹੱਦ" ਵਿੱਚ ਪਏ 1947 ਦੇ ਮਨੁੱਖੀ ਉਜਾੜੇ ਦੇ ਦਰਦ ਪਿੱਛੇ ਪਏ ਇਤਿਹਾਸਕ ਕਾਰਣਾਂ ਅਤੇ ਵੇਰਵਿਆਂ ਦੀ ਗੱਲ ਕੀਤੀ ।

ਡਾ ਜਸਲੀਨ ਕੌਰ,ਪ੍ਰੋ ਪਰਮਜੀਤ ਕੌਰ,ਪ੍ਰਸਿੱਧ ਪੱਤਰਕਾਰ ਸਤਵੀਰ ਸਿੰਘ ਨੇ ਵਿਚਾਰ ਵਟਾਂਦਰੇ ਵਿੱਚ ਹਿੱਸਾ ਲਿਆ ।

ਕਵੀ ਤ੍ਰੈਲੋਚਨ ਲੋਚੀ, ਜੱਸ ਪ੍ਰੀਤ ਕੌਰ ਅਤੇ ਬਲਬੀਰ ਕੌਰ ਰਾਏਕੋਟੀ ਨੇ "ਪੌਣਾ ਮੀਲ ਸਰਹੱਦ"ਵਿੱਚੋਂ ਕਵਿਤਾਵਾਂ ਪੜ੍ਹੀਆਂ। ਕਿਤਾਬ ਦੀ ਲੇਖਿਕਾ ਸੁਰਿੰਦਰ ਗਿੱਲ ਜੈਪਾਲ ਨੇ ਕਿਤਾਬ ਦੀ ਸਿਰਜਣਾ ਦੇ ਪ੍ਰੇਰਕ-ਸ੍ਰੋਤਾਂ ਅਤੇ ਸੂਤਰਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ "ਪੌਣਾ ਮੀਲ ਸਰਹੱਦ" ਵਿੱਚ ਪੇਸ਼ ਹੋਈ ਵੰਡ ਦੀ ਪੀੜ ਪੌਣਾ ਮੀਲ ਨਹੀਂ ਸਗੋਂ ਕਈ ਉਮਰਾਂ, ਕਈ ਕਬਰਾਂ ਅਤੇ ਕਈ ਪੁਸਤਕਾਂ ਲੰਮੀ ਹੈ ਜਦ ਕਦੇ ਵੀ ਤਕਸੀਮ ਬਾਰੇ ਲਿਖਿਆ ਜਾਵੇਗਾ ਤਾਂ ਉਹ ਪੀੜ ਲਈ ਲਿਖਿਆ ਜਾਵੇਗਾ,ਮਨੋਰੰਜਨ ਲਈ ਨਹੀਂ । ਇਸ ਕਿਤਾਬ ਵਿੱਚ ਵਾਰਤਕ ਅਤੇ ਕਵਿਤਾ ਰਾਹੀਂ ਗੁਆਚੇ ਵੇਲ਼ੇ ਦੀ ਭਾਲ ਕਰਨ ਦੀ ਕੋਸ਼ਿਸ਼ ਹੈ ।

ਡਾ ਜਸਲੀਨ ਕੌਰ ਨੇ ਪ੍ਰਭਾਵਸ਼ਾਲੀ ਢੰਗ ਨਾਲ ਮੰਚ ਸੰਚਾਲਨ ਕੀਤਾ ।ਕਾਲਜ ਦੇ ਪੰਜਾਬੀ ਵਿਭਾਗ ਦੀ ਸਮਾਗਮ-ਅਜੋਯਨ-ਕਲਾ ਬੇਹੱਦ ਸ਼ਲਾਘਾਯੋਗ ਸੀ ।

ਇਸ ਸਮਾਗਮ ਵਿੱਚ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਹਸਤੀਆਂ ਡਾ ਗੁਰਇਕਬਾਲ ਸਿੰਘ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜ. ਸਕੱਤਰ ਗੁਲਜ਼ਾਰ ਪੰਧੇਰ,ਗੁਰਚਰਨ ਕੌਰ ਕੋਚਰ, ਦਵਿੰਦਰ ਦਿਲਰੂਪ, ਮਨਦੀਪ ਭੰਵਰਾ, ਸੁਰਿੰਦਰ ਦੀਪ, ਮਨਦੀਪ ਔਲਖ, ਮਨਿੰਦਰ ਮਨ, ਪ੍ਰੋ ਤਰੁਣ ਘਈ ,ਹੋਰ ਵਿਦਵਾਨ ਸ਼ਖ਼ਸੀਅਤਾਂ ਅਤੇ ਵਿਦਿਆਰਥੀ ਹਾਜ਼ਰ ਸਨ ।

# ਚਾਈਨਾ ਡੋਰ ਦੀ ਲਪੇਟ 'ਚ ਆਉਣ ਨਾਲ ਔਰਤ ਦੀ ਮੌਤ


**ਮੁੱਲਾਂਪੁਰ ਦਾਖਾ:** ਰਾਏਕੋਟ ਰੋਡ 'ਤੇ ਸਥਿਤ ਗੁਰਦੁਆਰਾ ਸਾਹਿਬ ਦੇ ਸਾਹਮਣੇ ਐਤਵਾਰ ਸ਼ਾਮ ਚਾਈਨਾ ਡੋਰ ਦੀ ਲਪੇਟ ਵਿੱਚ ਆਉਣ ਨਾਲ ਇਕ ਔਰਤ ਦਾ ਗਲਾ ਵੱਢਿਆ ਗਿਆ। ਹਸਪਤਾਲ ਲਿਜਾਂਦੇ ਸਮੇਂ ਉਸ ਦੀ ਰਸਤੇ ਵਿਚ ਹੀ ਮੌਤ ਹੋ ਗਈ। ਇਹ ਹਾਦਸਾ ਉਦੋਂ ਵਾਪਰਿਆ ਜਦੋਂ ਉਹ ਖ਼ਰੀਦਦਾਰੀ ਲਈ ਬਾਜ਼ਾਰ ਜਾ ਰਹੀ ਸੀ। ਮ੍ਰਿਤਕਾ ਦੀ ਪਹਿਚਾਣ ਸਰਬਜੀਤ ਕੌਰ ਉਰਫ ਜਸਲੀਨ ਕੌਰ ਪਤਨੀ ਮਨਦੀਪ ਸਿੰਘ ਵਾਸੀ ਪਿੰਡ ਅਕਾਲਗੜ੍ਹ ਵਜੋਂ ਹੋਈ ਹੈ। ਉਹ ਮੁੱਲਾਂਪੁਰ ਦਾਖਾ ਦੇ ਰਾਏਕੋਟ ਰੋਡ 'ਤੇ ਇਕ ਫੂਡ ਪੁਆਇੰਟ ਚਲਾਉਂਦੀ ਸੀ। ਸਰਬਜੀਤ ਕੌਰ ਆਪਣੀ ਸਕੂਟਰੀ 'ਤੇ ਰਾਏਕੋਟ ਰੋਡ ਬਾਜ਼ਾਰ ਵੱਲ ਜਾ ਰਹੀ ਸੀ। ਜਦੋਂ ਉਹ ਗੁਰਦੁਆਰਾ ਸਾਹਿਬ ਦੇ ਨੇੜਿਓਂ ਲੰਘ ਰਹੀ ਸੀ ਤਾਂ ਅਚਾਨਕ ਹਵਾ ਵਿੱਚ ਉੱਡ ਰਹੀ ਚਾਈਨਾ ਡੋਰ ਉਸ ਦੇ ਗਲੇ ਦੁਆਲੇ ਲਿਪਟ ਗਈ। ਤੇਜ਼ ਧਾਰ ਵਾਲੀ ਡੋਰ ਨਾਲ ਉਸ ਦਾ ਗਲਾ ਬੁਰੀ ਤਰ੍ਹਾਂ ਵੱਢਿਆ ਗਿਆ ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਈ ਤੇ ਸਕੂਟਰੀ ਤੋਂ ਡਿੱਗ ਪਈ। ਹਾਦਸੇ ਤੋਂ ਤੁਰੰਤ ਬਾਅਦ ਮੌਕੇ 'ਤੇ ਮੌਜੂਦ ਦੀਪਾ ਢੱਟ ਤੇ ਮਨਦੀਪ ਢੱਟ ਨੇ ਮਨੁੱਖਤਾ ਦਾ ਫਰਜ਼ ਨਿਭਾਉਂਦੇ ਹੋਏ ਉਸ ਨੂੰ ਆਪਣੀ ਗੱਡੀ 'ਚ ਇਕ ਨਿੱਜੀ ਹਸਪਤਾਲ ਪਹੁੰਚਾਇਆ। ਉੱਥੇ ਡਾਕਟਰ ਮੌਜੂਦ ਨਾ ਹੋਣ ਕਾਰਨ ਉਸ ਨੂੰ ਲੁਧਿਆਣਾ ਦੇ ਇਕ ਵੱਡੇ ਹਸਪਤਾਲ ਲਿਜਾਇਆ ਜਾ ਰਿਹਾ ਸੀ ਪਰ ਰਸਤੇ 'ਚ ਹੀ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕਾ ਦਾ ਦੋ ਸਾਲਾ ਬੱਚਾ ਹੈ। ਪਰਿਵਾਰਕ ਮੈਂਬਰਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚਾਈਨਾ ਡੋਰ ਦੀ ਵਿਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ ਅਤੇ ਇਸ ਖ਼ਤਰਨਾਕ ਡੋਰ ਨਾਲ ਪਤੰਗ ਉਡਾਉਣ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।



# ਉੱਘੇ ਬੀ.ਬੀ.ਸੀ. ਪੱਤਰਕਾਰ ਮਾਰਕ ਟਲੀ ਦਾ 90 ਸਾਲ ਦੀ ਉਮਰ 'ਚ ਦੇਹਾਂਤ

**ਨਵੀਂ ਦਿੱਲੀ:** ਬੀਬੀਸੀ ਦੇ ਭਾਰਤ 'ਚ ਸਾਬਕਾ ਬਿਊਰੋ ਚੀਫ਼ ਅਤੇ ਪ੍ਰਸਿੱਧ ਪੱਤਰਕਾਰ ਸਰ ਮਾਰਕ ਟਲੀ ਦਾ 90 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਦੇਸ਼ ਦੀ ਨਬਜ਼ ਨੂੰ ਸਮਝਣ ਵਾਲੇ ਟਲੀ ਨੂੰ 'ਬੀਬੀਸੀ ਦੀ ਭਾਰਤੀ ਆਵਾਜ਼' ਵਜੋਂ ਜਾਣਿਆ ਜਾਂਦਾ ਸੀ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ ਉਨ੍ਹਾਂ ਦਾ ਇਲਾਜ ਸਾਕੇਤ ਸਥਿਤ ਮੈਕਸ 'ਚ ਚੱਲ ਰਿਹਾ ਸੀ। ਟਲੀ ਦੇ ਦੇਹਾਂਤ ਨੂੰ ਉਨ੍ਹਾਂ ਦੇ ਸਹਿਯੋਗੀ ਮਧੁਕਰ ਉਪਾਧਿਆਏ ਨੇ ਪੱਤਰਕਾਰੀ ਦੁਨਿਆ ਲਈ ਨਾ ਪੂਰਾ ਹੋਣ ਲਾ ਘਾਟਾ ਦੱਸਿਆ।

ਮਾਰਕ ਟਲੀ ਦਾ ਜਨਮ ਸਾਲ 1935 ਕਲਕੱਤਾ (ਹੁਣ ਕੋਲਕਾਤਾ) 'ਚ ਹੋਇਆ ਸੀ। ਉਹਨਾਂ ਨੇ ਬ੍ਰਿਟੇਨ ਦੇ ਕੈਂਬ੍ਰਿਜ ਵਿੱਚ ਇਤਿਹਾਸ ਅਤੇ ਧਰਮਸ਼ਾਸਤਰ ਦੀ ਪੜਾਈ ਕੀਤੀ ਸੀ। ਉਹ ਦਿੱਲੀ ਦੇ ਵਿਦੇਸ਼ੀ ਪੱਤਰਕਾਰ ਜਗਤ 'ਚ ਗਿਣੇ-ਚੁਣੇ ਨਾਵਾਂ ਵਿੱਚੋਂ ਸਨ, ਜੋ ਨਿਰੰਤਰ ਸ਼ੁੱਧ ਹਿੰਦੀ ਦੇ ਸਨ, ਜਿਸ ਕਾਰਨ ਲੋਕ ਉਹਨਾਂ ਨੂੰ ਮਾਣ ਨਾਲ 'ਟਲੀ ਸਾਹਿਬ'' ਕਹਿੰਦੇ ਸਨ। ਉਹਨਾਂ ਆਪਣੇ ਦਹਾਕਿਆਂ ਦੇ ਲੰਬੇ ਕਰੀਅਰ 'ਚ ਦੱਖਣੀ ਏਸ਼ੀਆ ਦੀਆਂ ਕਈ ਯੁਗ-ਪਲਟਾਊ ਘਟਨਾਵਾਂ ਨੂੰ ਕਵਰ ਕੀਤਾ, ਜਿਸ 'ਚ 1984 ਦਾ ਆਪ੍ਰੇਸ਼ਨ ਬਲੂ ਸਟਾਰ, ਭੋਪਾਲ ਗੈਸ ਤ੍ਰਾਸਦੀ, ਭਾਰਤ-ਪਾਕਿਸਤਾਨ ਜੰਗ ਅਤੇ ਰਾਜੀਵ ਗਾਂਧੀ ਦੀ ਹੱਤਿਆ ਵਰਗੀਆਂ ਵੱਡੀਆਂ ਘਟਨਾਵਾਂ ਸ਼ਾਮਿਲ ਸਨ। ਉਹ 1992 'ਚ ਅਯੁੱਧਿਆ 'ਚ ਵਿਵਾਦਿਤ ਢਾਂਚੇ ਦੇ ਢਹਿਣ ਸਮੇਂ ਵੀ ਮੌਜੂਦ ਸਨ। ਭੀੜ ਦੇ ਹਮਲੇ ਦੇ ਦਰਮਿਆਨ ਉਹਨਾਂ ਨੂੰ ਇਕ ਕਮਰੇ 'ਚ ਬੰਦ



ਕੀਤਾ ਗਿਆ ਸੀ, ਜਿੱਥੋਂ ਸਥਾਨਕ ਅਫ਼ਸਰਾਂ ਨੇ ਉਹਨਾਂ ਨੂੰ ਬਚਾਇਆ ਸੀ। ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਨੇ ਉਹਨਾਂ ਨੂੰ 24 ਘੰਟਿਆਂ ਦੇ ਨੋਟਿਸ 'ਤੇ ਭਾਰਤ ਤੋਂ ਕੱਢ ਦਿੱਤਾ ਸੀ, ਪਰ ਐਮਰਜੈਂਸੀ ਖ਼ਤਮ ਹੁੰਦੇ ਹੀ ਉਹ ਵਾਪਸ ਆ ਗਏ।

ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਅਤੇ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ। 2002 'ਚ, ਯੂਕੇ ਨੇ ਉਸ ਨੂੰ ਪੱਤਰਕਾਰੀ ਲਈ ਨਾਈਟਹੁੱਡ ਪੁਰਸਕਾਰ ਨਾਲ ਸਨਮਾਨਿਤ ਕੀਤਾ। ਹਾਲਾਂਕਿ ਉਹ ਬ੍ਰਿਟਿਸ਼ ਨਾਗਰਿਕ ਸਨ, ਪਰ ਬਾਅਦ 'ਚ ਉਨ੍ਹਾਂ ਨੇ 'ਓਵਰਸੀਜ਼ ਸਿਟੀਜ਼ਨ ਆਫ ਇੰਡੀਆ' (ਓਸੀਆਈ) ਦਾ ਦਰਜਾ ਪ੍ਰਾਪਤ ਕੀਤਾ। ਉਹ ਹਮੇਸ਼ਾ ਕਹਿੰਦੇ ਸਨ ਕਿ ਉਹ ਦੋਵੇਂ ਦੇਸ਼ਾਂ ਦੇ ਨਾਗਰਿਕ ਹਨ, ਜਿੱਥੇ ਉਹ ਆਪਣੇ ਆਪ ਨੂੰ ਸਭ ਤੋਂ ਨਜ਼ਦੀਕੀ ਪਾਉਂਦੇ ਹਨ।ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਦੇ ਲੰਬੇ ਸਮੇਂ ਦੇ ਸਹਿਯੋਗੀ ਮਧੁਕਰ ਉਪਾਧਿਆਏ ਨੇ ਕਿਹਾ ਕਿ ਉਹ ਪੱਤਰਕਾਰੀ ਦੇ ਅਧਿਆਪਕ ਸਨ, ਜਿਨ੍ਹਾਂ ਤੋਂ ਪੱਤਰਕਾਰੀ ਸਿੱਖੀ ਜਾ ਸਕਦੀ ਹੈ। ਉਸਨੇ ਕਦੇ ਵੀ ਆਪਣੇ ਸਾਥੀਆਂ ਨੂੰ ਨਹੀਂ ਕਿਹਾ ਕਿ ਇਹ ਕਰਨਾ ਪਏਗਾ, ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ। ਉਸਨੇ ਪੱਤਰਕਾਰੀ ਦੇ ਉੱਚੇ ਮਿਆਰ ਸਥਾਪਤ ਕੀਤੇ। ਉਸਨੇ ਇੱਕ ਵਾਰ ਦੱਸਿਆ ਕਿ ਕਿਵੇਂ ਲੋਕ ਸੈਂਕੜੇ ਪੰਨਿਆਂ ਦੀਆਂ ਕਿਤਾਬਾਂ ਲਿਖਦੇ ਹਨ। ਪਰ 200 ਸ਼ਬਦ ਖ਼ਬਰਾਂ ਲਿਖਣ ਤੋਂ ਬਾਅਦ ਹੀ ਸੋਚਣਾ ਉਹ ਸ਼ੁਰੂ ਕਰ ਦਿੰਦਾ ਹੈ। ਉਹ ਮੂਲ ਰੂਪ 'ਚ ਇੱਕ ਰੇਡੀਓ ਪੱਤਰਕਾਰ ਸਨ, ਪਰ ਉਨ੍ਹਾਂ ਨੇ 'ਅਪਨਾ ਅਪਨਾ ਬਦਲਾ' ਅਤੇ 'ਨੋ ਫੁੱਲ ਸਟਾਪਸ ਇਨ ਇੰਡੀਆ' ਵਰਗੀਆਂ ਕਈ ਇਤਿਹਾਸਕ ਅਤੇ ਮਸ਼ਹੂਰ ਕਿਤਾਬਾਂ ਲਿਖੀਆਂ।

# ਸੜਕ ਹਾਦਸਿਆਂ 'ਚ ਹੁੰਦੀਆਂ ਮੌਤਾਂ ਦੀ ਦਰ 48 ਫ਼ੀਸਦੀ ਘਟੀ: ਮਾਨ

**ਚੰਡੀਗੜ੍ਹ:** ਪੰਜਾਬ ਵਿਚ ਸੜਕ ਸੁਰੱਖਿਆ ਫੋਰਸ (ਐੱਸਐੱਸਐੱਫ) ਦੇ ਗਠਨ ਤੋਂ ਬਾਅਦ ਸੜਕ ਸੁਰੱਖਿਆ ਵਿਵਸਥਾ 'ਚ ਵੱਡੇ ਪੱਧਰ 'ਤੇ ਸੁਧਾਰ ਦਰਜ ਕੀਤਾ ਗਿਆ ਹੈ। ਹਾਦਸੇ ਵਾਲੀਆਂ ਥਾਵਾਂ 'ਤੇ ਐੱਸਐੱਸਐੱਫ ਰਾ ਫੌਰੀ ਪਹੁੰਚਣਾ, ਪੀੜਤਾਂ ਨੂੰ ਮੁੱਢਲੀ ਸਹਾਇਤਾ ਅਤੇ ਸਮੇਂ ਸਿਰ ਇਲਾਜ ਮਿਲਣ ਨਾਲ ਸੂਬੇ ਵਿਚ ਸੜਕ ਹਾਦਸਿਆਂ 'ਚ ਮੌਤ ਦਰ ਵਿਚ 48 ਫ਼ੀਸਦੀ ਕਮੀ ਆਈ ਹੈ।

ਉਨ੍ਹਾਂ ਕਿਹਾ ਕਿ ਕਿਸੇ ਸਮੇਂ ਸੜਕ ਹਾਦਸਿਆਂ ਵਿਚ ਹੁੰਦੀਆਂ ਮੌਤਾਂ ਲਈ ਪੰਜਾਬ ਦਾ ਨਾਂ ਦੇਸ਼ ਦੇ ਸਿਖਰਲੇ ਤਿੰਨ ਸੂਬਿਆਂ ਵਿਚ ਸ਼ਾਮਲ ਸੀ ਪਰ ਹੁਣ ਇਹ ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਪੀੜਤਾਂ ਨੂੰ ਫੌਰੀ ਹਸਪਤਾਲ ਪਹੁੰਚਾਉਣ ਤੇ ਸਮੇਂ ਸਿਰ ਇਲਾਜ ਮਿਲਣ ਨਾਲ ਜਾਨਾਂ ਬਚ ਰਹੀਆਂ ਹਨ। ਫੋਰਸ ਨੇ ਖ਼ੂਨੀ ਸੜਕ (ਕਿਲਰ ਰੋਡ) ਵਜੋਂ ਜਾਣੇ ਜਾਂਦੇ ਪਟਿਆਲਾ-ਸਰਹਿੰਦ ਰੋਡ ਵਰਗੀਆਂ ਹਾਦਸੇ ਦੇ ਖ਼ਤਰੇ ਵਾਲੀਆਂ ਥਾਵਾਂ ਨੂੰ ਜੋਖਮ ਦੀ ਸਥਿਤੀ ਤੋਂ ਬਾਹਰ ਕੱਢਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਹੋਰ ਸੂਬਿਆਂ ਨੇ ਇਸ ਮਾਡਲ ਪ੍ਰਤੀ ਦਿਲਚਸਪੀ ਦਿਖਾਈ ਹੈ।ਉਨ੍ਹਾਂ ਕਿਹਾ ਕਿ ਬਹੁਤ ਸਾਰੇ ਸੂਬਿਆਂ ਨੇ ਆਪੋ-ਆਪਣੇ ਸੂਬੇ ਵਿਚ ਜਨਤਕ ਸੁਰੱਖਿਆ ਵਾਲੇ ਇਸ ਨਿਵੇਕਲੇ ਉਪਰਾਲੇ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਨਾਲ ਸੰਪਰਕ ਕੀਤਾ ਹੈ। ਪ੍ਰਧਾਨ ਮੰਤਰੀ ਨੇ 'ਮਨ ਕੀ ਬਾਤ' ਵਿਚ ਸੜਕ



ਸੁਰੱਖਿਆ ਬਾਰੇ ਗੱਲ ਕੀਤੀ ਪਰ ਪੰਜਾਬ ਸੜਕ ਸੁਰੱਖਿਆ ਫੋਰਸ ਗਠਿਤ ਕਰ ਕੇ ਸਮੁੱਚੇ ਦੇਸ਼ ਲਈ ਚਾਨਣ ਮੁਨਾਰਾ ਬਣਿਆ। ਮੁੱਖ ਮੰਤਰੀ ਨੇ ਕਿਹਾ ਕਿ ਐੱਸਐੱਸਐੱਫ ਦੇ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ 1,597 ਮੁਲਾਜ਼ਮ ਇਸ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਨਵੀਨਤਮ ਤੇ ਪੂਰੀ ਤਰ੍ਹਾਂ ਲੈਸ 144 ਵਾਹਨ ਦਿੱਤੇ ਗਏ ਹਨ। ਪਿਛਲੇ ਸਾਲ ਫਰਵਰੀ ਵਿਚ ਇਸ ਦੀ ਸ਼ੁਰੂਆਤ ਤੋਂ ਬਾਅਦ ਇਸ ਫੋਰਸ ਦੇ ਗਠਿਤ ਹੋਣ ਨਾਲ ਸੜਕ ਹਾਦਸਿਆਂ ਵਿਚ ਮੌਤਾਂ ਦੀ ਦਰ ਘਟਣ ਦੇ ਨਾਲ-ਨਾਲ ਹਾਦਸਿਆਂ 'ਚ ਜ਼ਖ਼ਮੀ ਹੋਏ ਲੋਕਾਂ ਦੀਆਂ ਕੀਮਤੀ ਚੀਜ਼ਾਂ ਤੇ ਪੈਸੇ ਦੀ ਸੁਰੱਖਿਅਤ ਵਾਪਸੀ ਵੀ ਯਕੀਨੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਫੋਰਸ 4,200 ਕਿਲੋਮੀਟਰ ਲੰਬੇ ਹਾਈਵੇ 'ਤੇ ਤਾਇਨਾਤ ਕੀਤੀ ਗਈ ਹੈ ਜਿੱਥੇ ਟ੍ਰੈਫਿਕ ਹਾਦਸਿਆਂ ਦੀ ਸੰਭਾਵਨਾ ਵੱਧ ਹੁੰਦੀ ਹੈ। ਆਪਣੇ ਨਿਰਧਾਰਤ ਖੇਤਰਾਂ ਵਿਚ ਗਸ਼ਤ ਕਰਨ ਤੋਂ ਇਲਾਵਾ ਐੱਸਐੱਸਐੱਫ ਟ੍ਰੈਫਿਕ ਉਲੰਘਣਾਵਾਂ ਵਿਰੁੱਧ ਮਜ਼ਬੂਤ ਰੋਕਥਾਮ ਵਜੋਂ ਵੀ ਕੰਮ ਕਰਦੀ ਹੈ।

# ਪਤੰਗ ਚੜ੍ਹਾਉਂਦੇ 13 ਸਾਲਾ ਬੱਚੇ ਦੀ ਮੌਤ

**ਭਾਈਰੂਪਾ:** ਪਿੰਡ ਦਿਆਲੀ 'ਚ ਇਕ 13 ਸਾਲਾ ਬੱਚੇ ਦੀ ਪਤੰਗ ਚੜ੍ਹਾਉਣ ਸਮੇਂ ਮੌਤ ਹੋ ਗਈ। ਬੱਚੇ ਦੀ ਪਛਾਣ ਜਸ਼ਨਪ੍ਰੀਤ ਸਿੰਘ ਪੁੱਤਰ ਬਲਰਾਜ ਸਿੰਘ ਵਾਸੀ ਪਿੰਡ ਦਿਆਲੀ ਵਜੋਂ ਹੋਈ ਹੈ। ਉਹ ਅੱਠਵੀਂ ਜਮਾਤ ਦਾ ਵਿਦਿਆਰਥੀ ਸੀ। ਪਿੰਡ ਵਾਸੀਆਂ ਮੁਤਾਬਕ, ਕੱਲ੍ਹ ਸ਼ਾਮੀਂ ਬੱਚਾ ਆਪਣੇ ਘਰ ਨੇੜੇ ਖ਼ਾਲੀ ਜਗ੍ਹਾ 'ਤੇ ਪਤੰਗ ਉਡਾ ਰਿਹਾ ਸੀ ਕਿ ਪਤੰਗ ਇਕ ਸ਼ਮਲੇ ਵਿੱਚ ਫਸ ਗਿਆ। ਜਸ਼ਨਪ੍ਰੀਤ ਨੇ ਪਤੰਗ ਕੱਢਣ ਦੀ ਕੋਸ਼ਿਸ਼ ਕੀਤੀ ਪਰ ਸ਼ਮਲਾ ਉਸ ਉੱਤੇ ਡਿੱਗ ਪਿਆ। ਅਗਲੀ ਸਵੇਰ ਭਾਲ ਦੌਰਾਨ ਬੱਚੇ ਦਾ ਇਕ ਹੱਥ ਸ਼ਮਲੇ ਦੇ ਹੇਠਾਂ ਦਿਖਾਈ ਦਿੱਤਾ। ਜਦੋਂ ਪਿੰਡ ਵਾਸੀਆਂ ਨੇ ਬੱਚੇ ਨੂੰ ਕੱਢਿਆ ਤੇ ਸਿਵਲ ਹਸਪਤਾਲ ਰਾਮਪੁਰਾ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਦੀ ਮੌਤ ਦੀ ਪੁਸ਼ਟੀ ਕੀਤੀ।



# ਵਿਰੋਧ ਦਰਜ ਕਰਵਾਉਣ ਪੁੱਜੇ ਸੇਵਾਦਾਰਾਂ ਨਾਲ ਧੱਕਾ-ਮੁੱਕੀ


**ਵਿੰਦਾਵਨ:** ਠਾਕੁਰ ਬਾਂਕੇ ਬਿਹਾਰੀ ਮੰਦਰ 'ਚ ਦਰਸ਼ਨ ਕਰਨ ਪਹੁੰਚੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿ ਨਬੀਨ, ਸੂਬਾ ਪ੍ਰਧਾਨ ਪੰਕਜ ਚੌਧਰੀ ਸਾਹਮਣੇ ਕਬਜ਼ਾ ਤੇ ਕੰਪਲੈਕਸ ਦਾ ਵਿਰੋਧ ਦਰਜ ਕਰਵਾਉਣ ਲਈ ਮੰਦਰ ਦੇ ਸੇਵਾਦਾਰ ਪਹੁੰਚੇ। ਪੁਲਿਸ ਨੇ ਉਨ੍ਹਾਂ ਨੂੰ ਮੰਦਰ ਦੀ ਇਕ ਕੋਠੜੀ 'ਚ ਬਿਠਾ ਦਿੱਤਾ। ਧੱਕਾ-ਮੁੱਕੀ 'ਚ ਇਕ ਸੇਵਾਦਾਰ ਜਾਨੀ ਗੋਸਵਾਮੀ ਦੇ ਕੱਪੜੇ ਵੀ ਫਟ ਗਏ। ਦੂਜੇ ਪਾਸੇ ਮੰਦਰ 'ਚ ਮੁੱਖ ਮੰਤਰੀ ਸਾਹਮਣੇ ਵਿਰੋਧ ਦਰਜ ਕਰਵਾਉਣ ਪਹੁੰਚ ਰਹੀਆਂ ਸੇਵਾਦਾਰ ਪਰਿਵਾਰਾਂ ਦੀਆਂ ਔਰਤਾਂ ਨੂੰ ਗੇਟ ਨੰਬਰ ਚਾਰ 'ਤੇ ਰੋਕ ਦਿੱਤਾ। ਇਥੇ ਵੀ ਪੁਲਿਸ ਨਾਲ ਧੱਕਾ-ਮੁੱਕੀ ਹੋਈ।





# ਗਣਤੰਤਰ ਦਿਵਸ 'ਤੇ ਪੰਜਾਬ ਦੇ 19 ਅਧਿਕਾਰੀ ਸਨਮਾਨਿਤ, ਤਿੰਨ ਨੂੰ ਰਾਸ਼ਟਰਪਤੀ ਮੈਡਲ

**ਚੰਡੀਗੜ੍ਹ:** ਗਣਤੰਤਰ ਦਿਵਸ 2026 ਮੌਕੇ ਪੰਜਾਬ ਪੁਲਿਸ ਤੇ ਸਿਵਲ ਡਿਫੈਂਸ ਨਾਲ ਜੁੜੇ ਕੁੱਲ 19 ਅਧਿਕਾਰੀਆਂ ਨੂੰ ਸਰਬੋਤਮ ਸੇਵਾ ਤੇ ਬਹਾਦਰੀ ਲਈ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿਚੋਂ 15 ਅਧਿਕਾਰੀਆਂ ਨੂੰ ਬਹਾਦਰੀ ਤੇ ਸ਼ਲਾਘਾਯੋਗ ਸੇਵਾ ਮੈਡਲ, ਜਦਕਿ ਤਿੰਨ ਸੀਨੀਅਰ ਅਧਿਕਾਰੀਆਂ ਨੂੰ ਰਾਸ਼ਟਰਪਤੀ ਮੈਡਲ (ਪੀਐੱਮਐੱਸ) ਦਿੱਤੇ ਜਾਣਗੇ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਸੂਚੀ ਮੁਤਾਬਕ, ਪੰਜਾਬ ਦੇ ਤਿੰਨ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਰਾਸ਼ਟਰਪਤੀ ਮੈਡਲ ਨਾਲ ਨਿਵਾਜਿਆ ਗਿਆ ਹੈ। ਇਨ੍ਹਾਂ ਵਿਚ ਏਡੀਜੀਪੀ ਐੱਸਐੱਮਟੀ ਵਿਭੂ ਰਾਜ, ਡੀਆਈਜੀ ਲਕਸ਼ਮੀਕਾਂਤ ਯਾਦਵ ਅਤੇ ਏਡੀਜੀਪੀ ਅਰੁਣ ਪਾਲ ਸਿੰਘ ਸ਼ਾਮਲ ਹਨ।' ਇਹ ਸਨਮਾਨ ਇਨ੍ਹਾਂ ਅਧਿਕਾਰੀਆਂ ਨੂੰ ਵਿਸ਼ੇਸ਼ ਤੇ ਸ਼ਲਾਘਾਯੋਗ ਸੇਵਾ ਲਈ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬ ਦੇ 16 ਪੁਲਿਸ ਤੇ ਸਿਵਲ ਡਿਫੈਂਸ ਅਧਿਕਾਰੀਆਂ ਨੂੰ ਗੈਲੇਂਟਰੀ ਮੈਡਲ ਅਤੇ ਮੈਰੀਟੋਰੀਅਸ ਸਰਵਿਸ ਮੈਡਲ ਲਈ ਚੁਣਿਆ ਗਿਆ ਹੈ। ਇਸ ਸੂਚੀ ਵਿਚ ਐੱਸਪੀ ਜਸਦੇਵ ਸਿੰਘ ਸਿੱਧੂ, ਡੀਐੱਸਪੀ ਰਾਜਨ



ਪਰਮਿੰਦਰ ਸਿੰਘ, ਡੀਐੱਸਪੀ ਹਰਿੰਦਰਦੀਪ ਸਿੰਘ, ਡੀਐੱਸਪੀ ਨਵਦੀਪ ਸਿੰਘ, ਇੰਸਪੈਕਟਰ ਤਲਵਿੰਦਰ ਸਿੰਘ, ਏਆਈਜੀ ਰਣਦੀਪ ਸਿੰਘ ਮਾਨ, ਇੰਸਪੈਕਟਰ ਹਰੀਸ਼ ਕੁਮਾਰ, ਇੰਸਪੈਕਟਰ ਪ੍ਰੀਤਪਾਲ ਸਿੰਘ, ਇੰਸਪੈਕਟਰ ਰਜਿੰਦਰ ਕੁਮਾਰ, ਸਬ-ਇੰਸਪੈਕਟਰ ਭੁਪਿੰਦਰ ਸਿੰਘ, ਸਬ-ਇੰਸਪੈਕਟਰ ਧਰਮਜੀਤ ਕੌਰ, ਇੰਸਪੈਕਟਰ ਮਨਜੀਤ ਕੌਰ, ਏਐੱਸਆਈ ਸਵਰਨਜੀਤ ਕੌਰ, ਏਸੀਪੀ ਸਪਿੰਦਰ ਕੌਰ ਅਤੇ ਇੰਸਪੈਕਟਰ ਸੁਖਜੀਤ ਸਿੰਘ ਸ਼ਾਮਲ ਹਨ। ਸ਼ਰਨਦੀਪ ਸਿੰਘ ਗਰੇਵਾਲ ਨੂੰ ਪੋਸੀਬਲ ਡਿਫੈਂਸ ਲਈ ਸਨਮਾਨਿਤ ਕੀਤਾ ਜਾਵੇਗਾ। ਇਹ ਸਾਰੇ ਅਧਿਕਾਰੀ ਅੰਦਰੂਨੀ ਸੁਰੱਖਿਆ, ਅਪਰਾਧ ਕੰਟਰੋਲ, ਅੱਤਵਾਦ ਰੋਕੂ ਮੁਹਿੰਮਾਂ ਅਤੇ ਆਫਤ ਪ੍ਰਬੰਧਨ ਵਰਗੇ ਖੇਤਰਾਂ ਵਿਚ ਸਰਬੋਤਮ ਯੋਗਦਾਨ ਲਈ ਸਨਮਾਨਿਤ ਕੀਤੇ ਜਾ ਰਹੇ ਹਨ। ਗਣਤੰਤਰ ਦਿਵਸ ਮੌਕੇ ਹੋਣ ਵਾਲੇ ਵਿਸ਼ੇਸ਼ ਸਮਾਗਮ ਵਿਚ ਇਨ੍ਹਾਂ ਅਧਿਕਾਰੀਆਂ ਨੂੰ ਕੇਂਦਰ ਸਰਕਾਰ ਵੱਲੋਂ ਅਧਿਕਾਰਤ ਤੌਰ 'ਤੇ ਮੈਡਲ ਅਤੇ ਸਨਮਾਨ ਦਿੱਤੇ ਜਾਣਗੇ ਜਿਸ ਨਾਲ ਪੰਜਾਬ ਪੁਲਿਸ ਤੇ ਸਿਵਲ ਡਿਫੈਂਸ ਬਲ ਦਾ ਮਨੋਬਲ ਹੋਰ ਜ਼ਿਆਦਾ ਮਜ਼ਬੂਤ ਹੋਵੇਗਾ।

# ਅਸਾਮ 'ਚੋਂ ਸਿਰਫ 'ਮੀਆਂ' ਨੂੰ ਹੀ ਕੱਢਿਆ ਜਾ ਰਿਹੈ: ਹਿਮੰਤ

**ਗੁਹਾਟੀ:** ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਕਿ ਸੂਬੇ 'ਚੋਂ ਸਿਰਫ 'ਮੀਆਂ' ਨੂੰ ਹੀ ਕੱਢਿਆ ਜਾ ਰਿਹਾ ਹੈ। ਉਨ੍ਹਾਂ ਗੁਹਾਟੀ ਦੇ ਆਸਪਾਸ ਦੀਆਂ ਪਹਾੜੀਆਂ 'ਚ ਕਬਜ਼ਾ ਵਿਰੋਧੀ ਮੁਹਿੰਮ ਚਲਾਏ ਜਾਣ ਦੀ ਗੱਲ ਖ਼ਾਰਜ ਕੀਤੀ ਹੈ। ਪਹਾੜੀਆਂ 'ਚ ਰਹਿਣ ਵਾਲੇ ਕਿਸੇ ਵੀ ਮੀਆਂ ਨੂੰ ਨਿਕਾਸੀ ਨੋਟਿਸ ਦਿੱਤਾ ਜਾਵੇਗਾ ਪਰ ਕਿਸੇ ਵੀ ਅਸਮੀਆ ਨੂੰ ਨਹੀਂ। ਸਰਮਾ ਨੇ ਵਿਰੋਧੀ ਪਾਰਟੀਆਂ 'ਤੇ ਮੀਆਂ ਨੂੰ ਖ਼ੁਸ਼ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਕਾਂਗਰਸ ਦਾ ਸੂਬਾ ਹੈੱਡਕੁਆਰਟਰ ਮੀਆਂ ਲੋਕਾਂ ਨਾਲ ਭਰਿਆ ਹੋਇਆ ਹੈ। ਅਸਾਮ 'ਚੋਂ ਸਿਰਫ ਮੀਆਂ ਨੂੰ ਹੀ ਕੱਢਿਆ ਜਾ ਰਿਹਾ ਹੈ। ਭਾਵੇਂ ਅਸਮੀਆ ਲੋਕਾਂ ਨੂੰ ਕਿਵੇਂ ਕੱਢਿਆ ਜਾ ਸਕਦਾ ਹੈ? ਮੀਆਂ ਮੁੱਢਲੇ ਤੌਰ 'ਤੇ ਅਸਾਮ 'ਚ ਬੰਗਲਾ ਬੋਲਣ ਵਾਲੇ ਮੁਸਲਮਾਨਾਂ ਲਈ ਇਕ ਅਪਮਾਨਜਨਕ ਸ਼ਬਦ ਹੈ। ਤੇ ਆਮ ਤੌਰ 'ਤੇ ਉਨ੍ਹਾਂ ਨੂੰ ਨਾਜਾਇਜ਼ ਬੰਗਲਾਦੇਸ਼ੀ ਦੇ ਤੌਰ 'ਤੇ ਪਛਾਣਿਆ ਜਾਂਦਾ ਹੈ।



ਪੰਜਾਬ ਟਾਈਮਜ਼

*31 ਜਨਵਰੀ, ਸ਼ਨਿਚਰਵਾਰ*

## ਗਣਤੰਤਰ ਦਿਵਸ ਦਾ ਮਹੱਤਵ

*ਅਸੀਂ ਕਿਉਂ ਮਨਾਉਂਦੇ ਹਾਂ ਹਰ ਸਾਲ ਗਣਤੰਤਰ ਦਿਵਸ? ਇਸ ਲਈ ਕਿ ਅਸੀਂ ਨਵੀਂ ਪੀੜ੍ਹੀ ਨੂੰ ਇਸ ਦਾ ਮਹੱਤਵ ਸਮਝਾ ਸਕੀਏ ਅਤੇ ਸੰਵਿਧਾਨ ਪ੍ਰਤੀ ਆਸਥਾ ਉਨ੍ਹਾਂ ਦੇ ਮਨਾਂ ਵਿਚ ਵਸਾ ਸਕਣ ਦੇ ਨਾਲ ਨਾਲ ਗਣਤੰਤਰ ਦੀ ਮਜ਼ਬੂਤੀ ਦੀ ਲੋੜ ਬਾਰੇ ਜਾਗਰੂਕਤਾ ਪੈਦਾ ਕਰ ਸਕੀਏ। ਇਨ੍ਹਾਂ ਸਭ ਯਤਨਾਂ ਦੇ ਬਾਵਜੂਦ ਦੇਸ਼ ਦੀ ਧਾਰਾ ਦਾ ਰੁਖ ਸਹੀ ਦਿਸ਼ਾ ਤੋਂ ਭਟਕ ਰਿਹਾ ਪ੍ਰਤੀਤ ਹੁੰਦਾ ਹੈ।*

*ਦੇਸ਼ ਵਿਚ ਜ਼ਹਿਰੀਲੇ ਨਾਅਰਿਆਂ ਨਾਲ ਓਤ-ਪੋਤ ਫ਼ਿਰਕੂ, ਭਾਸ਼ਾਈ ਅਤੇ ਨਸਲੀ ਨਫ਼ਰਤ ਨਾਲ ਬਣਦੇ ਗ੍ਰਹਿ ਯੁੱਧ ਵਰਗੇ ਹਾਲਾਤ, ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਮੁੜ ਨਿਰੀਖਣ ਦੀ ਆੜ ਵਿਚ ਲੋਕਾਂ ਦੀ ਨਾਗਰਿਕਤਾ ਨਿਰਧਾਰਿਤ ਕਰਨ ਦੇ ਬੇਵਜ੍ਹਾ ਅਭਿਆਨ ਨਾਲ ਲੋਕਾਂ ਵਿਚ ਪੈਦਾ ਹੋਈ ਬੇਚੈਨੀ, ਗੁਆਂਢੀ ਦੇਸ਼ ਵਲੋਂ ਦੇਸ਼ ਦੀਆਂ ਹੱਦਾਂ 'ਤੇ ਹਮਲਾ ਅਤੇ ਉਸ 'ਤੇ ਸਾਡੀ ਚੁੱਪੀ, ਅਰਥ ਵਿਵਸਥਾ ਦਾ ਆਧਾਰ ਮੰਨੀ ਜਾਣ ਵਾਲੀ ਖੇਤੀ-ਕਿਸਾਨੀ 'ਤੇ ਮੰਡਰਾਉਂਦੇ ਸੰਕਟ, ਢਹਿ-ਢੇਰੀ ਹੋ ਚੁੱਕੀ ਅਰਥ ਵਿਵਸਥਾ ਨਾਲ ਮਚੀ ਅਫੜਾ-ਦਫੜੀ ਦਾ ਮਾਹੌਲ ਕੁਝ ਹੋਰ ਹੀ ਸੰਕੇਤ ਦੇ ਰਿਹਾ ਹੈ। ਕੀ ਸਾਡੀਆਂ ਉਹ ਸਭ ਕਦਰਾਂ-ਕੀਮਤਾਂ ਅਤੇ ਪ੍ਰੇਰਨਾਵਾਂ ਸੁਰੱਖਿਅਤ ਹਨ, ਜਿਨ੍ਹਾਂ ਦੇ ਆਧਾਰ 'ਤੇ ਆਜ਼ਾਦੀ ਦੀ ਲੰਮੀ ਲੜਾਈ ਲੜੀ ਗਈ ਸੀ ਅਤੇ ਜੋ ਆਜ਼ਾਦੀ ਤੋਂ ਬਾਅਦ ਸਾਡੇ ਸੰਵਿਧਾਨ ਦਾ ਮੂਲ ਆਧਾਰ ਬਣੀ ਸੀ? ਕੀ ਆਜ਼ਾਦੀ ਹਾਸਿਲ ਹੋਣ ਅਤੇ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਸਾਡੇ ਵਿਵਸਥਾ ਤੰਤਰ ਅਤੇ ਦੇਸ਼ ਦੇ ਆਮ ਆਦਮੀ ਦਰਮਿਆਨ ਉਸ ਤਰ੍ਹਾਂ ਦਾ ਸਹਿਜ ਅਤੇ ਸੰਵੇਦਨਸ਼ੀਲ ਰਿਸ਼ਤਾ ਬਣ ਸਕਿਆ ਹੈ, ਜਿਵੇਂ ਦਾ ਸਾਡਾ ਇਕ ਵਿਅਕਤੀ ਦਾ ਆਪਣੇ ਪਰਿਵਾਰ ਨਾਲ ਹੁੰਦਾ ਹੈ? ਆਖ਼ਿਰ ਆਜ਼ਾਦੀ ਹਾਸਿਲ ਕਰਨ ਅਤੇ ਫਿਰ ਸੰਵਿਧਾਨ ਦੀ ਰਚਨਾ ਪਿੱਛੇ ਮੂਲ ਭਾਵਨਾ ਤਾਂ ਇਹੀ ਸੀ। ਗਣਤੰਤਰ ਦੀ 77ਵੀਂ ਵਰ੍ਹੇਗੰਢ ਮਨਾਉਂਦੇ ਹੋਏ ਅਸੀਂ ਦੇਖ ਸਕਦੇ ਹਾਂ ਕਿ ਕਿਸ ਤਰ੍ਹਾਂ ਕੁਝ ਕੁ ਉਦਯੋਗਿਕ ਘਰਾਣੇ ਇਨ੍ਹਾਂ ਸਾਧਨਾਂ ਦੀ ਮਨਮਰਜ਼ੀ ਨਾਲ ਵਰਤੋਂ ਕਰ ਰਹੇ ਹਨ ਅਤੇ ਇਹ ਸਭ ਕੁਝ ਸਰਕਾਰਾਂ ਦੀਆਂ ਨੀਤੀਆਂ ਦੇ ਕਾਰਨ ਹੋ ਰਿਹਾ ਹੈ। ਭਾਰਤ ਸਰਕਾਰ ਭਾਵੇਂ ਮਨਮਰਜ਼ੀ ਦੇ ਅੰਕੜਿਆਂ ਦੇ ਜ਼ਰੀਏ ਦਾਅਵਾ ਕਰੇ ਕਿ ਆਰਥਿਕ ਤਰੱਕੀ ਦੇ ਮਾਮਲੇ ਵਿਚ ਪੂਰੀ ਦੁਨੀਆ ਵਿਚ ਭਾਰਤ ਦਾ ਡੰਕਾ ਵੱਜ ਰਿਹਾ ਹੈ, ਪਰ ਹਕੀਕਤ ਇਹ ਹੈ ਕਿ ਆਰਥਿਕ ਮਾਮਲਿਆਂ ਵਿਚ ਸਭ ਅਧਿਐਨ ਸੰਸਥਾਵਾਂ ਭਾਰਤ ਦੀ ਅਰਥ-ਵਿਵਸਥਾ ਦਾ ਸੋਗ ਗੀਤ ਗਾ ਰਹੀਆਂ ਹਨ। ਸੰਯੁਕਤ ਰਾਸ਼ਟਰ ਦੀ ਏਜੰਸੀ ਯੂ.ਐਨ.ਡੀ.ਪੀ. ਨੇ ਸਾਰੇ ਅੰਕੜਿਆਂ ਦੇ ਆਧਾਰ 'ਤੇ ਦੱਸਿਆ ਹੈ ਕਿ ਭਾਰਤ ਟਿਕਾਊ ਵਿਕਾਸ ਦੇ ਮਾਮਲੇ ਵਿਚ ਦੁਨੀਆ ਦੇ 193 ਦੇਸ਼ਾਂ ਵਿਚੋਂ 99ਵੀਂ ਥਾਂ 'ਤੇ ਹੈ। ਅਮਰੀਕਾ ਅਤੇ ਜਰਮਨੀ ਦੀਆਂ ਏਜੰਸੀਆਂ ਨੇ ਜਾਣਕਾਰੀ ਦਿੱਤੀ ਹੈ ਕਿ 'ਗਲੋਬਲ ਹੰਗਰ ਇੰਡੈਕਸ' ਵਿਚ ਦੁਨੀਆ ਦੇ 123 ਦੇਸ਼ਾਂ ਵਿਚੋਂ ਭਾਰਤ 102ਵੇਂ ਥਾਂ 'ਤੇ ਹੈ। ਸੰਯੁਕਤ ਰਾਸ਼ਟਰ ਦੇ ਪ੍ਰਸੰਨਤਾ ਸੂਚਕ ਅੰਕ ਵਿਚ ਭਾਰਤ ਦੀ ਸਥਿਤੀ ਵਿਚ ਲਗਾਤਾਰ ਗਿਰਾਵਟ ਦਰਜ ਹੋ ਰਹੀ ਹੈ। 'ਸੰਸਾਰਕ ਖੁਸ਼ਹਾਲੀ ਸੂਚਕ ਅੰਕ- 2025 ਵਿਚ ਭਾਰਤ ਨੂੰ 118ਵਾਂ ਸਥਾਨ ਮਿਲਿਆ ਹੈ। 147 ਦੇਸ਼ਾਂ ਵਿਚ ਭਾਰਤ ਦੀ ਥਾਂ ਏਨੀ ਹੇਠਾਂ ਹੈ, ਜਿੰਨਾ ਕਿ ਅਫ਼ਰੀਕਾ ਦੇ ਕੁਝ ਬੇਹੱਦ ਪਛੜੇ ਦੇਸ਼ਾਂ ਦੀ ਹੈ। ਇਸ ਸੂਚਕ ਅੰਕ ਵਿਚ ਪਾਕਿਸਤਾਨ, ਭੂਟਾਨ, ਨੇਪਾਲ, ਸ੍ਰੀਲੰਕਾ ਅਤੇ ਮਿਆਂਮਾਰ ਵਰਗੇ ਛੋਟੇ-ਛੋਟੇ ਗੁਆਂਢੀ ਦੇਸ਼ ਵੀ ਖੁਸ਼ਹਾਲੀ ਦੇ ਮਾਮਲੇ ਵਿਚ ਭਾਰਤ ਤੋਂ ਉੱਪਰ ਹਨ।*

*ਜੇਕਰ ਸੋਚੀਏ ਕਿ ਆਜ਼ਾਦ ਭਾਰਤ ਦਾ ਸਾਡਾ ਟੀਚਾ ਕੀ ਸੀ? ਸੱਤਾ ਦੀ ਚਮਕ ਦੇ ਪਿੱਛੇ ਡੂੰਘਾ ਹਨੇਰਾ ਕਿਉਂ ਨਜ਼ਰ ਆਉਂਦਾ ਹੈ? ਦੇਸ਼ ਦੀ 80 ਫ਼ੀਸਦੀ ਆਬਾਦੀ ਨੂੰ ਮਿਲ ਰਿਹਾ ਕਥਿਤ ਮੁਫ਼ਤ ਰਾਸ਼ਨ, ਇਸ ਸਥਿਤੀ 'ਤੇ ਫ਼ਖ਼ਰ ਕਰਦੀ ਸਰਕਾਰ ਅਤੇ ਇਸ ਦੇ ਬਾਵਜੂਦ ਭੁੱਖ ਨਾਲ ਮਰਦੇ ਲੋਕ, ਪਾਣੀ ਨੂੰ ਤਰਸਦੇ ਖੇਤ, ਕੰਮ ਦੀ ਭਾਲ ਕਰਦੇ ਕਰੋੜਾਂ ਹੱਥ, ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿਚ ਸਮਾਜਿਕ ਅਤੇ ਜਾਤੀ ਟਕਰਾਅ ਦੇ ਚਲਦਿਆਂ ਗ੍ਰਹਿ ਯੁੱਧ ਵਰਗੇ ਬਣਦੇ ਹਾਲਾਤ, ਬੇਕਾਬੂ ਕਾਨੂੰਨ ਵਿਵਸਥਾ ਅਤੇ ਵਧਦੇ ਸਰੀਰਕ ਸ਼ੋਸ਼ਣ, ਚੋਣ-ਧਾਂਦਲੀਆਂ, ਵੱਖ-ਵੱਖ ਰਾਜਾਂ ਤੋਂ ਇਸ ਸੰਬੰਧੀ ਆਏ ਮਾਮਲੇ, ਜਨ ਪ੍ਰਤੀਨਿਧੀਆਂ ਦੀ ਖ਼ਰੀਦੋ-ਫਰੋਖ਼ਤ ਜ਼ਰੀਏ ਅਸਹਿਮਤੀ ਦਾ ਉਧਾਲਾ, ਚੋਣ ਕਮਿਸ਼ਨ ਦਾ ਸੱਤਾ ਦੇ ਇਸ਼ਾਰੇ 'ਤੇ ਕੰਮ ਕਰਨਾ, ਨਿਆਂਪਾਲਿਕਾ ਦੇ ਲੋਕ ਵਿਰੋਧੀ ਫ਼ੈਸਲੇ ਅਤੇ ਸੱਤਾ ਦੀ ਪੈਰੋਕਾਰੀ, ਸੱਤਾ ਨਾਲ ਅਸਹਿਮਤੀ ਦਾ ਬੇਰਹਿਮੀ ਨਾਲ ਦਮਨ ਆਦਿ ਗੱਲਾਂ ਸਾਡੇ ਗਣਤੰਤਰ ਦੀ ਮਜ਼ਬੂਤੀ ਅਤੇ ਕਾਮਯਾਬੀ ਦੇ ਦਾਅਵਿਆਂ ਦਾ ਮੂੰਹ ਚਿੜਾਉਂਦੀਆਂ ਹਨ। ਇਹ ਸਥਿਤੀ ਦੱਸਦੀ ਹੈ ਕਿ ਸਾਡੀ ਲੋਕਤੰਤਰਿਕ ਵਿਵਸਥਾ ਦੇਸ਼ ਦੇ ਆਮ ਆਦਮੀ ਪ੍ਰਤੀ ਆਪਣੀ ਬੁਨਿਆਦੀ ਜ਼ਿੰਮੇਵਾਰੀ ਨਿਭਾਉਣ ਅਤੇ ਪਿੰਡ, ਗ਼ਰੀਬ ਅਤੇ ਕਿਸਾਨ ਨੂੰ ਵਿਕਾਸ ਦੀ ਮੁੱਖਧਾਰਾ ਵਿਚ ਸ਼ਾਮਿਲ ਕਰਨ ਵਿਚ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ। ਸਾਡੇ ਸੰਵਿਧਾਨ ਦੀ ਭਾਵਨਾ ਅਨੁਸਾਰ ਪਿੰਡ ਖ਼ੁਦਮੁਖਤਾਰ ਹੋਣ ਵੱਲ ਅੱਗੇ ਵਧਣ ਦੀ ਬਜਾਏ ਅਤਿ ਪਿਛੜੇਵੇਂ ਅਤੇ ਦੁਰਦਸ਼ਾ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ।*

*ਸ਼ਹਿਰੀਕਰਨ ਦਾ ਰੁਝਾਨ ਸਾਡੇ ਸੰਵਿਧਾਨ ਦੀ ਮੂਲ ਭਾਵਨਾ ਦੇ ਇਕਦਮ ਉਲਟ ਹੈ। ਸਾਡਾ ਸੰਵਿਧਾਨ ਕਿਤੇ ਵੀ ਦਿਹਾਤੀ ਆਬਾਦੀ ਨੂੰ ਖ਼ਤਮ ਕਰਨ ਦੀ ਗੱਲ ਨਹੀਂ ਕਰਦਾ, ਪਰ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਇਸ਼ਾਰੇ 'ਤੇ ਬਣਨ ਵਾਲੀਆਂ ਸਾਡੀਆਂ ਆਰਥਿਕ ਨੀਤੀਆਂ ਉਹੀ ਭੂਮਿਕਾ ਨਿਭਾਅ ਰਹੀਆਂ ਹਨ ਅਤੇ ਇਸੇ ਤੋਂ ਗਣ ਅਤੇ ਤੰਤਰ ਵਿਚਲੀ ਖਾਈ ਲਗਾਤਾਰ ਡੂੰਘੀ ਹੁੰਦੀ ਜਾ ਰਹੀ ਹੈ। ਭਾਰਤ ਦੀ ਆਜ਼ਾਦੀ ਅਤੇ ਭਾਰਤੀ ਗਣਤੰਤਰ ਦੀ ਮੁਕੰਮਲ ਕਾਮਯਾਬੀ ਦੀ ਇਕ ਮਾਤਰ ਸ਼ਰਤ ਇਹੀ ਹੈ ਕਿ ਜੀਅ-ਜਾਨ ਨਾਲ ਸਰਬ ਭਾਰਤੀ ਹੋਣ ਦੀ ਕਦਰ ਕਰਨ ਵਾਲੇ ਖੇਤਰਾਂ ਅਤੇ ਤਬਕਿਆਂ ਦੀਆਂ ਨਾ-ਬਰਾਬਰੀਆਂ ਅਤੇ ਸੰਵੇਦਨਾਵਾਂ ਦੀ ਕਦਰ ਕੀਤੀ ਜਾਵੇ। ਸਰਬ ਧਰਮ ਸਨਮਾਨ ਦੀ ਭਾਵਨਾ ਨਾਲ ਜਨ-ਸਾਧਾਰਨ ਦੀ ਸਵੈਇੱਛਕ ਹਿੱਸੇਦਾਰੀ ਦੇ ਬਗ਼ੈਰ ਕੀ ਸਾਡੇ ਗਣਤੰਤਰ ਦੀ ਕਾਮਯਾਬੀ ਸੰਭਵ ਹੋ ਸਕਦੀ ਹੈ? ਅਤੇ ਕੀ ਸਾਡਾ ਗਣਤੰਤਰ ਮਜ਼ਬੂਤ ਹੋ ਸਕਦਾ ਹੈ? ਜੋ ਸਮਾਜ ਸਥਾਈ ਤੌਰ 'ਤੇ ਜਾਤਾਂ ਅਤੇ ਧਰਮਾਂ ਦੀ ਸੰਕੀਰਨਤਾ ਵਿਚ ਵੰਡਿਆ ਹੋਇਆ, ਨਿਰਾਸ਼ ਅਤੇ ਨਾਰਾਜ਼ ਹੋਵੇ, ਉਹ ਕਿਵੇਂ ਇਕ ਸਫ਼ਲ ਰਾਸ਼ਟਰ ਬਣ ਸਕਦਾ ਹੈ?*

### ਠਾਹ-ਸੋਟਾ

-ਚਾਚਾ ਬੇਲਿਹਾਜ਼

#### 'ਬੁੱਕ' ਦਾ ਬੁਰਾ ਹਾਲ?

*ਆਵੇ ਚਿੱਠੀ ਮਸ਼ੀਨਾਂ ਦੀ 'ਪ੍ਰਿੰਟ' ਹੋਈ, ਲਿਖੀ ਹੱਥਾਂ ਦੀ ਕਿਧਰੇ ਦੂਰ ਹੜ੍ਹ ਗਈ।*
*ਵਰ ਲੱਭਦੀ 'ਨੈਟ' 'ਤੇ ਆਪਣੇ ਲਈ, ਉਹ ਵੀ ਕੁੜੀ ਜਮਾਤਾਂ ਜੋ ਚਾਰ ਪੜ੍ਹ ਗਈ।*
*ਲੱਕ ਤੋੜ ਕੇ ਸਾਂਝ ਦਾ 'ਪ੍ਰਾਈਵੇਸੀ', ਹਰ ਬੰਦੇ ਨੂੰ ਇਕੱਲਤਾ ਵਿਚ ਮੜ੍ਹ ਗਈ।*
*ਰੁਕੇ ਜ਼ਿੰਦਗੀ ਬਿਨਾ ਮਸ਼ੀਨਰੀ ਤੋਂ, ਸੈਲ ਮੁੱਕਿਆਂ ਜਿਸ ਤਰ੍ਹਾਂ ਘੜੀ ਖੜ੍ਹ ਗਈ।*
*ਵਧ ਗਈ 'ਨੇੜਤਾ' ਏਕਤਾ ਗਾਇਬ ਹੋਈ, ਜਾਪੇ ਹਉਮੈ ਦੀ ਭੱਠੀ ਵਿਚ ਸੜ ਗਈ।*
*ਨਵੇਂ ਯੁੱਗ ਨੇ ਖੋਹ ਲਈ 'ਬੁੱਕ' ਸਾਥੋਂ, 'ਫੇਸ-ਬੁੱਕ' ਦੀ ਗੁੱਡੀ ਅਕਾਸ਼ ਚੜ੍ਹ ਗਈ।*

# 'ਲਾਟ ਸਾਹਿਬ' ਦੀ ਭੂਮਿਕਾ 'ਤੇ ਉੱਠਦੇ ਸਵਾਲ





ਗੁਰਮੀਤ ਸਿੰਘ ਪਲਾਹੀ
ਫੋਨ: 9815802070

ਦੇਸ਼ ਵਿਚ ਸੂਬਿਆਂ ਦੇ ਰਾਜਪਾਲਾਂ (ਗਵਰਨਰਾਂ) ਦੀ ਭੂਮਿਕਾ ਇੱਕ ਵਾਰ ਫਿਰ ਚਰਚਾ ਵਿਚ ਹੈ। ਕੇਵਲ ਕੁਝ ਦਿਨਾਂ ਵਿਚ ਹੀ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਿਚ ਸੂਬਾ ਸਰਕਾਰਾਂ ਅਤੇ ਰਾਜਪਾਲਾਂ ਵਿਚ ਵਿਵਾਦ ਖੜ੍ਹਾ ਹੋ ਗਿਆ। ਸਵਾਲ ਪੈਦਾ ਹੁੰਦਾ ਹੈ ਕਿ ਵਿਰੋਧੀ ਧਿਰ ਵਾਲੀਆਂ ਸਰਕਾਰਾਂ ਦੇ 'ਲਾਟ ਸਾਹਿਬ' ਹੀ ਇੰਨੇ ਉਤੇਜਿਤ ਕਿਉਂ ਹਨ? ਦੱਖਣੀ ਸੂਬੇ ਕੇਰਲ, ਤਾਮਿਲਨਾਡੂ ਅਤੇ ਕਰਨਾਟਕ-ਤਿੰਨੇ ਇਹੋ ਜਿਹੇ ਸੂਬੇ ਹਨ, ਜਿੱਥੇ ਭਾਜਪਾ ਵਿਰੋਧੀ ਸਰਕਾਰਾਂ ਹਨ ਅਤੇ ਮੌਜੂਦਾ ਭਾਜਪਾ ਸਰਕਾਰ ਆਪਣੇ 'ਲਾਟ ਸਾਹਿਬਾਂ' ਰਾਹੀਂ ਇੱਥੇ ਆਪਣੀਆਂ ਚੰਮ ਦੀਆਂ ਚਲਾਉਣਾ ਚਾਹੁੰਦੀ ਹੈ ਅਤੇ ਰਾਜ ਸਰਕਾਰਾਂ ਦੇ ਕੰਮਾਂ 'ਚ ਨਿੱਤ ਰੁਕਾਵਟਾਂ ਪਾਉਂਦੀ ਹੈ?

ਤਾਜ਼ਾ ਵਿਵਾਦ ਕਰਨਾਟਕ ਦੇ ਰਾਜਪਾਲ ਥਾਵਰ ਚੰਦ ਗਹਿਲੋਤ ਨਾਲ ਜੁੜਿਆ ਹੈ, ਜਿਨ੍ਹਾਂ 22 ਜਨਵਰੀ 2026 ਨੂੰ ਰਾਜ ਵਿਧਾਨ ਸਭਾ ਨੂੰ ਸੰਬੋਧਿਤ ਕੀਤਾ ਅਤੇ ਰਾਜ ਸਰਕਾਰ ਦਾ ਦਿੱਤਾ ਭਾਸ਼ਣ ਪੂਰਾ ਨਹੀਂ ਪੜ੍ਹਿਆ। ਤਾਮਿਲਨਾਡੂ ਦੇ ਰਾਜਪਾਲ ਆਰ. ਐੱਨ. ਰਵੀ ਵਿਧਾਨ ਸਭਾ ਵਿਚ ਆਪਣਾ ਉਦਘਾਟਨੀ ਭਾਸ਼ਣ ਦੇਣ ਤੋਂ ਪਹਿਲਾਂ ਹੀ ਸਦਨ 'ਚੋਂ ਬਾਹਰ ਚਲੇ ਗਏ। ਉਨ੍ਹਾਂ ਨੇ ਰਾਸ਼ਟਰਗਾਣ ਪ੍ਰਤੀ ਅਨਾਦਰ ਭਾਵਨਾ 'ਤੇ ਨਿਰਾਸ਼ਾ ਪ੍ਰਗਟਾਈ। ਕੇਰਲ ਵਿਚ ਉਸ ਵੇਲੇ ਵਿਵਾਦ ਪੈਦਾ ਹੋ ਗਿਆ, ਜਦੋਂ ਮੁੱਖ ਮੰਤਰੀ ਪਿਨਾਰਾਈ ਵਿਜੈਅਨ ਨੇ ਵਿਧਾਨ ਸਭਾ ਵਿਚ ਰਾਜਪਾਲ ਰਜੇਂਦਰ ਵਿਸ਼ਵਨਾਥ ਅਰਲੇਕਰ ਦਾ ਭਾਸ਼ਣ ਖ਼ਤਮ ਹੋਣ ਤੋਂ ਤੁਰੰਤ ਬਾਅਦ ਦੋਸ਼ ਲਗਾਇਆ ਕਿ ਉਨ੍ਹਾਂ ਨੇ ਰਾਜ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੇ ਨੀਤੀਗਤ ਭਾਸ਼ਣ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ।

ਇਸ ਤੋਂ ਪਹਿਲਾਂ ਮਹਾਂਰਾਸ਼ਟਰ (ਜਦੋਂ ਇੱਥੇ ਵਿਰੋਧੀ ਧਿਰ ਦਾ ਰਾਜ ਸੀ), ਪੱਛਮੀ ਬੰਗਾਲ, ਪੰਜਾਬ ਅਤੇ ਦਿੱਲੀ ਜਿਹੇ ਸੂਬਿਆਂ ਦੇ ਰਾਜਪਾਲਾਂ ਦੇ ਵੱਲੋਂ ਨਿਭਾਈ ਜਾ ਰਹੀ ਭੂਮਿਕਾ 'ਤੇ ਸਵਾਲ ਉੱਠੇ। ਤਾਮਿਲਨਾਡੂ ਦੇ ਤਤਕਾਲੀਨ ਰਾਜਪਾਲ ਮੁਹੰਮਦ ਖਾਨ ਅਤੇ ਪੱਛਮੀ ਬੰਗਾਲ ਦੇ ਤਤਕਾਲੀਨ ਰਾਜਪਾਲ ਜਗਦੀਪ ਧਨਖੜ ਅਤੇ ਮੌਜੂਦਾ ਰਾਜਪਾਲ ਸੀ.ਵੀ. ਅਨੰਦ ਬੋਸ ਦੀ ਰਾਜਪਾਲਾਂ ਵਜੋਂ ਭੂਮਿਕਾ ਚਰਚਾ ਵਿਚ ਰਹੀ। ਪੰਜਾਬ ਦੇ ਰਾਜਪਾਲ ਵੱਲੋਂ ਮੰਤਰੀ ਮੰਡਲ ਵੱਲੋਂ ਸਿਫ਼ਾਰਸ਼ ਦੇ ਬਾਵਜੂਦ ਵਿਧਾਨ ਸਭਾ ਇਜਲਾਸ ਨਾ ਬੁਲਾਏ ਜਾਣ ਦੇ ਮਾਮਲੇ 'ਚ ਕੇਸ ਸੁਪਰੀਪ ਕੋਰਟ ਪੁੱਜਾ। ਇਨ੍ਹਾਂ ਸਾਰੀਆਂ ਘਟਨਾਵਾਂ ਨਾਲ਼ ਰਾਜਪਾਲ ਦੀ ਭੂਮਿਕਾ ਉੱਤੇ ਗੰਭੀਰ ਸਵਾਲ ਉੱਠਣੇ ਲਾਜ਼ਮੀ ਸਨ।

ਰਾਜਾਸ਼ਾਹੀ ਸ਼ਾਸ਼ਨ ਦੇ ਦੌਰਾਨ ਬਰਤਾਨੀਆ ਹਕੂਮਤ ਨੇ ਭਾਰਤ ਵਿਚ ਰਾਜਪਾਲ ਦਾ ਸਜਾਵਟੀ ਅਹੁਦਾ ਬਣਾਇਆ ਸੀ। ਜਿਸਦੀ ਭੂਮਿਕਾ ਹੀ ਆਪਣੇ ਰਾਜ ਨਿਵਾਸ ਵਿਚ ਬਰਤਾਨਵੀ ਹੁਕਮਰਾਨਾ ਦੀ ਠਾਠ-ਬਾਠ ਦਿਖਾਉਣ ਦੀ ਸੀ। ਉਹ ਗਵਰਨਰ ਸਾਹਿਬ-'ਲਾਟ ਸਾਹਿਬ' ਵਜੋਂ ਜਾਣੇ ਜਾਂਦੇ ਸਨ।

ਅਜ਼ਾਦ ਭਾਰਤ ਨੇ ਜਦੋਂ ਆਪਣੇ-ਆਪ ਨੂੰ ਗਣਤੰਤਰ ਘੋਸ਼ਿਤ ਕਰਦਿਆਂ ਆਪਣਾ ਸੰਵਿਧਾਨ ਲਾਗੂ ਕੀਤਾ ਤਾਂ ਵੀ ਇਹ ਅਹੁਦਾ ਖ਼ਾਸ ਆਦਰਸ਼ਾਂ ਤਹਿਤ ਬਰਕਰਾਰ ਰੱਖਿਆ ਗਿਆ। ਕੇਂਦਰ ਅਤੇ ਸੂਬਿਆਂ ਦੇ ਵਿਚ ਇਸ ਗ਼ੈਰ-ਰਾਜਨੀਤਕ ਪ੍ਰਤੀਨਿਧ ਦੀ ਭੂਮਿਕਾ ਕਿਸੇ ਤਰ੍ਹਾਂ ਦੇ ਸਿਆਸੀ ਸੰਕਟ ਜਾਂ ਕਿਸੇ ਗੰਭੀਰ ਸੰਕਟ ਦੇ ਸੰਦਰਭ 'ਚ ਰੱਖੀ ਗਈ। ਪਰ ਅੱਜ ਇਨ੍ਹਾਂ ਰਾਜ ਭਵਨਾਂ ਉੱਤੇ ਸਿਆਸੀ ਲੋਕਾਂ ਦਾ ਡੰਕਾ ਵੱਜਦਾ ਹੈ ਅਤੇ ਇਹ ਰਾਜ-ਭਵਨ ਠਾਠ-ਬਾਠ ਦੇ ਪ੍ਰਤੀਕ ਬਣੇ ਹੋਏ ਹਨ ਤੇ ਸੰਕਟ-ਮੋਚਨ ਬਣਨ ਦੀ ਆਮ ਸਮੇਂ 'ਚ ਵੀ ਸੰਕਟ ਖੜ੍ਹਾ ਕਰ ਰਹੇ ਹਨ।

ਰਾਜਪਾਲ ਨੂੰ ਇੱਕ ਗ਼ੈਰ-ਸਿਆਸੀ ਪ੍ਰਮੁੱਖ ਦੇ ਰੂਪ ਵਿਚ ਵੇਖਿਆ ਜਾਂਦਾ ਹੈ, ਜਿਹੜਾ ਸੂਬੇ ਦੀ ਮੰਤਰੀ ਪਰਿਸ਼ਦ ਦੀ ਸਲਾਹ ਨਾਲ਼ ਕੰਮ ਕਰਦਾ ਹੈ, ਲੇਕਿਨ ਸੰਵਿਧਾਨ ਦੇ ਤਹਿਤ ਉਸਨੂੰ ਕੁਝ ਤਾਕਤਾਂ ਵੀ ਮਿਲੀਆਂ ਹੋਈਆਂ ਹਨ। ਇਸ ਵਿਚ ਰਾਜ ਵਿਧਾਨ ਮੰਡਲ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਸਹਿਮਤੀ ਦੇਣ ਜਾਂ ਨਾ ਦੇਣ ਦਾ ਅਧਿਕਾਰ ਵੀ ਸ਼ਾਮਲ ਹੈ, ਜਾਂ ਕਿਸੇ ਸਿਆਸੀ ਦਲ ਨੂੰ ਆਪਣਾ ਬਹੁਮਤ ਸਾਬਤ ਕਰਨ ਲਈ ਸਮਾਂ ਨਿਰਧਾਰਿਤ ਕਰਨਾ ਜਾਂ ਚੋਣ ਵਿਚ ਤ੍ਰਿਸ਼ੰਕੂ ਫੈਸਲੇ ਦੇ ਬਾਅਦ ਕਿਸੇ ਦਲ ਨੂੰ ਪਹਿਲਾਂ ਸਰਕਾਰ ਬਣਾਉਣ ਲਈ ਬੁਲਾਉਣਾ ਸ਼ਾਮਲ ਹੈ।

ਪਰ ਮੋਦੀ ਕਾਲ ਦੇ ਸਮੇਂ 'ਚ ਰਾਜਪਾਲ ਆਪਹੁਦਰੇ ਢੰਗ ਨਾਲ਼ ਕੰਮ ਕਰਦੇ ਨਜ਼ਰ ਆ ਰਹੇ ਹਨ। ਸਾਲ 2018 ਵਿਚ ਜੰਮੂ-ਕਸ਼ਮੀਰ ਦੇ ਤਤਕਾਲੀਨ ਰਾਜਪਾਲ ਸਤਿਆਪਾਲ ਮਲਿਕ ਨੇ ਵਿਧਾਨ ਸਭਾ ਭੰਗ ਕਰ ਦਿੱਤੀ, ਕਿਉਂਕਿ ਅਸ਼ੰਕਾ ਸੀ ਕਿ ਕੁਝ ਦਲ ਮਿਲ ਕੇ ਸਰਕਾਰ ਬਣਾਉਣ ਦੀ ਤਿਆਰੀ ਕਰ ਰਹੇ ਹਨ, ਜੋ ਕਿ ਕੇਂਦਰ ਸਰਕਾਰ ਨੂੰ ਪ੍ਰਵਾਨ ਨਹੀਂ ਸੀ।

2019 ਵਿਚ ਮਹਾਰਾਸ਼ਟਰ ਵਿਚ ਤ੍ਰਿਸ਼ੰਕੂ ਵਿਧਾਨ ਸਭਾ ਬਣਨ ਬਾਅਦ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਚੁੱਪ-ਚਾਪ ਭਾਜਪਾ ਨੇਤਾ ਦੇਵਿੰਦਰ ਫਰਨਵੀਸ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਵਾ ਦਿੱਤੀ। ਕੇਂਦਰ ਸਰਕਾਰ ਉੱਤੇ ਰਾਜਪਾਲ ਦੇ ਅਹੁਦੇ ਦੇ ਦੁਰਉਪਯੋਗ ਕਰਨ ਦੇ ਦੋਸ਼ ਸਾਲ 1950 ਦੇ ਦਹਾਕੇ 'ਤੋਂ ਹੀ ਲੱਗਣੇ ਸ਼ੁਰੂ ਹੋ ਗਏ ਸਨ।

ਸਾਲ 1959 ਵਿਚ ਰਾਜਪਾਲ ਦੀ ਇੱਕ ਰਿਪੋਰਟ ਦੇ ਆਧਾਰ 'ਤੇ ਕੇਰਲ ਦੀ ਈ.ਐੱਮ.ਐੱਸ. ਨੰਬੂਦਰੀਪਾਦ ਸਰਕਾਰ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ। 1971 ਤੋਂ 1990 ਵਿਚਕਾਰ ਰਾਜਪਾਲਾਂ ਵੱਲੋਂ ਜਾਰੀ ਰਾਸ਼ਟਰਪਤੀ ਸ਼ਾਸਨ ਦੇ ਆਦੇਸ਼ਾਂ ਅਧੀਨ 63 ਰਾਜ ਸਰਕਾਰਾਂ ਬਰਖ਼ਾਸਤ ਕੀਤੀਆਂ ਗਈਆਂ। ਹਰਿਆਣਾ (1967), ਕਰਨਾਟਕ ਦੀ 1971 ਦੀ ਪਾਟਿਲ ਸਰਕਾਰ, ਉੱਤਰ ਪ੍ਰਦੇਸ਼, ਉੜੀਸਾ, ਆਂਧਰ ਪ੍ਰਦੇਸ਼ ਅਤੇ ਗੁਜਰਾਤ ਵਿਚ ਰਾਜਪਾਲਾਂ ਨੇ ਸਰਕਾਰਾਂ ਭੰਗ ਕੀਤੀਆਂ। ਪਰ ਇਹ ਮਾਮਲੇ ਗਠਜੋੜ ਸਰਕਾਰਾਂ ਦੇ ਦੌਰ ਵਿਚ ਘਟ ਗਏ।

ਸੰਵਿਧਾਨ ਸਭਾ ਨੇ ਰਾਜਪਾਲ ਦੇ ਅਹੁਦੇ ਉੱਤੇ ਵਿਸਥਾਰ ਨਾਲ਼ ਚਰਚਾ ਕੀਤੀ ਸੀ। ਸੰਵਿਧਾਨ ਸਭਾ ਦੇ ਕਈ ਮੈਂਬਰਾਂ ਦਾ ਮੰਨਣਾ ਸੀ ਕਿ ਨਿਯੁਕਤ ਕੀਤਾ ਰਾਜਪਾਲ ਚੁਣੇ ਹੋਏ ਮੁੱਖ ਮੰਤਰੀ ਦੇ ਅਧਿਕਾਰ ਕਮਜ਼ੋਰ ਕਰ ਦੇਵੇਗਾ। ਉਨ੍ਹਾਂ ਨੇ ਤਰਕ ਦਿੱਤਾ ਕਿ ਕਿਸੇ ਪਾਰਟੀ ਟਿਕਟ ਉੱਤੇ ਚੁਣੇ ਗਏ ਵਿਅਕਤੀ ਦੀ ਬਜਾਏ ਕਿਸੇ ਨਿਰਪੱਖ ਵਿਅਕਤੀ ਨੂੰ ਇਸ ਅਹੁਦੇ ਉੱਤੇ ਨਿਯੁਕਤ ਕੀਤਾ ਜਾਵੇ।

ਸੰਵਿਧਾਨ ਸਭਾ ਦੇ ਮੈਂਬਰਾਂ ਨੇ ਰਾਜਪਾਲ ਤੇ ਮੁੱਖ ਮੰਤਰੀ ਦੀ ਭੂਮਿਕਾ ਬਾਰੇ ਵੀ ਚਰਚਾ ਕੀਤੀ। ਧਾਰਾ 163 ਵਿਚ ਲਿਖਿਆ ਹੈ ਕਿ ਰਾਜਪਾਲ ਨੂੰ ਆਪਣੇ ਕੰਮ ਕਰਨ ਲਈ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਸਲਾਹ ਦੇਣਗੇ, ਸਿਵਾਏ ਉਨ੍ਹਾਂ ਮਾਮਲਿਆਂ ਦੇ ਜਿੱਥੇ ਸੰਵਿਧਾਨ ਦੇ ਤਹਿਤ ਉਸਨੂੰ ਆਪਣੇ ਕੰਮ ਜਾਂ ਉਨ੍ਹਾਂ ਵਿਚੋਂ ਕਿਸੇ ਵੀ ਕੰਮ ਨੂੰ ਆਪਣੇ ਵਿਵੇਕ ਨਾਲ਼ ਕਰਨ ਦੀ ਲੋੜ ਹੋਵੇ ਜਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ। ਸੰਵਿਧਾਨ ਰਾਜਪਾਲ ਨੂੰ ਕੁਝ ਵਿਸ਼ੇਸ਼ ਕੰਮ ਕਰਨ ਲਈ ਵਿਸ਼ੇਸ਼ ਅਧਿਕਾਰ ਦਿੰਦਾ ਹੈ। ਇਨ੍ਹਾਂ ਸ਼ਕਤੀਆਂ ਵਿਚ ਰਾਜਪਾਲ ਨੂੰ ਉਸ ਵੇਲੇ ਕਾਰਵਾਈ ਕਰਨ ਦਾ ਅਧਿਕਾਰ ਹੈ, ਜਦੋਂ ਰਾਸ਼ਟਰ ਦੀ ਏਕਤਾ ਖਤਰੇ ਵਿਚ ਹੋਵੇ।

ਰਾਜਪਾਲਾਂ ਨੇ ਸਮੇਂ-ਸਮੇਂ 'ਤੇ ਕੀਤੇ ਕੰਮਾਂ ਸੰਬੰਧੀ ਕਈ ਵਿਵਾਦ ਖੜ੍ਹੇ ਕੀਤੇ ਹਨ। ਉਨ੍ਹਾਂ ਦੀ ਭੂਮਿਕਾ ਤੈਅ ਕਰਨ ਲਈ ਸਮੇਂ-ਸਮੇਂ ਕਈ ਆਯੋਗ ਬਣਾਏ ਗਏ, ਤਾਂ ਜੋ ਉਨ੍ਹਾਂ ਦੇ ਕੰਮ ਦੀ ਸਮੀਖਿਆ ਹੋ ਸਕੇ। ਪੁੰਛੀ ਆਯੋਗ (2010) ਇਨ੍ਹਾਂ ਵਿਚੋਂ ਅਹਿਮ ਸੀ, ਜਿਸ ਨੇ ਸੁਝਾਅ ਦਿੱਤਾ ਕਿ ਰਾਜਪਾਲ ਕਿਸੇ ਦੂਜੇ ਸੂਬੇ ਦਾ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ, ਜੋ ਹਾਲ ਹੀ ਵਿਚ ਸਿਆਸਤ ਵਿਚ ਸ਼ਾਮਲ ਨਾ ਰਿਹਾ ਹੋਵੇ ਅਤੇ ਉਸਦੀ ਨਿਯੁਕਤੀ ਤੋਂ ਪਹਿਲਾਂ ਸਬੰਧਤ ਮੁੱਖ ਮੰਤਰੀ ਨਾਲ਼ ਸਲਾਹ ਕੀਤੀ ਜਾਣੀ ਚਾਹੀਦੀ ਹੈ। ਪਰ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨੂੰ ਲਗਭਗ ਨਜ਼ਰਅੰਦਾਜ਼ ਕਰ ਦਿੱਤਾ ਗਿਆ।

ਸਿੱਟਾ ਇਹ ਹੈ ਕਿ ਪਾਰਟੀਆਂ ਦੇ ਧੁਰੰਦਰ ਨੇਤਾ ਅੱਜ ਰਾਜਪਾਲ ਦੀ ਕੁਰਸੀ 'ਤੇ ਬਿਰਾਜਮਾਨ ਹਨ। ਉਹ ਠਾਠ-ਬਾਠ ਨਾਲ਼ ਰਾਜ ਭਵਨ ਵਿਚ ਰਹਿੰਦੇ ਹਨ, ਸੁੱਖ-ਸੁਵਿਧਾਵਾਂ ਭੋਗਦੇ ਹਨ ਅਤੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਵਜੋਂ ਉਸਦੇ ਹਿੱਤ ਵਿਚ ਕੰਮ ਕਰਦੇ ਹਨ। ਇਸ ਦੇ ਸਿੱਟੇ ਵਜੋਂ ਵਿਰੋਧੀ ਧਿਰਾਂ ਦੇ ਮੁੱਖ ਮੰਤਰੀਆਂ ਅਤੇ ਕੇਂਦਰ ਦੇ ਹਾਕਮਾਂ ਦੇ ਨਿਯੁਕਤ ਕੀਤੇ ਰਾਜਪਾਲਾਂ ਵਿਚਕਾਰ ਤਕਰਾਰ ਵਧਦਾ ਹੈ ਅਤੇ ਮੁੱਖ ਮੰਤਰੀ ਅਤੇ ਕਈ ਵਾਰ ਰਾਜਪਾਲਾਂ ਦਾ ਆਪਸੀ ਤਣਾਅ ਕਈ ਹਾਲਤਾਂ ਵਿਚ ਸਿਖ਼ਰਾਂ 'ਤੇ ਪੁੱਜ ਜਾਂਦਾ ਹੈ।

ਫਿਰ ਇਹ ਮਾਮਲੇ ਦੇਸ਼ ਦੀ ਸੁਪਰੀਮ ਕੋਰਟ ਤੱਕ ਪੁੱਜਦੇ ਹਨ। ਮਹਿੰਗੇ-ਭਾਰੇ ਵਕੀਲ ਇੱਕ ਪਾਸੇ ਰਾਜਪਾਲ ਵੱਲੋਂ ਅਤੇ ਦੂਜੇ ਪਾਸੇ ਮੁੱਖ ਮੰਤਰੀ ਵੱਲੋਂ ਪੇਸ਼ ਹੁੰਦੇ ਹਨ, ਜਿਸ ਨਾਲ਼ ਸਰਕਾਰੀ ਖਜ਼ਾਨੇ ਉੱਤੇ ਵਕੀਲਾਂ ਦੀ ਫ਼ੀਸ ਅਤੇ ਹੋਰ ਖ਼ਰਚਿਆਂ ਦਾ ਬੋਝ ਪੈਂਦਾ ਹੈ।

ਦੱਖਣ ਦੇ ਤਿੰਨ ਸੂਬਿਆਂ ਵੱਲੋਂ ਪਾਸ ਕੀਤੇ ਗਏ ਕੁਝ ਬਿੱਲਾਂ ਨੂੰ ਰਾਜਪਾਲਾਂ ਵੱਲੋਂ ਮਨਜ਼ੂਰੀ ਨਾ ਦਿੱਤੇ ਜਾਣ ਜਾਂ ਲੰਮੇ ਸਮੇਂ ਤੱਕ ਰੋਕ ਕੇ ਰੱਖਣ ਕਾਰਨ ਕਾਫ਼ੀ ਵਿਵਾਦ ਖੜ੍ਹੇ ਹੋਏ। ਸੂਬਾ ਸਰਕਾਰਾਂ ਨੇ ਇਸ ਮਾਮਲੇ ਵਿਚ ਸੁਪਰੀਮ ਕੋਰਟ ਦਾ ਰੁਖ਼ ਕੀਤਾ। ਪਿਛਲੇ ਕੁਝ ਦਿਨਾਂ ਵਿਚ ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਿਚ ਸੂਬਾ ਸਰਕਾਰਾਂ ਅਤੇ ਰਾਜਪਾਲਾਂ ਵਿਚਕਾਰ ਜਿਸ ਤਰ੍ਹਾਂ ਟਕਰਾਅ ਨਜ਼ਰ ਆ ਰਿਹਾ ਹੈ ਅਤੇ ਤਾਕਤ ਦਾ ਮੁਜ਼ਾਹਰਾ ਕੀਤਾ ਜਾ ਰਿਹਾ ਹੈ, ਇੱਕ-ਦੂਜੇ ਉੱਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ, ਉਹ ਕਿਸੇ ਵੀ ਤਰ੍ਹਾਂ ਲੋਕ-ਹਿੱਤ ਵਿਚ ਨਹੀਂ ਹੈ।

ਇਹ ਗੱਲ ਤੈਅ ਹੈ ਕਿ ਮੁੱਖ ਮੰਤਰੀ ਲੋਕਾਂ ਪ੍ਰਤੀ ਜਵਾਬਦੇਹ ਹੁੰਦਾ ਹੈ, ਪਰ ਰਾਜਪਾਲ ਨਹੀਂ। ਉਸ ਦੀ ਜਵਾਬਦੇਹੀ ਕੇਂਦਰ ਸਰਕਾਰ ਤੱਕ ਸੀਮਿਤ ਹੈ। ਉਹ ਪੰਜ ਸਾਲ ਲਈ ਨਿਯੁਕਤ ਹੁੰਦਾ ਹੈ ਅਤੇ ਕੇਂਦਰ ਸਰਕਾਰ ਆਪਣੀ ਇੱਛਾ ਅਨੁਸਾਰ ਉਸਨੂੰ ਅਹੁਦੇ 'ਤੋਂ ਹਟਾ ਸਕਦੀ ਹੈ।

ਰਾਜਪਾਲਾਂ ਵੱਲੋਂ ਟਕਰਾਅ ਦੀ ਸਥਿਤੀ ਪੈਦਾ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਸੰਵਿਧਾਨ ਰਾਜਪਾਲ ਦੀਆਂ ਸ਼ਕਤੀਆਂ ਲਈ ਸਪਸ਼ਟ ਦਿਸ਼ਾ-ਨਿਰਦੇਸ਼ ਨਹੀਂ ਦਿੰਦਾ। ਇਸ ਕਾਰਨ ਕਈ ਹਾਲਾਤਾਂ ਵਿਚ ਰਾਜਪਾਲ ਮਨਮਾਨੀਆਂ ਕਰਦੇ ਹਨ। ਆਮ ਤੌਰ 'ਤੇ ਇਹ ਵੇਖਿਆ ਗਿਆ ਹੈ ਕਿ ਰਾਜਪਾਲ ਕੇਂਦਰੀ ਪਰਿਸ਼ਦ ਦੇ ਹੁਕਮਾਂ ਅਨੁਸਾਰ ਕੰਮ ਕਰਦੇ ਹਨ, ਜਿਸ ਨਾਲ਼ ਇਹ ਧਾਰਨਾ ਬਣਦੀ ਹੈ ਕਿ ਉਹ ਕੇਂਦਰ ਦੇ ਪ੍ਰਤੀਨਿਧ ਹਨ।

ਪਿਛਲੇ ਦਿਨਾਂ ਵਿਚ ਰਾਜਪਾਲਾਂ ਵੱਲੋਂ ਸੂਬਾ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਮਨਜ਼ੂਰੀ ਨਾ ਦੇਣਾ ਜਾਂ ਰੋਕ ਕੇ ਰੱਖਣਾ ਉਨ੍ਹਾਂ ਦੇ ਪੱਖਪਾਤੀ ਰਵੱਈਏ ਦੇ ਸਬੂਤ ਵਜੋਂ ਵੇਖਿਆ ਗਿਆ। ਰਾਜਪਾਲਾਂ ਵੱਲੋਂ ਤ੍ਰਿਸ਼ੰਕੂ ਵਿਧਾਨ ਸਭਾਵਾਂ ਬਣਨ ਵੇਲੇ ਵੀ ਕਈ ਵਾਰ ਕੇਂਦਰ ਦੀਆਂ ਹਾਕਮ ਪਾਰਟੀਆਂ ਨੂੰ ਤਰਜੀਹ ਦਿੱਤੀ ਗਈ- ਜਿਵੇਂ 2018 ਵਿਚ ਕਰਨਾਟਕ ਅਤੇ 2019 ਵਿਚ ਮਹਾਰਾਸ਼ਟਰ ਵੱਡੀ ਮਿਸਾਲ ਬਣੇ ਹਨ। ਯੂਨੀਵਰਸਿਟੀਆਂ ਵਿਚ ਨਿਯੁਕਤੀਆਂ ਨੂੰ ਲੈ ਕੇ ਵੀ ਰਾਜਪਾਲਾਂ ਵੱਲੋਂ ਮਨਮਾਨੀਆਂ ਕੀਤੀਆਂ ਗਈਆਂ। 2023 ਵਿਚ ਪੱਛਮੀ ਬੰਗਾਲ ਵਿਚ ਰਾਜਪਾਲ ਵੱਲੋਂ ਇੱਕਤਰਫ਼ਾ ਕੁੱਲਪਤੀਆਂ ਦੀ ਨਿਯੁਕਤੀ ਕੀਤੀ ਗਈ।

ਰਾਜਪਾਲ ਦੀ ਭੂਮਿਕਾ ਮਹੱਤਵਪੂਰਨ ਹੈ, ਪਰ ਸਿਆਸੀ ਪਿਛੋਕੜ ਅਤੇ ਮਨਮਾਨੀਆਂ ਕਾਰਨ ਇਹ 'ਲਾਟ ਸਾਹਿਬ' ਦੀ ਕੁਰਸੀ ਲਗਾਤਾਰ ਵਿਵਾਦਾਂ ਵਿਚ ਘਿਰਦੀ ਜਾ ਰਹੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਸੰਵਿਧਾਨਕ ਸਿਧਾਂਤਾਂ ਅਤੇ ਲੋਕਤੰਤਰੀ ਮਾਪਦੰਡਾਂ ਦੀ ਪਾਲਣਾ 'ਤੇ ਜ਼ੋਰ ਦਿੱਤਾ ਹੈ ਅਤੇ ਸਮਾਂ-ਬੱਧ ਫੈਸਲੇ ਕਰਨ ਲਈ ਦਿਸ਼ਾ-ਨਿਰਦੇਸ਼ ਵੀ ਦਿੱਤੇ ਹਨ।

ਅਸਲ ਵਿਚ ਵਿਵਾਦਾਂ ਦੀ ਜੜ੍ਹ ਰਾਜਪਾਲ ਦੀ ਨਿਯੁਕਤੀ ਦਾ ਤਰੀਕਾ, ਉਸਦੀ ਯੋਗਤਾ ਅਤੇ ਉਸਦਾ ਕੰਮ ਕਰਨ ਦਾ ਢੰਗ-ਤਰੀਕਾ ਹੈ। ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਰਾਜਪਾਲ ਨੂੰ ਨਾ ਤਾਂ ਆਮ ਲੋਕ ਚੁਣਦੇ ਹਨ ਅਤੇ ਨਾ ਹੀ ਕੋਈ ਵਿਸ਼ੇਸ਼ ਰੂਪ ਵਿਚ ਗਠਿਤ ਕਮੇਟੀ ਜਾਂ ਮੰਡਲ ਉਸਦੀ ਨਿਯੁਕਤੀ ਕਰਦਾ ਹੈ। ਰਾਜਪਾਲ ਨੂੰ ਰਾਸ਼ਟਰਪਤੀ ਨਿਯੁਕਤ ਕਰਦਾ ਹੈ ਅਤੇ ਇਸ ਲਈ ਉਸਨੂੰ ਮੌਜੂਦਾ ਕੇਂਦਰੀ ਹਾਕਮਾਂ ਦਾ ਨੁਮਾਇੰਦਾ ਕਿਹਾ ਜਾਂਦਾ ਹੈ।

# ਕਾ.ਲੀ ਬੋਲੀ ਰਾਤ ’ਚ ਟਿਮਟਿਮਾਉਂਦੇ ਭਾਈਚਾਰਕ ਸਾਂਝ ਦੇ ਤਾਰੇ

***ਮਿਸਟਰ ਮੋਦੀ ਪ੍ਰਧਾਨ ਮੰਤਰੀ ਦੀ ਬਜਾਏ ਇਕ ਖ਼ਾਸ ਧਰਮ ਦੇ ਮੰਤਰੀ ਵੱਧ ਜਾਪਦੇ ਹਨ ਕਿਉਂਕਿ ਭਾਜਪਾ ਦੀ ਮੂਲ ਟੇਕ ਹੀ ਧਰਮ ਆਧਾਰਤ ਸਿਆਸਤ ਹੈ। ਫਿਰਕੂ ਪਾਲਾਬੰਦੀ ਜ਼ੋਰਾਂ ’ਤੇ ਹੈ ਅਤੇ ਘੱਟਗਿਣਤੀਆਂ ਦੇ ਲੋਕ ਲਗਾਤਾਰ ਸਹਿਮ ਦੇ ਸਾਏ ਹੇਠ ਜੀਅ ਰਹੇ ਹਨ। ਘੋਰ ਅੰਧਕਾਰ ਦੇ ਦਰਮਿਆਨ ਵੀ ਮਾਨਵਤਾਵਾਦੀ ਕਦਰਾਂ-ਕੀਮਤਾਂ ਬਰਕਰਾਰ ਹਨ ਅਤੇ ਆਸ ਦੀਆਂ ਕਿਰਨਾਂ ਬਣੀਆਂ ਹੋਈਆਂ ਹਨ। ਇਨ੍ਹਾਂ ਪੱਖਾਂ ਦੀ ਚਰਚਾ ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤੀ ਹੈ। ਸੰਪਾਦਕ॥***

ਪਿਛਲੇ ਇਕ ਦਹਾਕੇ ਤੋਂ ਜ਼ਹਿਰੀਲੀ ਫਿਰਕੂ ਪਾਲਾਬੰਦੀ ਦੀਆਂ ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ ਭਾਰਤ ਵਿਚ ਦੋ ਸਮਾਂਤਰ ਵਰਤਾਰੇ ਚੱਲ ਰਹੇ ਹਨ। ਇਕ ਪਾਸੇ, ਆਰ.ਐੱਸ.ਐੱਸ.-ਭਾਜਪਾ ਅਤੇ ਇਨ੍ਹਾਂ ਨਾਲ ਸੰਬੰਧਤ ਜਥੇਬੰਦੀਆਂ ਵੱਲੋਂ ਮੁਸਲਮਾਨ ਅਤੇ ਈਸਾਈ ਘੱਟਗਿਣਤੀਆਂ ਵਿਰੁੱਧ ਨਫ਼ਰਤ ਤੇ ਹਿੰਸਾ ਜ਼ੋਰਾਂ ’ਤੇ ਹੈ, ਪਰ ਇਸ ਦੇ ਸਮਾਂਤਰ ਆਮ ਲੋਕਾਂ ਵਿਚ ਫਿਰਕੂ ਸਾਂਝ ਅਤੇ ਸਦਭਾਵਨਾ ਵੀ ਮਜ਼ਬੂਤੀ ਨਾਲ ਬਚੀ ਤੇ ਡਟੀ ਹੋਈ ਹੈ। ਹੇਠਲੀਆਂ ਘਟਨਾਵਾਂ ਇਸੇ ਵਰਤਾਰਿਆਂ ਨੂੰ

ਬੂਟਾ ਸਿੰਘ ਮਹਿਮੂਦਪੁਰ

ਬਖ਼ੂਬੀ ਦਿਖਾਉਂਦੀਆਂ ਹਨ।

ਪਹਿਲਾ ਵਰਤਾਰਾ: ਭਗਵਾ ਹਕੂਮਤ ਦੀ ਰਾਜਕੀ ਅਤੇ ਰਾਜਨੀਤਕ ਸਰਪ੍ਰਸਤੀ ਹੇਠ ਚੱਲ ਰਹੇ ਫਿਰਕੂ ਵਰਤਾਰੇ ਦੀਆਂ ਕੁਝ ਤਾਜ਼ਾ ਮਿਸਾਲਾਂ ਪੇਸ਼ ਹਨ:

* ਉੜੀਸਾ ਦੇ ਢੇਂਕਾਨਾਲ ਜ਼ਿਲ੍ਹੇ ਵਿਚ ਹਿੰਦੂਤਵਵਾਦੀ ਭੀੜ ਨੇ ਇੱਕ ਈਸਾਈ ਪਾਦਰੀ ’ਤੇ ਹਮਲਾ ਕਰਕੇ ਸਰੇਆਮ ਬੇਰਹਿਮੀ ਨਾਲ ਉਸਦੀ ਕੁੱਟਮਾਰ ਕੀਤੀ। ਕੁੱਟਮਾਰ ਅਤੇ ਜ਼ਲੀਲ ਕਰਨ ਦੀ ਘਟਨਾ ਨੂੰ ਦੋ ਹਫ਼ਤੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਹੁਣ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਪੁਲਿਸ ਵੱਲੋਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਟਾਲ਼ਾ ਵੱਟਣ, ਕਾਨੂੰਨ ਦੇ ਚੁਣਵੇਂ ਇਸਤੇਮਾਲ ਅਤੇ ਧਾਰਮਿਕ ਘੱਟ-ਗਿਣਤੀਆਂ ਲਈ ਸੁੰਗੜ ਰਹੀ ਸਪੇਸ ਨੂੰ ਲੈ ਕੇ ਗੰਭੀਰ ਸਵਾਲ ਉੱਠ ਰਹੇ ਹਨ।

ਟੈਲੀਗ੍ਰਾਫ਼ ਅਖ਼ਬਾਰ ਅਤੇ ਆਨਲਾਈਨ ਪੋਰਟਲ ਮਕਤੂਬ ਮੀਡੀਆ ਦੀ ਰਿਪੋਰਟ ਅਨੁਸਾਰ 4 ਜਨਵਰੀ ਨੂੰ ਈਸਾਈ ਪਾਦਰੀ ਬਿਪਿਨ ਨਾਇਕ, ਆਪਣੀ ਪਤਨੀ, ਬੱਚਿਆਂ ਅਤੇ ਹੋਰ ਸ਼ਰਧਾਲੂਆਂ ਸਮੇਤ ਪਰਜੰਗ ਪਿੰਡ ਵਿਚ ਇਕ ਨਿਯਮਤ ਪ੍ਰਾਰਥਨਾ ਸਭਾ ਵਿਚ ਸ਼ਾਮਲ ਹੋਣ ਲਈ ਗਏ ਸਨ। ਇਹ ਹਿੰਦੂ ਬਹੁਗਿਣਤੀ ਵਾਲਾ ਪਿੰਡ ਹੈ ਜਿੱਥੇ ਸਿਰਫ਼ 7 ਈਸਾਈ ਪਰਿਵਾਰ ਰਹਿੰਦੇ ਹਨ। ਬਜਰੰਗ ਦਲ ਦੇ ਮੈਂਬਰਾਂ ਸਮੇਤ 40 ਜਣਿਆਂ ਦੀ ਭੀੜ ਨੇ ਪ੍ਰਾਰਥਨਾ ਸਭਾ ਵਾਲੇ ਘਰ ਵਿਚ ਧੱਕੇ ਨਾਲ ਘੁਸ ਕੇ ਖ਼ਲਲ ਪਾਇਆ। ਉੱਥੇ ਹਾਜ਼ਰ ਸਾਰੇ ਲੋਕਾਂ ਦੀ ਕੁੱਟਮਾਰ ਕੀਤੀ ਗਈ। ਭੀੜ ਨੇ ਪਾਦਰੀ ਬਿਪਿਨ ਬਿਹਾਰੀ ਨਾਇਕ ਨੂੰ ਲਾਠੀਆਂ ਨਾਲ ਕੁੱਟਿਆ, ਵਾਰ-ਵਾਰ ਥੱਪੜ ਮਾਰੇ, ਮੱਥੇ ’ਤੇ ਸਿੰਦੂਰ ਲਾਇਆ ਅਤੇ ਫਿਰ ਚੱਪਲਾਂ ਦਾ ਹਾਰ ਪਾ ਕੇ ਪੂਰੇ ਪਿੰਡ ਵਿਚ ਘੁੰਮਾਇਆ। ਫਿਰ ਉਸਨੂੰ ਹਨੂਮਾਨ ਮੰਦਰ ਕੋਲ ਲੋਹੇ ਦੀ ਰਾਡ ਨਾਲ ਹੱਥ ਬੰਨ੍ਹ ਕੇ ਕੁੱਟਿਆ ਗਿਆ, ਜ਼ਬਰੀ ‘ਜੈ ਸ਼੍ਰੀਰਾਮ’ ਦੇ ਨਾਅਰੇ ਲਾਉਣ ਅਤੇ ਗਊ ਦਾ ਗੋਹਾ ਖਾਣ ਲਈ ਮਜਬੂਰ ਕੀਤਾ ਗਿਆ। ਪੁਜਾਰੀ ਦੀ ਪਤਨੀ ਅਤੇ ਬੱਚਿਆਂ ਨੇ ਉੱਥੋਂ ਭੀੜੀ ਗ਼ਲੀ ਵਿਚੋਂ ਦੀ ਭੱਜ ਕੇ ਨੇੜਲੇ ਥਾਣੇ ਜਾ ਕੇ ਮੱਦਦ ਮੰਗੀ, ਪਰ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਪੁਲਿਸ ਦੋ ਘੰਟੇ ਬਾਅਦ ਪਿੰਡ ਵਿਚ ਗਈ। ਹਮਲਾਵਰ ਐਨੇ ਬੇਖ਼ੌਫ਼ ਸਨ ਕਿ ਪੁਲਿਸ ਦੇ ਜਾਣ ‘ਤੋਂ ਬਾਅਦ ਵੀ ਭੀੜ ਉੱਥੋਂ ਖਿੰਡੀ ਨਹੀਂ। ਫਿਰ ਪੁਲਿਸ ਵੱਲੋਂ ਮਾਨਸਿਕ ਸਦਮੇ ਤੇ ਸੱਟਾਂ ਤੋਂ ਪੀੜਤ ਪਾਦਰੀ ਨੂੰ ਇਲਾਜ ਲਈ ਹਸਪਤਾਲ ਲਿਜਾਣ ਦੀ ਬਜਾਏ ਇਕ ਘੰਟਾ ਥਾਣੇ ’ਚ ਬਿਠਾਈ ਰੱਖਿਆ ਗਿਆ।

ਜਦੋਂ ਸਥਾਨਕ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਪਰਿਵਾਰ ਈਸਾਈ ਭਾਈਚਾਰੇ ਦੇ ਲੋਕਾਂ ਦਾ ਵੱਡਾ ਵਫ਼ਦ ਲੈ ਕੇ ਸੀਨੀਅਰ ਪੁਲਿਸ ਅਧਿਕਾਰੀ ਨੂੰ ਮਿਲਿਆ। ਜਦੋਂ ਰਸਮੀਂ ਐੱਫ.ਆਈ.ਆਰ. ਦਰਜ ਕਰਨੀ ਪੈ ਗਈ ਤਾਂ ਨਾਲ ਹੀ ਪੁਜਾਰੀ ਵਿਰੁੱਧ ਕਾਊਂਟਰ-ਐੱਫ.ਆਈ.ਆਰ. ਦਰਜ ਕਰ ਦਿੱਤੀ ਗਈ। ਰਿਪੋਰਟਾਂ ਅਨੁਸਾਰ ਇਸ ਕੇਸ ਵਿਚ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ। ਦੋਸ਼ੀ ਹੁਣ ਵੀ ਖੁੱਲ੍ਹੇ ਦਨਦਨਾ ਰਹੇ ਹਨ। ਪਿੰਡ ਦੇ ਸਾਰੇ ਈਸਾਈ ਪਰਿਵਾਰ ਧਮਕੀਆਂ, ਸਮਾਜਿਕ ਬਾਈਕਾਟ ਅਤੇ ਅਗਲੀ ਹਿੰਸਾ ਦੇ ਡਰੋਂ ਆਪਣੇ ਰਿਸ਼ਤੇਦਾਰਾਂ ਕੋਲ ਜਾ ਕੇ ਰਹਿ ਰਹੇ ਹਨ। ਜਿਉਂ-ਜਿਉਂ ਦੇਰੀ ਹੁੰਦੀ ਜਾ ਰਹੀ ਹੈ, ਚਿੰਤਾ ਹੁਣ ਸਿਰਫ਼ ਪਾਦਰੀ ਦੇ ਪਰਿਵਾਰ ਤੱਕ ਸੀਮਿਤ ਨਹੀਂ ਰਹੀ, ਸਗੋਂ ਪੂਰੇ ਖੇਤਰ ਦੇ ਈਸਾਈ ਭਾਈਚਾਰੇ ਵਿਚ ਫੈਲ ਗਈ ਹੈ।

ਉਪਰੋਕਤ ਪੀੜਤ ਪਾਦਰੀ ਨੇ ਗ੍ਰਾਹਮ ਸਟੇਨਜ਼ ਦੀ ਸ਼ਹਾਦਤ ਦੀ ਬਰਸੀ ‘ਤੇ ਆਪਣੇ ਉੱਪਰ ਹਮਲਾ ਕਰਨ ਵਾਲਿਆਂ ਅਤੇ ਧਰਮ-ਬਦਲੀ ਕਰਨ ਦੇ ਝੂਠੇ ਇਲਜ਼ਾਮ ਲਾਉਣ ਵਾਲਿਆਂ ਨੂੰ ਮਾਫ਼ੀ ਦੇਣ ਦਾ ਰਸਤਾ ਚੁਣਿਆ ਹੈ। ਉਸਦਾ ਕਹਿਣਾ ਹੈ ਕਿ ਉਸਦੀ ਪ੍ਰੇਰਣਾ ਗ੍ਰਾਹਮ ਸਟੇਨਜ਼ ਦੀ ਪਤਨੀ ਹੈ ਜਿਸਨੇ ਆਪਣੇ ਪਤੀ ਅਤੇ ਬੱਚਿਆਂ ਦੇ ਕਾਤਲਾਂ ਨੂੰ ਆਪਣੇ ਤੌਰ ’ਤੇ ਮਾਫ਼ ਕਰ ਦਿੱਤਾ ਸੀ। ਯਾਦ ਰਹੇ ਕਿ ਆਸਟਰੇਲੀਆਈ ਮਿਸ਼ਨਰੀ ਗ੍ਰਾਹਮ ਸਟੇਨਜ਼, ਜੋ 1965 ਤੋਂ ਲੈ ਕੇ ਉੜੀਸਾ ਵਿਚ ਕੋਹੜ ਦੇ ਮਰੀਜ਼ਾਂ ਦੇ ਇਲਾਜ ਅਤੇ ਆਦਿਵਾਸੀਆਂ ਦੀ ਭਲਾਈ ਨੂੰ ਸਮਰਪਿਤ ਹੋ ਕੇ ਮਿਸ਼ਨਰੀ ਕੰਮ ਕਰ ਰਿਹਾ ਸੀ, ਨੂੰ 22-23 ਜਨਵਰੀ 1999 ਦੀ ਰਾਤ ਨੂੰ ਹਿੰਦੂਤਵੀ ਅਨਸਰਾਂ ਦੀ ਜਨੂੰਨੀ ਭੀੜ ਵੱਲੋਂ ਇਸੇ ਉੜੀਸਾ ਰਾਜ ਵਿਚ ਉਸ ਦੇ 6 ਅਤੇ 10 ਸਾਲ ਦੇ ਦੋ ਬੱਚਿਆਂ ਸਮੇਤ ਵੈਨ ਵਿਚ ਜ਼ਿੰਦਾ ਸਾੜ ਦਿੱਤਾ ਗਿਆ ਸੀ। ਇਸ ਕੇਸ ਵਿਚ ਬਜਰੰਗ ਦਲ ਨਾਲ ਸੰਬੰਧਤ ਕਾਰਕੁਨ ਦਾਰਾ ਸਿੰਘ ਨੂੰ ਸਜ਼ਾ ਵੀ ਹੋਈ। ਇਸ ਗਿਣੇ-ਮਿੱਥੇ ਕਤਲ ਪਿੱਛੇ ਭਾਜਪਾ ਦੇ ਮੌਜੂਦਾ ਐੱਮ.ਪੀ. ਪ੍ਰਤਾਪ ਚੰਦਰ ਸਾਰੰਗੀ ਦਾ ਹੱਥ ਹੋਣ ਦਾ ਦੋਸ਼ ਨਿਰਆਧਾਰ ਨਹੀਂ ਸੀ ਜੋ ਓਦੋਂ ਬਜਰੰਗ ਦਲ ਦੀ ਉੜੀਸਾ ਇਕਾਈ ਦਾ ਮੁਖੀ ਸੀ। ਇਹ ਕਤਲ ਕਾਂਡ ਹਿੰਦੂਤਵਵਾਦੀ ਜਥੇਬੰਦੀਆਂ ਦੇ ਇਸ ਜ਼ਹਿਰੀਲੇ ਪ੍ਰਚਾਰ ਦੇ ਅਸਰ ਹੇਠ ਕੀਤਾ ਗਿਆ, ਕਿ ਈਸਾਈ ਮਿਸ਼ਨਰੀ ਗ਼ਰੀਬ ਆਦਿਵਾਸੀ ਲੋਕਾਂ ਨੂੰ ਵਰਗਲਾ ਕੇ ਉਨ੍ਹਾਂ ਨੂੰ ਜ਼ਬਰਦਸਤੀ ਈਸਾਈ ਬਣਾ ਰਹੇ ਹਨ। (ਵਧਵਾ ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਵਿਚ ਧਰਮ-ਬਦਲੀ ਦੇ ਇਨ੍ਹਾਂ ਦੋਸ਼ਾਂ ਨੂੰ ਤੱਥਾਂ ਸਹਿਤ ਰੱਦ ਕੀਤਾ ਸੀ।) ਪਰ ਸਵਾਲ ਇਹ ਹੈ ਕਿ ਕੀ ਪੀੜਤ ਈਸਾਈਆਂ ਵੱਲੋਂ ਦਿੱਤੀਆਂ ‘ਮਾਫ਼ੀਆਂ’ ਨਾਲ ਘੱਟਗਿਣਤੀ ਭਾਈਚਾਰੇ ਪ੍ਰਤੀ ਨਫ਼ਰਤ ਘੱਟ ਜਾਵੇਗੀ ਜਾਂ ਮਾਨਵਤਾ ਵਿਰੋਧੀ ਘਿਣਾਉਣੇ ਕਾਰੇ ਕਰਨ ਦੇ ਬਾਵਜੂਦ ਕੋਈ ਕਾਨੂੰਨੀ ਕਾਰਵਾਈ ਨਾ ਹੋਣ ਤੋਂ ਬੇਖ਼ੌਫ਼ ਫਿਰਕੂ ਟੋਲਿਆਂ ਦੇ ਹੌਸਲੇ ਹੋਰ ਵਧਣਗੇ?

ਪਰਜੰਗ ਵਿਚ ਜੋ ਹੋਇਆ, ਉਹ ਅਲੱਗ-ਥਲੱਗ ਘਟਨਾ ਨਹੀਂ ਸਗੋਂ ਫਿਰਕੂ ਹਿੰਸਾ, ਪ੍ਰਸ਼ਾਸਕੀ ਬੇਪ੍ਰਵਾਹੀ ਅਤੇ ਧਰਮ ਦੇ ਨਾਂ ਹੇਠ ਵਧ ਰਹੇ ਅਪਰਾਧੀਕਰਨ ਦਾ ਨਮੂਨਾ ਹੈ, ਜਿਸਦੀਆਂ ਰਿਪੋਰਟਾਂ ਉੜੀਸਾ ਦੇ ਵੱਖ-ਵੱਖ ਹਿੱਸਿਆਂ ‘ਤੋਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਪਰਜੰਗ ਦੀ ਘਟਨਾ ਉੜੀਸਾ ਵਿਚ ਈਸਾਈਆਂ ਵਿਰੁੱਧ ਫਿਰਕੂ ਹਿੰਸਾ ਦੇ ਵੱਡੇ ਪੈਟਰਨ ਦਾ ਹਿੱਸਾ ਹੈ ਜੋ ਵੱਖ-ਵੱਖ ਹਮਲਿਆਂ ਦੇ ਰੂਪ ’ਚ ਦੇਖਣ ਵਿਚ ਆ ਰਿਹਾ ਹੈ। ਕ੍ਰਿਸਮਿਸ ਮੌਕੇ ਪੂਰੇ ਭਾਰਤ ਵਿਚ ਈਸਾਈ ਵਿਰੋਧੀ ਹਿੰਸਾ ਵਿਚ ਖ਼ਾਸ ਤੇਜ਼ੀ ਦੇਖਣ ਨੂੰ ਮਿਲਦੀ ਹੈ। ਜੂਨ 2024 ’ਚ ਮੋਹਨ ਮਾਝੀ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਉੜੀਸਾ ਵਿਚ ਕਥਿਤ ਗਊ-ਰਖਵਾਲਿਆਂ ਦੀਆਂ ਸਰਗਰਮੀਆਂ ਵਿਚ ਵਾਧਾ ਹੋਇਆ ਹੈ। ਪੀੜਤ ਘੱਟਗਿਣਤੀ ਦੀ ਕਾਨੂੰਨੀ ਕਾਰਵਾਈ ਨੂੰ ਦਬਾਉਣ ਲਈ ਕਾਊਂਟਰ-ਐੱਫ.ਆਈ.ਆਰ. ਨੂੰ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ। 7 ਜਨਵਰੀ ਨੂੰ ਬਾਲਾਸੋਰ ਵਿਚ ਸ਼ੇਖ ਮੁਕਰੰਦ ਮੁਹੰਮਦ ਨਾਂ ਦੇ ਮੁਸਲਮਾਨ ਨੂੰ ਗਊ-ਰੱਖਿਅਕਾਂ ਵੱਲੋਂ ਪਸ਼ੂ ਤਸਕਰੀ ਦੇ ਇਲਜ਼ਾਮ ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਸੋਸ਼ਲ ਮੀਡੀਆ ਉੱਪਰ ਵਾਇਰਲ ਵੀਡੀਓ ਵਿਚ ਭੀੜ ਉਸ ਉੱਪਰ ਹਮਲਾ ਕਰਦੀ ਨਜ਼ਰ ਆਉਂਦੀ ਹੈ ਅਤੇ ਉਸ ਨੂੰ ‘ਜੈ ਸ਼੍ਰੀ ਰਾਮ’ ਅਤੇ ‘ਗਊ ਮਾਤਾ ਕੀ ਜੈ’ ਦੇ ਨਾਅਰੇ ਲਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਮਯੂਰਭੰਜ ਜ਼ਿਲ੍ਹੇ ਵਿਚ ਇੱਕ ਹੋਰ ਮੁਸਲਮਾਨ ਨੌਜਵਾਨ ਨੂੰ ਨੰਗਾ ਕਰ ਘੁਮਾਇਆ ਗਿਆ ਅਤੇ ਧਾਰਮਿਕ ਨਾਅਰੇ ਲਗਾਉਣ ਲਈ ਮਜਬੂਰ ਕੀਤਾ ਗਿਆ। ਮਲਕਾਨਗਿਰੀ ਜ਼ਿਲ੍ਹੇ ਦੇ ਕੋਟਮਟੇਰੂ ਪਿੰਡ ਵਿਚ ਚਰਚ ਤੋਂ ਪਰਤ ਰਹੇ ਪ੍ਰੋਟੈਸਟੈਂਟ ਈਸਾਈਆਂ ‘ਤੇ ਹਮਲਾ ਕੀਤਾ ਗਿਆ, ਜਿਸ ਵਿਚ ਅੱਠ ਲੋਕ ਜ਼ਖ਼ਮੀ ਹੋ ਗਏ। ਇਸ ਵਿਚ ਵੀ ਬਜਰੰਗ ਦਲ ਦੇ ਮੈਂਬਰਾਂ ਦੀ ਭੂਮਿਕਾ ਦੇ ਦੋਸ਼ ਲੱਗੇ ਜਦਕਿ ਪੁਲਿਸ ਨੇ ਸ਼ੁਰੂ ’ਚ ਇਸਨੂੰ ‘ਪਰਿਵਾਰਕ ਝਗੜਾ’ ਦੱਸ ਕੇ ਦਬਾਉਣ ਦੀ ਕੋਸ਼ਿਸ਼ ਕੀਤੀ। ਪਿੱਛੇ ਜਹੇ 29 ਸਾਲ ਦੀ ਈਸਾਈ ਸਾਧਵੀ ਨੂੰ ਬਜਰੰਗ ਦਲ ਦੇ ਕਾਰਕੁਨਾਂ ਨੇ ਜ਼ਬਰਦਸਤੀ ਟ੍ਰੇਨ ਤੋਂ ਉਤਾਰ ਲਿਆ ਅਤੇ ਤਸਕਰੀ ਤੇ ਧਰਮ-ਬਦਲੀ ਦੇ ਝੂਠੇ ਇਲਜ਼ਾਮਾਂ ਵਿਚ 18 ਘੰਟੇ ਤੱਕ ਹਿਰਾਸਤ ਵਿਚ ਰੱਖਿਆ ਸੀ।

ਇਸੇ ਤਰ੍ਹਾਂ ਬਿਹਾਰ ਵਿਚ ਨਵੀਂ ਸਰਕਾਰ ਬਣਨ ਤੋਂ ਬਾਅਦ ਮੁਸਲਿਮ ਫੇਰੀ ਵਾਲਿਆਂ ਅਤੇ ਮਜ਼ਦੂਰਾਂ ਵਿਰੁੱਧ ਹਿੰਸਕ ਘਟਨਾਵਾਂ ਵਧੀਆਂ ਹਨ। ਮਧੂਬਨੀ ਵਿਚ ਇਕ ਮੁਸਲਮਾਨ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਜਦਕਿ ਕਟਿਹਾਰ ਅਤੇ ਸਹਰਸਾ ਵਿਚ ਬਿਸਕੁਟ, ਬਰਤਨ ਵਗੈਰਾ ਵੇਚਣ ਵਾਲੇ ਮੁਸਲਿਮ ਫੇਰੀ ਵਾਲਿਆਂ ਤੇ ਮਜ਼ਦੂਰਾਂ ਨੂੰ ਪਹਿਲਾਂ ‘ਬੰਗਲਾਦੇਸ਼ੀ’ ਕਹਿ ਕੇ ਅਤੇ ਗਾਹਲਾਂ ਦੇ ਕੇ ਅਪਮਾਨਿਤ ਕਰਨ ਅਤੇ ਫਿਰ ਕੁੱਟਮਾਰ ਕਰਨ ਦੀਆਂ ਰਿਪੋਰਟਾਂ ਹਨ। ਇਨ੍ਹਾਂ ਘਟਨਾਵਾਂ ਵਿਚ ਇਕ ਸਪਸ਼ਟ ਪੈਟਰਨ ਨਜ਼ਰ ਆਉਂਦਾ ਹੈ ਜਿੱਥੇ ਦਿਹਾੜੀਦਾਰਾਂ ਅਤੇ ਛੋਟੇ ਵਿਕਰੇਤਾਵਾਂ ਨੂੰ ਕੁੱਟਿਆ ਗਿਆ, ਲੁੱਟਿਆ ਗਿਆ, ਗੋਲੀ ਮਾਰੀ ਗਈ ਜਾਂ ਜਾਨੋਂ ਮਾਰ ਦਿੱਤਾ ਗਿਆ।

ਹਰਿਆਣਾ ਵਿਚ ਸ਼ਾਲ ਵੇਚਣ ਵਾਲੇ ਦੋ ਕਸ਼ਮੀਰੀ ਨੌਜਵਾਨਾਂ ਨਾਲ ਬਦਸਲੂਕੀ ਕਰਨ ਅਤੇ ‘ਭਾਰਤ ਮਾਤਾ ਕੀ ਜੈ’ ਨਾਅਰੇ ਲਾਉਣ ਲਈ ਮਜਬੂਰ ਕਰਨ ਦੀ ਰਿਪੋਰਟ ਹੈ।



ਡੈਕਨ ਹੇਰਾਲਡ ਦੀ ਰਿਪੋਰਟ ਅਨੁਸਾਰ ਕਰਨਾਟਕਾ ਦੀ ਬੇਲਗਾਵੀ ਸਬ-ਡਿਵੀਜਨ ਦੇ ਮਾਛੇ ਪਿੰਡ ਲਾਗੇ ਆਯੋਜਤ ਕੀਤੇ ਜਾਣ ਵਾਲੇ ‘ਅਖੰਡ ਹਿੰਦੂ ਸੰਮੇਲਨ’ ਤੋਂ ਪਹਿਲਾਂ ਕੱਢਿਆ ਧਾਰਮਿਕ ਜਲੂਸ ਜਦੋਂ ਅੰਸਾਰੀ ਦਰਗਾਹ ਕੋਲੋਂ ਗੁਜ਼ਰ ਰਿਹਾ ਸੀ ਤਾਂ ਵਾਹਨ ਉੱਪਰ ਖੜ੍ਹੀ ਹਿੰਦੂਤਵਵਾਦੀ ਆਗੂ ਹਰਸ਼ਿਤਾ ਠਾਕੁਰ ਨੇ ਆਪਣੇ ਹੱਥਾਂ ਨਾਲ ਦਰਗਾਹ ਵੱਲ ਕਈ ਵਾਰ ਇਸ ਤਰ੍ਹਾਂ ਭੜਕਾਊ ਇਸ਼ਾਰੇ ਕੀਤੇ ਜਿਵੇਂ ਤੀਰ ਚਲਾ ਰਹੀ ਹੋਵੇ। ਉਸਦੇ ਹਮਾਇਤੀਆਂ ਨੇ ਤਾੜੀਆਂ ਵਜਾ ਕੇ ਖ਼ੁਸ਼ੀ ਪ੍ਰਗਟਾਈ ਅਤੇ ਨਾਅਰੇ ਲਾਏ। ਇਸਦੀ ਵੀਡੀਓ ਸੋਸ਼ਲ ਮੀਡੀਆ ਉੱਪਰ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਠਾਕੁਰ ਸਮੇਤ ਸੱਤ ਜਣਿਆਂ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ ਹੈ।

ਪਿਛਲੇ ਪੰਦਰਵਾੜੇ ਦੀਆਂ ਇਹ ਕੁਝ ਕੁ ਰਿਪੋਰਟਾਂ ਨਮੂਨੇ ਦੇ ਤੌਰ ’ਤੇ ਲਈਆਂ ਗਈਆਂ ਹਨ। ਇਨ੍ਹਾਂ ਤੋਂ ਬਹੁਗਿਣਤੀਵਾਦੀ ਫਿਰਕੂ ਹਿੰਸਾ ਨਾਲ ਮੁਸਲਿਮ ਅਤੇ ਈਸਾਈ ਘੱਟਗਿਣਤੀਆਂ ਵਿਚ ਫੈਲੇ ਵਿਆਪਕ ਭੈਅ ਅਤੇ ਅਸੁਰੱਖਿਆ ਨੂੰ ਸਮਝਿਆ ਜਾ ਸਕਦਾ ਹੈ।

ਫਿਰਕੂ ਪਾਲਾਬੰਦੀ ਦਾ ਇਕ ਵੱਡਾ ਹਥਿਆਰ ਨਫ਼ਰਤੀ ਭਾਸ਼ਣ ਹਨ ਜੋ ਗਿਣ-ਮਿੱਥ ਕੇ ਧਰਮ ਦੇ ਆਧਾਰ ’ਤੇ ਨਫ਼ਰਤ ਭੜਕਾਉਣ ਅਤੇ ਫਿਰਕੂ ਪਾਟਕ ਪਾਉਣ ਲਈ ਦਿੱਤੇ ਜਾਂਦੇ ਹਨ। ਜਲੂਸਾਂ (ਖ਼ਾਸ ਕਰਕੇ ਰਾਮ ਨੌਵੀਂ ਮੌਕੇ ਜਲੂਸ) ‘ਤੋਂ ਲੈ ਕੇ ਮੰਚਾਂ ਤੱਕ ਫਿਰਕੂ ਨਫ਼ਰਤ ਨਾਲ ਗੜੁੱਚ ਐਲਾਨ ਤੇ ਜ਼ਹਿਰੀਲਾ ਪ੍ਰਚਾਰ ਰੁਟੀਨ ਬਣ ਚੁੱਕੇ ਹਨ। ਇੰਡੀਆ ਹੇਟ ਲੈਬ ਨੇ ਹੁਣੇ ਜਹੇ ਆਪਣੀ ਵਿਸ਼ੇਸ਼ ਰਿਪੋਰਟ ਜਾਰੀ ਕੀਤੀ ਹੈ ਜਿਸ ਵਿਚ 2025 ’ਚ ਭਾਰਤ ਦੇ 21 ਰਾਜਾਂ, ਇਕ ਕੇਂਦਰ ਸ਼ਾਸਤ ਪ੍ਰਦੇਸ਼ ਅਤੇ ਦਿੱਲੀ ਕੌਮੀ ਰਾਜਧਾਨੀ ਖੇਤਰ ਵਿਚ ਧਾਰਮਿਕ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ 1318 ਘਟਨਾਵਾਂ ਰਿਕਾਰਡ ਕੀਤੀਆਂ ਗਈਆਂ ਹਨ। 98% ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਹਿਸਾਬ ਨਾਲ ਨਫ਼ਰਤੀ ਭਾਸ਼ਣਾਂ ਦੀਆਂ ਰੋਜ਼ਾਨਾ ਔਸਤਨ ਚਾਰ ਘਟਨਾਵਾਂ ਵਾਪਰੀਆਂ। ਇਹ 2024 ਦੇ ਮੁਕਾਬਲੇ 13% ਵਾਧਾ ਹੈ, ਅਤੇ 2023 ਦੇ ਮੁਕਾਬਲੇ ਇਹ ਵਾਧਾ 97% ਹੈ ਜਦੋਂ ਅਜਿਹੀਆਂ 668 ਘਟਨਾਵਾਂ ਦਰਜ ਕੀਤੀਆਂ ਗਈਆਂ। 308 ਭਾਸ਼ਣਾਂ (23%) ਵਿਚ ਹਿੰਸਾ ਲਈ ਸਪਸ਼ਟ ਸੱਦਾ ਦਿੱਤੇ ਗਏ। 136 ਭਾਸ਼ਣਾਂ ਵਿਚ ਹਥਿਆਰ ਚੁੱਕਣ/ਹਥਿਆਰਬੰਦ ਕਾਰਵਾਈ ਕਰਨ ਦੇ ਸਿੱਧੇ ਸੱਦੇ ਸ਼ਾਮਲ ਸਨ। 120 ਭਾਸ਼ਣਾਂ ਵਿਚ ਸਮਾਜਿਕ ਜਾਂ ਆਰਥਕ ਬਾਈਕਾਟ ਦਾ ਸੱਦਾ ਦਿੱਤਾ (2024 ਦੇ ਮੁਕਾਬਲੇ 8%)। 276 ਭਾਸ਼ਣਾਂ ਵਿਚ ਪੂਜਾ ਸਥਾਨਾਂ- ਜਿਨ੍ਹਾਂ ਵਿਚ ਮਸਜਿਦਾਂ, ਦਰਗਾਹਾਂ ਅਤੇ ਚਰਚ ਸ਼ਾਮਲ ਹਨ- ਨੂੰ ਹਟਾਉਣ ਜਾਂ ਨਸ਼ਟ ਕਰਨ ਦਾ ਸੱਦਾ ਦਿੱਤਾ ਗਿਆ। 141 ਭਾਸ਼ਣਾਂ ਵਿਚ ਅਮਾਨਵੀ ਭਾਸ਼ਾ ਵਰਤੀ ਗਈ- ਘੱਟਗਿਣਤੀਆਂ ਨੂੰ ‘ਸਿਉਂਕ’, ‘ਪਰਜੀਵੀ’, ‘ਕੀੜੇ’, ‘ਸੂਰ’, ‘ਪਾਗਲ ਕੁੱਤੇ’, ‘ਸੱਪ ਦੇ ਬੱਚੇ’, ‘ਹਰੇ ਸੱਪ’ ਅਤੇ ‘ਲਹੂ ਦੇ ਤਿਹਾਏ ਜੌਂਬੀ’ ਕਿਹਾ ਗਿਆ। 1318 ਵਿਚੋਂ 1278 ਦੀਆਂ ਵੀਡੀਓ ਪਹਿਲਾਂ ਸੋਸ਼ਲ ਮੀਡੀਆ ਉੱਪਰ ਸ਼ੇਅਰ ਕੀਤੀਆਂ ਗਈਆਂ ਜਾਂ ਲਾਈਵ ਪ੍ਰਸਾਰਤ ਕੀਤੀਆਂ ਗਈਆਂ। ਇਨ੍ਹਾਂ ਭਾਸ਼ਣਾਂ ਵਿਚ ਮਹਾਰਾਸ਼ਟਰ ਸਭ ਤੋਂ ਸਿਰਕੱਢ ਹੈ। ਭਾਸ਼ਣ ਦੇਣ ਵਾਲਿਆਂ ਵਿਚ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ, ਵਿਸ਼ਵ ਹਿੰਦੂ ਪਰਿਸ਼ਦ ਆਗੂ ਪ੍ਰਵੀਨ ਤੋਗੜੀਆ ਅਤੇ ਭਾਜਪਾ ਆਗੂ ਅਸ਼ਵਨੀ ਉਪਾਧਿਆਏ ਤੇ ਨਿਤੇਸ਼ ਰਾਣਾ ਵਰਗੇ ਜਾਣੇ-ਪਛਾਣੇ ਚਿਹਰੇ ਮੋਹਰੀ ਰਹੇ।

ਦੂਜਾ ਵਰਤਾਰਾ: ਪਿਛਲੇ ਦਿਨੀਂ ਮਹਾਰਾਸ਼ਟਰ ਦੇ ਸੰਭਾਜੀ ਨਗਰ (ਔਰੰਗਾਬਾਦ) ਵਿਚ ਹਿੰਦੂ ਔਰਤ ਵੱਲੋਂ ਆਪਣਾ ਗੁਰਦਾ ਮੁਸਲਮਾਨ ਮਰਦ ਨੂੰ ਦੇਣ ਅਤੇ ਇਸੇ ਤਰ੍ਹਾਂ ਮੁਸਲਮਾਨ ਔਰਤ ਵੱਲੋਂ ਆਪਣਾ ਗੁਰਦਾ ਹਿੰਦੂ ਮਰਦ ਨੂੰ ਟ੍ਰਾਂਸਪਲਾਂਟ ਲਈ ਦੇਣ ਦੀ ਮਾਨਵਤਾਵਾਦੀ ਮਿਸਾਲ ਸਾਹਮਣੇ ਆਈ ਹੈ। ਦੋਨੋਂ ਔਰਤਾਂ ਦੇ ਗੁਰਦੇ ਪੀੜਤ ਮਰਦਾਂ ਦੇ ਕਾਮਯਾਬੀ ਨਾਲ ਟ੍ਰਾਂਸਪਲਾਂਟ ਕਰ ਦਿੱਤੇ ਗਏ। ਇਹ ਘਟਨਾ ਦਿਖਾਉਂਦੀ ਹੈ ਕਿ ਅਜਿਹੇ ਖ਼ਾਸ ਪਲਾਂ ਵਿਚ ਧਾਰਮਿਕ ਕੱਟੜਤਾ ਦੀ ਬਜਾਏ ਇਨਸਾਨੀਅਤ ਅਤੇ ਸਮਝਦਾਰੀ ਹੀ ਲੋਕਾਂ ਨੂੰ ਇੱਕ-ਦੂਜੇ ਦੀ ਮਦਦ ਕਰਨ ਅਤੇ ਜ਼ਿੰਦਗੀ ਬਚਾਉਣ ਲਈ ਪ੍ਰੇਰਦੀ ਹੈ।

ਹੋਇਆ ਇੰਝ ਕਿ ਇੱਕ ਹਿੰਦੂ ਅਤੇ ਇੱਕ ਮੁਸਲਮਾਨ ਵਿਅਕਤੀ, ਦੋਨਾਂ ਦੇ ਗੁਰਦੇ ਖ਼ਰਾਬ ਹੋ ਚੁੱਕੇ ਸਨ ਅਤੇ ਉਨ੍ਹਾਂ ਨੂੰ ਟ੍ਰਾਂਸਪਲਾਂਟ ਦੀ ਲੋੜ ਸੀ। ਉਨ੍ਹਾਂ ਦੀਆਂ ਪਤਨੀਆਂ ਆਪਣੇ ਜੀਵਨ-ਸਾਥੀਆਂ ਦੀ ਜਾਨ ਬਚਾਉਣ ਲਈ ਆਪਣਾ-ਆਪਣਾ ਗੁਰਦਾ ਦੇਣ ਲਈ ਤਿਆਰ ਸਨ, ਪਰ ਦੋਨਾਂ ਪਤੀ-ਪਤਨੀ ਜੋੜਿਆਂ ਦਾ ਬਲੱਡ ਗਰੁੱਪ ਆਪਸ ਵਿਚ ਮੇਲ ਨਹੀਂ ਸੀ ਖਾ ਰਿਹਾ। ਸਬੱਬ ਨਾਲ, ਮੁਸਲਮਾਨ ਔਰਤ ਦਾ ਬਲੱਡ ਗਰੁੱਪ ਹਿੰਦੂ ਮਰਦ ਨਾਲ ਅਤੇ ਹਿੰਦੂ ਔਰਤ ਦਾ ਬਲੱਡ ਗਰੁੱਪ ਮੁਸਲਮਾਨ ਮਰਦ ਨਾਲ ਮੇਲ ਖਾ ਗਿਆ। ਸਥਿਤੀ ਦੀ ਗੰਭੀਰਤਾ ਨੂੰ ਸਮਝਦੇ ਹੋਏ, ਦੋਨਾਂ ਔਰਤਾਂ ਨੇ ਸਮਝਦਾਰੀ ਨਾਲ ਮਾਨਵਤਾਵਾਦੀ ਫ਼ੈਸਲਾ ਲਿਆ ਅਤੇ ਗੁਰਦਾ ਅਦਲਾ-ਬਦਲੀ ਲਈ ਸਹਿਮਤ ਹੋ ਗਈਆਂ, ਜਿਸ ਨਾਲ ਦੋਹਾਂ ਵਿਅਕਤੀਆਂ ਨੂੰ ਨਵੀਂ ਜ਼ਿੰਦਗੀ ਮਿਲ ਗਈ। ਅਜਿਹੇ ਸਮੇਂ ਵਿਚ ਜਦੋਂ ਨਫ਼ਰਤ ਦੀ ਸਿਆਸਤ ਅਤੇ ਧਰਮ ਦੇ ਨਾਂ ’ਤੇ ਨਫ਼ਰਤ ਫੈਲਾਉਣ ਵਾਲੇ ਫਿਰਕੂ ਅਨਸਰ ਸਮਾਜ ਨੂੰ ਆਪਸ ਵਿਚ ਵੰਡਣ ਲਈ ਸਿਰਤੋੜ ਯਤਨਸ਼ੀਲ ਹਨ ਤਾਂ ਇਹ ਘਟਨਾ ਉਮੀਦ, ਭਰੋਸੇ ਅਤੇ ਮਾਨਵੀ ਏਕਤਾ ਦੀ ਬੇਹੱਦ ਲੋੜੀਂਦੀ ਮਿਸਾਲ ਪੇਸ਼ ਕਰਦੀ ਹੈ। ਮਾਨਵਤਾਵਾਦੀ ਸਦਭਾਵਨਾ ਦੀ ਇਹ ਕਹਾਣੀ ਮਰਾਠੀ ਅਖ਼ਬਾਰ ਸਕਾਲ ਦੇ 14 ਜਨਵਰੀ ਅੰਕ ਵਿਚ ‘ਤੁਮਹੀਚ ਸਾਂਗਾ, ਯਾ ਕਿਡਨੀਚਾ ਧਰਮ ਕੋਣਤਾ? ਹਿੰਦੂਚੀ ਕਿਡਨੀ ਮੁਸਲਮਾਚਿਆ; ਤਰ ਮੁਸਲਿਮਾਚੀ ਕਿਡਨੀ ਹਿੰਦੂਚਿਆ ਸ਼ਰੀਰਾਤ; ‘ ਸਿਰਲੇਖ ਹੇਠ ਛਪੀ ਹੈ ਜਿਸਦਾ ਭਾਵ ਹੈ: ਇੱਕ ਹਿੰਦੂ ਔਰਤ ਦੀ ਕਿਡਨੀ ਇੱਕ ਮੁਸਲਮਾਨ ਆਦਮੀ ਦੇ ਸਰੀਰ ਵਿਚ ਅਤੇ ਇੱਕ ਮੁਸਲਮਾਨ ਔਰਤ ਦੀ ਕਿਡਨੀ ਇੱਕ ਹਿੰਦੂ ਆਦਮੀ ਦੇ ਸਰੀਰ ਵਿਚ ਟ੍ਰਾਂਸਪਲਾਂਟ ਕੀਤੀ ਗਈ। ਤੁਸੀਂ ਹੀ ਦੱਸੋ, ਇਹ ਕਿਡਨੀ ਕਿਸ ਧਰਮ ਦੀ ਹੈ?

ਛਤਰਪਤੀ ਸੰਭਾਜੀਨਗਰ: ਓਪਰੇਸ਼ਨ ਥੀਏਟਰ ਦੇ ਬੰਦ ਦਰਵਾਜ਼ੇ। ਬਾਹਰ ਰਿਸ਼ਤੇਦਾਰਾਂ ਦੀਆਂ ਬੇਚੈਨ ਧੜਕਣਾਂ। ਇੱਥੇ ਨਾ ਕੋਈ ਧਰਮ ਸੀ, ਨਾ ਕੋਈ ਜਾਤੀ—ਬਸ ਜਿਉਣ ਦੀ ਚਾਹ ਸੀ। ਆਪਣੇ ਪਿਆਰਿਆਂ ਲਈ ਪਿਆਰ ਤੋਂ ਪ੍ਰੇਰਿਤ ਹੋ ਕੇ, ਇੱਕ ਹਿੰਦੂ ਔਰਤ ਦਾ ਗੁਰਦਾ ਇੱਕ ਮੁਸਲਮਾਨ ਪੁਰਸ਼ ਨੂੰ ਅਤੇ ਇੱਕ ਮੁਸਲਮਾਨ ਔਰਤ ਦਾ ਗੁਰਦਾ ਇੱਕ ਹਿੰਦੂ ਪੁਰਸ਼ ਨੂੰ ਟ੍ਰਾਂਸਪਲਾਂਟ ਕੀਤਾ ਗਿਆ। ਇਹ ਸਰਜਰੀ ਕੇਅਰ ਸਿਗਮਾ ਹਸਪਤਾਲ ਵਿਚ ਕੀਤੀ ਗਈ।

ਸ਼ਹਿਰ ਵਿਚ ਨਗਰ ਨਿਗਮ ਚੋਣਾਂ ਲਈ ਪ੍ਰਚਾਰ ਖ਼ਤਮ ਹੋ ਚੁੱਕਾ ਸੀ। ਕੁਝ ਵਾਰਡਾਂ ਵਿਚ ਚੋਣ ਵਿਕਾਸ ਅਤੇ ਨਾਗਰਿਕ ਮੁੱਦਿਆਂ ਦੀ ਬਜਾਏ ਹਿੰਦੂ-ਮੁਸਲਮਾਨ ਪਾਲਾਬੰਦੀ ਵਿਚ ਬਦਲ ਗਈ ਸੀ। ਜਦੋਂ ਜਨਤਕ ਜੀਵਨ ਵਿਚ ਇਹ ਸਭ ਹੋ ਰਿਹਾ ਸੀ, ਉਸੇ ਸਮੇਂ ਨਿੱਜੀ ਪੱਧਰ ‘ਤੇ ਇੱਕ ਹਿੰਦੂ ਔਰਤ ਅਤੇ ਇੱਕ ਮੁਸਲਮਾਨ ਔਰਤ ਨੇ ਧਰਮ ਦੀਆਂ ਦੀਵਾਰਾਂ ਤੋੜਦੇ ਹੋਏ ਦੋ ਜ਼ਿੰਦਗੀਆਂ ਬਚਾਈਆਂ। ਇਹ ਸਰਜਰੀ ਕੇਅਰ ਸਿਗਮਾ ਹਸਪਤਾਲ ਵਿਚ ਕੀਤੀ ਗਈ। ਦੋ ਪੁਰਸ਼—ਇੱਕ ਹਿੰਦੂ ਅਤੇ ਇੱਕ ਮੁਸਲਮਾਨ—ਦੇ ਗੁਰਦੇ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੇ ਸਨ। ਇਲਾਜ ਚੱਲ ਰਿਹਾ ਸੀ, ਪਰ ਗੁਰਦਾ ਟ੍ਰਾਂਸਪਲਾਂਟ ਕਰਨ ਤੋਂ ਬਿਨਾਂ ਕੋਈ ਬਦਲ ਨਹੀਂ ਬਚਿਆ ਸੀ। ਆਪਣੇ ਜੀਵਨ-ਸਾਥੀ ਨੂੰ ਗੁਆਉਣ ਦਾ ਵਿਚਾਰ ਅਸਹਿ ਸੀ—ਜਿਨ੍ਹਾਂ ਨਾਲ ਉਨ੍ਹਾਂ ਨੇ ਜੀਵਨ ਦੇ ਹਰ ਸੁਖ-ਦੁੱਖ ਸਾਂਝੇ ਕੀਤੇ ਸਨ—ਇਸ ਲਈ ਦੋਹਾਂ ਪਤਨੀਆਂ ਨੇ ਆਪਣਾ ਗੁਰਦਾ ਦੇਣ ਦਾ ਫ਼ੈਸਲਾ ਕੀਤਾ। ਹਾਲਾਂਕਿ, ਸਮੱਸਿਆ ਇਹ ਸੀ ਕਿ ਦੋਹਾਂ ਮਾਮਲਿਆਂ ਵਿਚ ਬਲੱਡ ਗਰੁੱਪ ਮੇਲ ਨਹੀਂ ਖਾ ਰਿਹਾ ਸੀ, ਜਿਸ ਕਾਰਨ ਕੋਈ ਵੀ ਔਰਤ ਆਪਣੇ ਪਤੀ ਨੂੰ ਗੁਰਦਾ ਦੇ ਨਹੀਂ ਸਕਦੀ ਸੀ। ਇਸੇ ਦੌਰਾਨ ਇਹ ਸਾਹਮਣੇ ਆਇਆ ਕਿ ਮੁਸਲਮਾਨ ਔਰਤ ਦਾ ਬਲੱਡ ਗਰੁੱਪ ਹਿੰਦੂ ਮਰੀਜ ਨਾਲ ਅਤੇ ਹਿੰਦੂ ਔਰਤ ਦਾ ਬਲੱਡ ਗਰੁੱਪ ਮੁਸਲਮਾਨ ਮਰੀਜ ਨਾਲ ਮੇਲ ਖਾਂਦਾ ਹੈ—ਕਿਉਂਕਿ ਲਹੂ ਨਾ ਭਗਵਾ ਹੁੰਦਾ ਹੈ, ਨਾ ਹਰਾ; ਉਹ ਸਿਰਫ਼ ਲਹੂ ਹੁੰਦਾ ਹੈ। ਹਸਪਤਾਲ ਦੇ ਸੀਨੀਅਰ ਨੇਫਰੋਲੋਜਿਸਟ ਡਾ. ਪ੍ਰਦੀਪ ਸਰੂਕ ਅਤੇ ਡਾ. ਸ਼੍ਰੀਕਾਂਤ ਦੇਸ਼ਮੁਖ ਨੇ ਦੋਹਾਂ ਪਰਿਵਾਰਾਂ ਨੂੰ ਉਚਿਤ ਸਲਾਹ ਦਿੱਤੀ। ਇਸ ਤੋਂ ਬਾਅਦ ਦੋਹਾਂ ਔਰਤਾਂ ਨੇ ਇੱਕ-ਦੂਜੇ ਦੇ ਪਤੀ ਨੂੰ ਗੁਰਦਾ ਦੇਣ ਦਾ ਇਤਿਹਾਸਕ ਫ਼ੈਸਲਾ ਲਿਆ। ਸਿੱਟੇ ਵਜੋਂ, ਨਾ ਸਿਰਫ਼ ਦੋ ਜ਼ਿੰਦਗੀਆਂ ਬਚੀਆਂ, ਸਗੋਂ ਧਰਮ ਤੋਂ ਉੱਪਰ ਉੱਠ ਕੇ ਇਨਸਾਨੀਅਤ ਦਾ ਇੱਕ ਨਵਾਂ ਰਿਸ਼ਤਾ ਵੀ ਬਣਿਆ। ਇਸ ਪੂਰੀ ਪ੍ਰਕਿਰਿਆ ਦੌਰਾਨ ਐਨੇਸਥੈਟਿਸਟ ਡਾ. ਪ੍ਰਮੋਦ ਆਪਸਿੰਗੇਕਰ ਅਤੇ ਉਨ੍ਹਾਂ ਦੇ ਸਹਿਯੋਗੀਆਂ, ਟ੍ਰਾਂਸਪਲਾਂਟ ਕੋਆਰਡੀਨੇਟਰ ਵਿਸ਼ਾਲ ਨਰਵਾੜੇ, ਓਟੀ ਟੈਕਨੀਸ਼ੀਅਨ ਅਤੇ ਹੋਰ ਸਟਾਫ ਮੈਂਬਰਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਦੇ ਲਈ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ. ਉਨਮੇਸ਼ ਟਕਲਕਰ, ਡਾਇਰੈਕਟਰ ਡਾ. ਮਨੀਸ਼ਾ ਟਕਲਕਰ ਅਤੇ ਚੀਫ ਓਪਰੇਟਿੰਗ ਅਫਸਰ ਸਮੀਰ ਪਵਾਰ ਨੇ ਪੂਰੀ ਟੀਮ ਨੂੰ ਵਧਾਈ ਦਿੱਤੀ।

ਇਹ ਸਪਸ਼ਟ ਹੈ ਕਿ ਅਜੇ ਵੀ ਧਾਰਮਿਕ ਫਿਰਕਿਆਂ ਤੋਂ ਉੱਪਰ ਉੱਠ ਕੇ ਭਾਈਚਾਰਕ ਸਾਂਝ ਦਾ ਮਜ਼ਬੂਤ ਆਧਾਰ ਹੈ ਅਤੇ ਧਰਮਨਿਰਪੱਖ ਤਾਕਤਾਂ ਵੱਲੋਂ ਨਫ਼ਰਤ ਦੀ ਸਿਆਸਤ ਵਿਰੁੱਧ ਪ੍ਰਭਾਵਸ਼ਾਲੀ ਚੇਤਨਾ ਲਹਿਰਾਂ ਜਥੇਬੰਦ ਕਰਕੇ ਫਿਰਕੂ ਪਾਲਾਬੰਦੀ ਦੀ ਸਾਜ਼ਿਸ਼ ਨੂੰ ਹਰਾਇਆ ਜਾ ਸਕਦਾ ਹੈ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 649ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ ਹਰ ਸਾਲ ਦੀ ਤਰ੍ਹਾਂ 30, 31 ਜਨਵਰੀ ਅਤੇ ਪਹਿਲੀ ਫਰਵਰੀ 2026 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ, ਪੂਰੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

**30 ਜਨਵਰੀ 2026, ਸ਼ੁਕਰਵਾਰ**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10:00 ਵਜੇ*

**1 ਫਰਵਰੀ 2026, ਐਤਵਾਰ**

**ਭੋਗ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10:00 ਵਜੇ*

* ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।
* ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

## ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)

**12200 E. 131st., Street Fishers, IN 46037-6621**

**Cell: 317-792-7121 Ph: 317-773-8446**

ੴ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ੴ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥ 1॥
ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ ਰਹਾਉ॥

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਸਿੱਖ ਟੈਂਪਲ ਆਫ਼ ਵਿਸਕਾਨਸਿਕ, ਓਕ ਕਰੀਕ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



ਸਮਾਗਮ ਦਾ ਵੇਰਵਾ

30 ਜਨਵਰੀ 2026
(ਸ਼ੁਕਰਵਾਰ)
ਅਰੰਭ ਸ੍ਰੀ ਅਖੰਡ ਪਾਠ
ਸਵੇਰੇ 10 ਵਜੇ

1 ਫਰਵਰੀ 2026
(ਐਤਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ
ਸਵੇਰੇ 10 ਵਜੇ

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਵਲੋਂ ਸਮੂਹ ਸਾਧ ਸੰਗਤ
Sikh Temple of Wisconsin
7512 South Howell Avenue, Oak Creek, WI-53154
Phone: 414-817-1717

# ਮਿਨੀਸੋਟਾ ਵਿਚ ਆਈਸ ਵਿਰੋਧੀ ਹੜਤਾਲ ਅਤੇ ਬੰਦ ਦੌਰਾਨ ਜ਼ਬਰਦਸਤ ਇਕੱਠ

*(ਇਹ ਰਿਪੋਰਟ ਪਹਿਲੀ ਵਾਰ ਇਨ ਦੀਜ਼ ਟਾਈਮਜ਼ ਦੇ ਸਾਈਟ ‘ਤੇ 23 ਜਨਵਰੀ ਨੂੰ ਛਪੀ ਸੀ।)*




ਮਿਨੀਸੋਟਾ ਦੇ ਦਹਿ ਹਜ਼ਾਰਾਂ ਨਿਵਾਸੀਆਂ ਨੇ ‘ਕੋਈ ਨਫ਼ਰਤ ਨਹੀਂ, ਕੋਈ ਡਰ ਨਹੀਂ, ਇਮੀਗ੍ਰੈਂਟਾਂ ਦਾ ਇੱਥੇ ਸਵਾਗਤ ਹੈ’ ਦੇ ਨਾਅਰੇ ਲਗਾਉਂਦਿਆਂ ਸ਼ੁੱਕਰਵਾਰ, 23 ਜਨਵਰੀ ਨੂੰ, ਦੁਪਹਿਰੋਂ ਬਾਅਦ ਮਿਨੀਐਪਲਿਸ ਦੇ ਡਾਊਨਟਾਊਨ ਵਿਚ ਮਾਰਚ ਕੀਤਾ। ਉਨ੍ਹਾਂ ਦੀ ਮੰਗ ਸੀ ਕਿ ਆਈਸ (ਅਮਰੀਕਾ ਦੀ ਇੰਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਏਜੰਸੀ) ਸੂਬੇ ਤੋਂ ਬਾਹਰ ਜਾਵੇ।

ਸਬ-ਜ਼ੀਰੋ ਤਾਪਮਾਨ ਵਿਚ ਵੱਡਾ ਪ੍ਰਦਰਸ਼ਨ ਆਰਥਿਕ ਬੰਦ ਦਾ ਕੇਂਦਰੀ ਹਿੱਸਾ ਸੀ, ਜਿਸ ਵਿਚ

**ਲੇਖਕ: ਸਾਰਾ ਲਜ਼ਾਰੇ**
**ਅਨੁਵਾਦ: ਸੁਖਵੰਤ ਹੁੰਦਲ**

ਹੜਤਾਲਾਂ, ਗ੍ਰਿਫ਼ਤਾਰੀਆਂ ਅਤੇ ਸਿਵਲ-ਨਾਫਰਮਾਨੀ, ਸੈਂਕੜੇ ਕਾਰੋਬਾਰਾਂ ਦਾ ਬੰਦ ਹੋਣਾ ਅਤੇ ਰੈਲੀਆਂ ਸ਼ਾਮਲ ਸਨ। ਲਗਭਗ 10 ਦਿਨ ਪਹਿਲਾਂ ਯੂਨੀਅਨਾਂ, ਧਾਰਮਿਕ ਸਮੂਹਾਂ ਅਤੇ ਕਮਿਊਨਿਟੀ ਸੰਸਥਾਵਾਂ ਦੀ ਕੁਲੀਸ਼ਨ ਨੇ ਜਨਤਕ ਤੌਰ ‘ਤੇ ਅਪੀਲ ਕੀਤੀ ਸੀ: ‘ਕੋਈ ਕੰਮ ਨਹੀਂ, ਕੋਈ ਸਕੂਲ ਨਹੀਂ, ਕੋਈ ਖਰੀਦਦਾਰੀ ਨਹੀਂ’।

ਵਿਚਾਰ ਇਹ ਸੀ ਕਿ ‘ਆਮ ਕਾਰੋਬਾਰੀ ਵਿਵਸਥਾ ਨੂੰ ਸਥਾਗਤ ਕਰਕੇ’ ਮਿਨੀਸੋਟਾ ਵਿਚ ਹਜ਼ਾਰਾਂ ਮਾਸਕ ਪਹਿਨੇ, ਹਥਿਆਰਬੰਦ ਫੈਡਰਲ ਏਜੰਟਾਂ ਦੀ ਅਣਮਿਸਾਲੀ (ਅਣਪਰੈਸੀਡੈਂਟਿਡ) ਤਾਇਨਾਤੀ ਦਾ ਵਿਰੋਧ ਕੀਤਾ ਜਾਵੇ।

ਇਸ ਬੰਦ ਅਤੇ ਹੜਤਾਲ ਨੂੰ ਜਥੇਬੰਦ ਕਰਨ ਵਾਲੇ ਲੋਕਾਂ ਦੇ ਅੰਦਾਜ਼ੇ ਅਨੁਸਾਰ ਘੱਟੋ-ਘੱਟ 50,000 ਲੋਕ ਇਸ ਵਿਚ ਸ਼ਾਮਲ ਹੋਏ, ਕਈਆਂ ਨੇ ਗਿਣਤੀ 100,000 ਦੇ ਕਰੀਬ ਦੱਸੀ। ਲੋਕਾਂ ਦੀ ਇੰਨੀ ਵੱਡੀ ਗਿਣਤੀ ਹੈਰਾਨ ਕਰਨ ਵਾਲੀ ਹੈ ਕਿਉਂਕਿ ਮਾਰਚ ਸ਼ੁਰੂ ਹੋਣ ਸਮੇਂ ਤਾਪਮਾਨ ਮਾਈਨਸ ਨੌਂ ਡਿਗਰੀ ਫਾਰਨਾਈਟ (-9°F ) ਭਾਵ ਮਾਈਨਸ 23 ਡਿਗਰੀ ਸੈਲੀਸੀਅਸ (-22.78°C) ਸੀ, ਜੋ ਨੰਗੀ ਚਮੜੀ ਨੂੰ ਜਲਦੀ ਫ੍ਰੌਸਟਬਾਈਟ ਕਰ ਸਕਦਾ ਹੈ ਭਾਵ ਚਮੜੀ ਅਤੇ ਉਸ ਦੇ ਹੇਠਲੇ ਟਿਸ਼ੂ ਜੰਮ ਸਕਦੇ ਹਨ।

ਏਅਰਪੋਰਟ ਵਿਖੇ ਫੂਡ ਸਰਵਿਸ ਵਰਕਰ ਅਤੇ ਯੂਨਾਈਟ ਹਿਅਰ ਦੀ ਲੋਕਲ 17 ਦੀ ਸਟੀਵਰਡ ਫੇਬਨ ਗਿਲਾਗਾਬਰ ਨੇ ਕਿਹਾ ‘ਓ ਮੇਰਿਆ ਰੱਬਾ, ਅੱਜ ਅਦਭੁਤ, ਭਾਵੁਕ ਅਤੇ ਬਹੁਤ ਤਾਕਤਵਰ ਦਿਨ ਹੈ। ਇਹ ਮੇਰੀ ਉਮੀਦ ਤੋਂ ਵੱਧ ਸੀ, ਬਹੁਤ ਵੱਧ। ਮੈਂ ਮੌਸਮ ਬਾਰੇ ਚਿੰਤਤ ਸੀ, ਪਰ ਹਰ ਕੋਈ ਆ ਗਿਆ।’

ਗਿਲਾਗਾਬਰ ਅਨੁਸਾਰ, ਉਸ ਦੀ ਯੂਨੀਅਨ ਦੇ ‘ਬਹੁਤ ਸਾਰੇ’ ਏਅਰਪੋਰਟ ਵਰਕਰ ਬੰਦ ਦਾ ਸਮਰਥਨ ਕਰਨ ਲਈ ਸ਼ੁੱਕਰਵਾਰ ਨੂੰ ਕੰਮ ’ਤੇ ਨਹੀਂ ਗਏ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਕਾਲ ਕਰਕੇ ਕਿਹਾ ਕਿ ਉਹ ਬਿਮਾਰ ਹਨ।

ਪ੍ਰਬੰਧਕਾਂ ਨੇ ਇਸ ਦਿਨ ਨੂੰ ‘ਸੱਚ ਅਤੇ ਅਜ਼ਾਦੀ ਦਾ ਦਿਨ - ਡੇਅ ਆਫ ਟਰੁੱਥ ਐਂਡ ਫ੍ਰੀਡਮ’ ਦਾ ਨਾਂ ਦਿੱਤਾ ਹੈ। ਅਜੇ ਇਹ ਹਿਸਾਬ ਲਾਉਣਾ ਮੁਸ਼ਕਿਲ ਹੈ ਕਿ ਇਸ ਐਕਸ਼ਨ ਦੇ ਦਿਨ ਕਿੰਨੇ ਵਰਕਰ ਆਪਣੇ ਕੰਮਾਂ ’ਤੇ ਨਹੀਂ ਗਏ। ਪਰ ਵਰਕਰ ਅਤੇ ਯੂਨੀਅਨਾਂ ਇਸ ਦਿਨ ਦੀਆਂ ਘਟਨਾਵਾਂ ਦੇ ਕੇਂਦਰ ਵਿਚ ਸਨ। ਇੱਕ ਕਮਰਸ਼ੀਅਲ ਇਲੈਕਟ੍ਰੀਸ਼ੀਅਨ ਅਤੇ ਆਈ ਬੀ ਈ ਡਬਲਿਊ ਲੋਕਲ 292 ਦੇ ਮੈਂਬਰ ਦੇ ਹੱਥ ਵਿਚ ਫੜੇ ਸਾਈਨ ’ਤੇ ਲਿਖਿਆ ਹੋਇਆ ਸੀ ‘ਆਮ ਹੜਤਾਲ ਇਨਸਾਫ ਨੂੰ ਜਾਣ ਵਾਲਾ ਰਸਤਾ ਹੈ -ਜਨਰਲ ਸਟਰਾਈਕ ਇਜ਼ ਏ ਪਾਥ ਟੂ ਜਸਟਿਸ’। ਮਾਰਚ ਦੌਰਾਨ ਉਸ ਨੇ ਮੈਨੂੰ ਦੱਸਿਆ ਕਿ ਉਹ ‘ਇਮੀਗ੍ਰੈਂਟਾਂ ਦੇ ਅਧਿਕਾਰਾਂ ਦਾ ਸਮਰਥਨ ਕਰਨ ਅਤੇ ਹਰ ਅਮਰੀਕਨ ਦਾ ਸਮਰਥਨ ਕਰਨ ਲਈ ਇੱਥੇ ਆਇਆ ਹੈ।’

ਉਸ ਨੇ ਅੱਗੇ ਕਿਹਾ, ‘ਆਈਸ ਤਾਂ ਬਿਲਕੁਲ ਨਿੰਦਣਯੋਗ ਹੈ। ਕੋਈ ਵੀ ਵਿਅਕਤੀ ਆਈਸ ਦੇ ਏਜੰਟਾਂ ਦੇ ਰਾਹ ਵਿਚ ਆ ਸਕਦਾ ਹੈ। ਇਹ ਤਾਂ ਸਾਡੇ ਆਪਣੇ ਨਾਗਰਿਕ ਅਧਿਕਾਰਾਂ ’ਤੇ ਹਮਲਾ ਹੈ।’

ਮਿਨੀਸੋਟਾ ਦੀ ਰਹਿਣ ਵਾਲੀ ਇਕ ਹੋਰ ਔਰਤ ਨੇ ਮੇਰੇ ਨਾਲ ਗੱਲ ਕਰਦਿਆਂ ਆਈਸ ਤੋਂ ਡਰਦਿਆਂ ਆਪਣਾ ਨਾਂ ਗੁਪਤ ਰੱਖਣ ਦੀ ਬੇਨਤੀ ਕੀਤੀ। ਉਸ ਨੇ ਕਿਹਾ, ‘ਮੈਂ ਅੱਜ ਇੱਥੇ ਸਭ ਲਈ ਖੜ੍ਹੀ ਹੋਈ ਹਾਂ, ਆਪਣੇ ਲਈ ਖੜ੍ਹੀ ਹੋਈ ਹਾਂ। ਮੈਂ ਇਸ ਤੋਂ ਪ੍ਰਭਾਵਿਤ ਹਾਂ। ਮੈਂ ਦੋ ਸਾਲ ਦੀ ਉਮਰ ਵਿਚ ਇੱਥੇ ਆਈ ਸੀ। ਮੇਰੇ ਮਾਪੇ ਮੈਨੂੰ ਮੈਕਸੀਕੋ ਤੋਂ ਲੈ ਕੇ ਇੱਥੇ ਆਏ ਸਨ। ਮੈਨੂੰ ਸਿਰਫ ਅਮਰੀਕਾ ਦਾ ਪਤਾ ਹੈ, ਇਸ ਲਈ ਜੋ ਕੁਝ ਵੀ ਹੋ ਰਿਹਾ ਹੈ, ਪਰਿਵਾਰਾਂ ਨੂੰ ਵੱਖ ਵੱਖ ਕੀਤੇ ਜਾਣਾ, ਬੱਚਿਆਂ ਦਾ ਖੋਹ ਲਏ ਜਾਣਾ, ਇੱਕ ਨਿਰਦੋਸ਼ ਔਰਤ ਨੂੰ ਸੱਚ ਲਈ ਖੜ੍ਹੇ ਹੋਣ ਕਰਕੇ ਗੋਲੀ ਮਾਰ ਦਿੱਤੇ ਜਾਣਾ— ਇਹ ਸਭ ਅਵਿਸ਼ਵਾਸਯੋਗ ਹੈ।’

29 ਸਾਲਾਂ ਦੀ ਇਸ ਔਰਤ ਨੇ ਅੱਗੇ ਕਿਹਾ, ‘ਮੈਂ ਉਨ੍ਹਾਂ ਲਈ ਬੋਲ ਰਹੀ ਹਾਂ ਜੋ ਅੱਜ ਇੱਥੇ ਨਹੀਂ ਆ ਸਕੇ। ਜੋ ਲੁਕੇ ਹੋਏ ਹਨ, ਜਿਨ੍ਹਾਂ ਦਾ ਦਿਲ ਦਰਵਾਜ਼ੇ ਦੀ ਘੰਟੀ ਵੱਜਣ ਨਾਲ ਰੁਕ ਜਾਂਦਾ ਹੈ।’

ਇਸ ਹੀ ਦਿਨ ਸਵੇਰ ਨੂੰ 100 ਦੇ ਕਰੀਬ ਧਾਰਮਿਕ ਆਗੂਆਂ ਨੇ ਮਿਨੀਐਪਲਿਸ-ਸੇਂਟ ਪੌਲ ਅੰਤਰਰਾਸ਼ਟਰੀ ਏਅਰਪੋਰਟ ਦੇ ਟਰਮੀਨਲ 1 ਦੇ ਡਿਪਾਰਚਰ ਏਰੀਏ ਦੇ ਬਾਹਰ ਆਈਸ ਵਿਰੁੱਧ ਸਿਵਲ ਨਾਫਰਮਾਨੀ ਦੇ ਅਮਲ ਵਜੋਂ ਇੱਕ ਮੁੱਖ ਸੜਕ ਨੂੰ ਰੋਕਿਆ। ਉਨ੍ਹਾਂ ਦੇ ਪਿੱਛੇ ਹਜ਼ਾਰਾਂ ਸਮਰਥਕ ਸਨ। ਉਹ ਗਾ ਰਹੇ ਸਨ ‘ਇਸ ਮੁਹਿੰਮ ਦੇ ਫੇਲ੍ਹ ਹੋਣ ਤੋਂ ਪਹਿਲਾਂ ਅਸੀਂ ਸਾਰੇ ਜੇਲ੍ਹ ਜਾਵਾਂਗੇ — ਹਰੇਕ ਨੂੰ ਜੀਣ ਦਾ ਅਧਿਕਾਰ ਹੈ।’ ਉਨ੍ਹਾਂ ਕੋਲ ਯੂਨਾਈਟ ਹਿਅਰ ਲੋਕਲ 17 ਦੇ ਅਗਵਾ ਕੀਤੇ ਮੈਂਬਰਾਂ ਵਾਲੇ ਸਾਈਨ ਸਨ।

ਲੋਕ— ਜਿਨ੍ਹਾਂ ਵਿਚ ਹੜਤਾਲ ਕਰ ਰਹੇ ਵਰਕਰ ਅਤੇ ਯੂਨੀਅਨ ਦੇ ਮੈਂਬਰ ਸ਼ਾਮਲ ਸਨ ਅਤੇ ਜਿਨ੍ਹਾਂ ਵਿਚੋਂ ਕੁਝ ਏਅਰਪੋਰਟ ‘ਤੇ ਕੰਮ ਕਰਦੇ ਹਨ — ਜ਼ੀਰੋ ਤੋਂ ਘੱਟ ਤਾਪਮਾਨ ਵਿਚ ਬਾਹਰ ਰਹੇ ਅਤੇ ਉਨ੍ਹਾਂ ਨੇ ਸਿਵਲ ਨਾਫਰਮਾਨੀ ਦਾ ਸਮਰਥਨ ਕੀਤਾ। ਸਮਰਥਕਾਂ ਨੇ ਲੋਕਾਂ ਨੂੰ ਹੈਂਡ ਵਾਰਮਰ (ਹੱਥਾਂ ਨੂੰ ਗਰਮ ਰੱਖਣ ਵਾਲੀਆਂ ਚੀਜ਼ਾਂ) ਅਤੇ ਖਾਣ-ਪੀਣ ਦੀਆਂ ਵਸਤਾਂ ਵੰਡੀਆਂ ਤਾਂ ਜੋ ਲੋਕ ਉੱਥੇ ਖੜ੍ਹੇ ਰਹਿ ਸਕਣ।

22 ਸਾਲਾ ਕੈਟਰੀਨਾ ਜ਼ੈਬਰਿਸਕੀ ਨੇ ਆਪਣੀ ਮਾਂ (ਮਿਨੇਸੋਟਾ ਦੀ ਚੈਪਲੇਨ) ਨੂੰ ਗ੍ਰਿਫਤਾਰ ਹੁੰਦੇ ਵੇਖਿਆ। ਉਸ ਨੇ ਮੈਨੂੰ ਦੱਸਿਆ, ‘ਇਹ ਬਹੁਤ ਭਾਵੁਕ ਸੀ। ਜਦੋਂ ਲੋਕਾਂ ਨੇ ‘ਅਸੀਂ ਤੁਹਾਨੂੰ ਪਿਆਰ ਕਰਦੇ ਹਾਂ’ ਦੇ ਨਾਅਰੇ ਲਗਾਏ ਤਾਂ ਮੈਂ ਰੋਣ ਲੱਗ ਪਈ। ਮੁੱਖ ਤੌਰ ’ਤੇ ਮੈਂ ਬਹੁਤ ਮਾਣ ਮਹਿਸੂਸ ਕਰ ਰਹੀ ਹਾਂ।’ ਬਹੁਤ ਸਾਰੇ ਧਾਰਮਿਕ ਆਗੂ ਪੁਲੀਸ ਵਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਪਹਿਲਾਂ ਪ੍ਰਾਰਥਨਾ ਕਰ ਰਹੇ ਸਨ।

ਜ਼ੈਬਰਿਸਕੀ ਨੇ ਅਗਾਂਹ ਕਿਹਾ, ‘ਅਸੀਂ ਆਪਣੇ ਗੁਆਂਢੀਆਂ ਦੀ ਸੁਰੱਖਿਆ ਬਾਰੇ ਚਿੰਤਤ ਹਾਂ। ਅਸੀਂ ਮੰਨਦੇ ਹਾਂ ਕਿ ਲੋਕਾਂ ਨੂੰ ਘਰਾਂ ਤੋਂ ਫੜ ਕੇ ਡਿਪੋਰਟ ਕਰਨਾ, ਉਨ੍ਹਾਂ ਨੂੰ ਤਸੀਹੇ ਦੇਣਾ ਅਤੇ ਡਿਟੈਂਸ਼ਨ ਸੈਂਟਰਾਂ ਵਿਚ ਰੱਖਣਾ ਬਹੁਤ ਅਨਿਆਂ ਹੈ। ਇਹ ਨਹੀਂ ਹੋਣਾ ਚਾਹੀਦਾ।’

ਉਹ 100 ਦੇ ਕਰੀਬ ਧਾਰਮਿਕ ਲੋਕ ਐਮ ਐਨ ਕੁਲੀਸ਼ਨ ਨਾਲ ਸੰਬੰਧਿਤ ਸਨ। ਆਈਸ ਦੀ ਨਿਊਜ਼ ਰਿਲੀਜ਼ ਅਨੁਸਾਰ ਉਨ੍ਹਾਂ ਨੂੰ ‘ਸੂਬੇ ਭਰ ਵਿਚ ਆਈਸ ਆਊਟ ਆਫ ਮਿਨੀਸੋਟਾ: ਏ ਡੇਅ ਆਫ ਟਰੁੱਥ ਐਂਡ ਫ੍ਰੀਡਮ (ਆਈਸ ਸੂਬੇ ਤੋਂ ਬਾਹਰ ਜਾਓ: ਸੱਚ ਅਤੇ ਫ੍ਰੀਡਮ ਦਾ ਇਕ ਦਿਨ’ ਵਿਚ ਹਿੱਸਾ ਲੈਣ ਲਈ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਧਾਰਮਿਕ ਲੋਕਾਂ ਦੀਆਂ ਮੰਗਾਂ ਡੈਲਟਾ (ਏਅਰਲਾਈਨ) ਅਤੇ ਸਿਗਨੇਚਰ ਏਵੀਏਸ਼ਨ ਉੱਤੇ ਕੇਂਦਰਿਤ ਸਨ, ਜਿਨ੍ਹਾਂ ਨੂੰ ਉਹ ਮਿਨੀਸੋਟਾ ਵਾਸੀਆਂ ਦੀ ਡਿਪੋਰਟੇਸ਼ਨ ਵਿਚ ਸਹਿਯੋਗੀ ਅਤੇ ਸਹਾਇਕ ਦੱਸਦੇ ਹਨ।

ਧਾਰਮਿਕ ਆਗੂ ਚਾਹੁੰਦੇ ਹਨ ਕਿ ਡੈਲਟਾ ਅਤੇ ਸਿਗਨੇਚਰ ਏਵੀਏਸ਼ਨ ਜਨਤਕ ਤੌਰ ‘ਤੇ ਮਿਨੀਸੋਟਾ ਵਿਚ ਆਈਸ ਦੇ ‘ਵਾਧੇ’ ਨੂੰ ਤੁਰੰਤ ਖਤਮ ਕਰਨ ਅਤੇ ਆਈਸ ਵਲੋਂ ਸੂਬੇ ਨੂੰ ਛੱਡ ਕੇ ਜਾਣ’ ਦੀ ਮੰਗ ਕਰਨ। ਉਹ ਕੰਪਨੀਆਂ ਨੂੰ ਇਹ ਬੇਨਤੀ ਵੀ ਕਰ ਰਹੇ ਹਨ ਕਿ ਉਹ ਰੈਨੀ ਗੁੱਡ ਨੂੰ ਮਾਰਨ ਵਾਲੇ ਆਈਸ ਏਜੰਟ ਨੂੰ ‘ਕਾਨੂੰਨੀ ਜਵਾਬਦੇਹ’ ਬਣਾਉਣ ਅਤੇ ਕਾਂਗਰਸ ਨੂੰ ਆਈਸ ਦੀ ਫੰਡਿੰਗ ਰੋਕਣ’ ਲਈ ਅਪੀਲ ਕਰ ਰਹੇ ‘ਮਿਨੀਸੋਟਾ ਦੇ ਲੋਕਾਂ ਨਾਲ ਖੜ੍ਹਨ’।

ਗੁੱਡ, ਮਿਨੀਐਪਲਿਸ ਵਿਚ ਰਹਿਣ ਵਾਲੀ ਇੱਕ ਕਵੀਤਰੀ ਅਤੇ ਤਿੰਨ ਬੱਚਿਆਂ ਦੀ ਮਾਂ ਸੀ। ਉਸ ਨੂੰ 7 ਜਨਵਰੀ ਨੂੰ ਆਈਸ ਦੇ ਏਜੰਟ ਜੋਨਾਥਨ ਰੌਸ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਇਸ ਕਤਲ ਵਿਰੁੱਧ ਜਨਤਕ ਗੁੱਸੇ ਨੇ ਮਿਨੀਸੋਟਾ ਅਤੇ ਪੂਰੇ ਦੇਸ਼ ਵਿਚ ਜਥੇਬੰਦੀਆਂ ਅਤੇ ਲੋਕਾਂ ਨੂੰ ਊਰਜਾ ਦਿੱਤੀ ਅਤੇ (ਇਹ ਕਤਲ) ਦਿਨ ਭਰ ਰੈਲੀ ਦਾ ਨਾਅਰਾ ਰਿਹਾ।

ਏਅਰਪੋਰਟ ‘ਤੇ ਸਿਵਲ ਨਾਫਰਮਾਨੀ ਮਹੱਤਵਪੂਰਨ ਸੀ ਕਿਉਂਕਿ ਇਹ ਥਾਂ ਮਿਨੀਸੋਟਾ ਉੱਤੇ ਫੈਡਰਲ ਹਮਲੇ ਦਾ ਫਲੈਸ਼ਪੁਆਇੰਟ ਬਣ ਗਈ ਹੈ।

‘ਆਈਸ ਮਿਨੀਸੋਟਾ ਤੋਂ ਬਾਹਰ ਜਾਵੇ’ ਨਾਂ ਦੀ ਕੁਲੀਸ਼ਨ (ਆਈਸ ਆਊਟ ਆਫ ਐਮ ਐਨ ਕੁਲੀਸ਼ਨ) ਨੇ ਧਾਰਮਕ ਵਿਅਕਤੀਆਂ ਦੀਆਂ ਗ੍ਰਿਫਤਾਰੀਆਂ ਤੋਂ ਬਾਅਦ ਬਿਆਨ ਵਿਚ ਕਿਹਾ, ‘ਡੈਲਟਾ ਮਿਨੀਐਪਲੈਸ ਦੇ ਸੇਂਟ ਪਾਲ ਏਅਰਪੋਰਟ ਨੂੰ ਮੁੱਖ ਹੱਬ (ਕੇਂਦਰ) ਵਜੋਂ ਵਰਤਦੀ ਹੈ ਅਤੇ ਸਿਗਨੇਚਰ ਏਵੀਏਸ਼ਨ ਆਈਸ ਦੇ ਅਪਰੇਸ਼ਨਾਂ ਲਈ ਲੌਜਿਸਟਿਕ ਸਹਾਇਤਾ ਦਿੰਦੀ ਹੈ। ਮਿਨੀਐਪਲੈਸ ਦਾ ਏਅਰਪੋਰਟ ਹਰ ਸਾਲ ਕਰੋੜਾਂ ਯਾਤਰੀਆਂ ਨੂੰ ਸੇਵਾ ਦਿੰਦਾ ਹੈ ਅਤੇ ਹੁਣ ਡੀ ਐਚ ਐਸ (ਡਿਪਾਰਟਮੈਂਟ ਆਫ ਹੋਮਲੈਂਡ ਸਿਕਿਉਰਟੀ) ਦੇ ਅਪਰੇਸ਼ਨਾਂ ਵਿਚ ਮੁੱਖ ਸਾਈਟ ਬਣ ਗਿਆ ਹੈ ਜਿੱਥੋਂ ਮਿਨੀਸੋਟਾ ਦੇ ਵਾਸੀਆਂ ਨੂੰ ਅਗਵਾ ਕਰਕੇ ਡਿਟੈਂਸ਼ਨ ਸੈਂਟਰਾਂ ਵਿਚ ਭੇਜਿਆ ਜਾਂਦਾ ਹੈ।’ ਕੁਲੀਸ਼ਨ ਨੇ ਅੱਗੇ ਕਿਹਾ, ‘ਤਕਰੀਬਨ 2,000 ਲੋਕ ਮਿਨੀਐਪਲੈਸ ਦੇ ਇਸ ਏਅਰਪੋਰਟ ਰਾਹੀਂ ਡਿਪੋਰਟ ਕੀਤੇ ਗਏ ਹਨ, ਅਤੇ ਇਸ ਏਅਰਪੋਰਟ ’ਤੇ ਕੰਮ ਕਰਨ ਵਾਲੇ ਬਹੁਤ ਸਾਰੇ ਲੋਕ ਕੰਮ ’ਤੇ ਜਾਂ ਏਅਰਪੋਰਟ ਨੂੰ ਆਉਣ-ਜਾਣ ਦੌਰਾਨ ਆਈਸ ਵੱਲੋਂ ਅਗਵਾ ਕੀਤੇ ਗਏ ਹਨ।’

ਪਰ ਏਅਰਪੋਰਟ ਅਗਵਾ ਕਰਨ ਦੀ ਸਾਈਟ ਹੋਣ ਦੇ ਨਾਲ-ਨਾਲ ਸੰਘਰਸ਼ ਦੀ ਵੀ ਸਾਈਟ ਹੈ। ਏਅਰਪੋਰਟ ਬਾਹਰ ਪ੍ਰਦਰਸ਼ਨਕਾਰੀ, ਵਰਕਰ ਅਤੇ ਧਾਰਮਿਕ ਆਗੂ ਇਹ ਨਾਹਰੇ ਲਾ ਰਹੇ ਸਨ, ‘ਅਸੀਂ ਵਰਕਰ ਹਾਂ, ਬਲਵਾਨ ਵਰਕਰ - ਵੀ ਆਰ ਵਰਕਰਜ਼, ਮਾਈਟੀ ਮਾਈਟੀ ਵਰਕਰਜ਼’। ਇੱਕ ਸਾਈਨ ’ਤੇ ਲਿਖਿਆ ਸੀ ‘ਅਸੀਂ ਲੋੜ ਤੋਂ ਘੱਟ ਪ੍ਰਤੀਕਰਮ ਕਰ ਰਹੇ ਹਾਂ- ਵੀ ਆਰ ਅੰਡਰ ਰਿਐਕਟਿੰਗ’ ਅਤੇ ਇੱਕ ਵਿਅਕਤੀ ਨੇ ਬੁਲ ਹਾਰਨ ਰਾਹੀਂ ਜ਼ੋਰ ਨਾਲ ਕਿਹਾ: ‘ਅਸੀਂ ਇੱਥੇ ਕਾਰਪੋਰੇਸ਼ਨਾਂ ਨੂੰ ਇਹ ਦੱਸਣ ਆਏ ਹਾਂ ਕਿ ਉਹ ਆਈਸ ਨੂੰ ਸਹਿਯੋਗ ਦੇਣਾ ਬੰਦ ਕਰਨ।’

ਸ਼ੁੱਕਰਵਾਰ ਸਵੇਰੇ ਏਅਰਪੋਰਟ ‘ਤੇ, ਇਕ ਗਰਾਸਰੂਟਸ ਅਤੇ ਨਾਨ-ਪਾਰਟੀਜ਼ਨ ਗਰੁੱਪ ਐਮ ਐਨ 50501 ਦੇ ਨਿੱਕ ਬੈਨਸਨ ਨੇ ਮੈਨੂੰ ਕਿਹਾ, ‘ਇਹ ਏਅਰਪੋਰਟ ਕੁੱਪੀ ਦਾ ਤੰਗ ਸਿਰਾ ਹੈ ਜਿੱਥੋਂ ਸਾਡੇ ਗੁਆਂਢੀਆਂ ਨੂੰ ਪਤਾ ਨਹੀਂ ਕਿੱਥੇ ਭੇਜਿਆ ਜਾ ਰਿਹਾ ਹੈ।’

ਸੂਬੇ ਭਰ ਵਿਚ ਹੜਤਾਲ ਅਤੇ ਐਕਸ਼ਨ — ਅਤੇ ਦੇਸ਼ ਭਰ ਵਿਚ ਸੌਲੀਡੈਰਿਟੀ ਐਕਸ਼ਨ — ਇਸ ਖੌਫਨਾਕ ਖਬਰ ਤੋਂ ਬਾਅਦ ਵਾਪਰਿਆ ਜਦੋਂ ਮੰਗਲਵਾਰ ਨੂੰ ਮਿਨੀਐਪਲਿਸ ਦੇ ਏਰੀਆ ਵਿਚ ਇੱਕ 5 ਸਾਲਾਂ ਦੇ ਬੱਚੇ ਨੂੰ ਆਈਸ ਦੇ ਏਜੰਟਾਂ ਨੇ ਘਰ ਦੇ ਡਰਾਈਵੇ ਤੋਂ ਚੁੱਕ ਲਿਆ। ਇਹ ਪ੍ਰੀਸਕੂਲਰ ਅਤੇ ਉਸ ਦਾ ਪਿਤਾ ਹੁਣ ਟੈਕਸਾਸ ਵਿਚ ਡਿਟੈਂਸ਼ਨ ਸੈਂਟਰ ਵਿਚ ਕੈਦ ਹਨ।

ਕਈ ਹਫ਼ਤਿਆਂ ਤੋਂ ਫੈਡਰਲ ਏਜੰਟ ਸਕੂਲਾਂ, ਡੇਅ-ਕੇਅਰਾਂ ਅਤੇ ਘਰਾਂ ਤੱਕ ਲੋਕਾਂ ਦਾ ਪਿੱਛਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਅਗਵਾ ਕਰ ਰਹੇ ਹਨ — ਅਤੇ ਆਪਣੇ ਗੁਆਂਢੀਆਂ ਦੀ ਰੱਖਿਆ ਕਰਨ ਵਾਲਿਆਂ ‘ਤੇ ਹਿੰਸਾ ਕਰ ਰਹੇ ਹਨ। ਇਹ ਹਿੰਸਾ ਬਹੁਤ ਪਰਚੰਡ ਅਤੇ ਜਾਨਲੇਵਾ ਰਹੀ ਹੈ।

ਸ਼ੁੱਕਰਵਾਰ ਦੀ ਹੜਤਾਲ ਨੂੰ ਸੰਗਠਿਤ ਕਰਨ ਵਾਲੇ ਵੱਡੇ ਗਠਜੋੜ ਦੀਆਂ ਖਾਸ ਮੰਗਾਂ ਵਿਚ ਆਈਸ ਨੂੰ ਮਿਨੀਸੋਟਾ ਤੋਂ ਤੁਰੰਤ ਕੱਢਣਾ ਅਤੇ ਜੋਨਾਥਨ ਰੌਸ (ਗੁੱਡ ਨੂੰ ਮਾਰਨ ਵਾਲੇ ਆਈਸ ਦੇ ਏਜੰਟ) ਨੂੰ ‘ਕਾਨੂੰਨੀ ਜਵਾਬਦੇਹ’ ਬਣਾਉਣਾ ਸ਼ਾਮਲ ਹੈ। ਉਹ ਆਈਸ ਨੂੰ ਆਉਣ ਵਾਲੇ ਕਾਂਗਰਸ ਦੇ ਬਜਟ ਵਿਚ ‘ਕੋਈ ਵਾਧੂ ਫੰਡਿੰਗ ਨਾ ਦੇਣ ਅਤੇ ਆਈਸ ਵਲੋਂ ਅਮਰੀਕੀਆਂ ਅਤੇ ਉਨ੍ਹਾਂ ਦੇ ਗੁਆਂਢੀਆਂ ਦੇ ਮਨੁੱਖੀ ਅਤੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਕਰਨ ਲਈ ਜਾਂਚ ਕਰਨ ਦੀ ਵੀ ਮੰਗ ਕਰ ਰਹੇ ਹਨ।’

ਸ਼ੁੱਕਰਵਾਰ ਨੂੰ ਬੰਦ ਵਿਚ ਹਿੱਸਾ ਲੈਣ ਵਾਲਿਆਂ ਲਈ ਮੁੱਦੇ ਅਕਾਦਮਿਕ ਨਹੀਂ ਸਨ। ਸੂਬੇ ਵਿਚ 8,000 ਤੋਂ ਵੱਧ ਜੈਨੀਟਰਾਂ, ਵਿੰਡੋ ਕਲੀਨਰਾਂ ਅਤੇ ਹੋਰ ਪ੍ਰੌਪਰਟੀ ਸਰਵਿਸ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਸਰਵਿਸ ਇੰਪਲਾਈਜ਼ ਇੰਟਰਨੈਸ਼ਨਲ ਯੂਨੀਅਨ (ਐਸ ਈ ਆਈ ਯੂ) ਦੀ ਲੋਕਲ 26 ਦੇ ਪ੍ਰਧਾਨ ਗ੍ਰੈਗ ਨਾਮਾਚਰ ਨੇ 19 ਜਨਵਰੀ ਨੂੰ ਇਕ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਸੀ ਕਿ ਯੂਨੀਅਨ ਦੇ ‘20 ਤੋਂ ਵੱਧ ਮੈਂਬਰ ਫੈਡਰਲ ਏਜੰਟਾਂ ਵੱਲੋਂ ਬਿਨਾਂ ਕਿਸੇ ਚਿਤਾਵਨੀ ਅਤੇ ਬਿਨਾਂ ਕਿਸੇ ਡਿਊ ਪ੍ਰੋਸੈੱਸ (ਸਹੀ ਕਾਨੂੰਨੀ ਅਮਲ) ਦੇ ਅਗਵਾ ਕੀਤੇ ਗਏ ਹਨ।’

ਉਸ ਨੇ ਅਗਾਂਹਾ ਕਿਹਾ ਕਿ ਫੈਡਰਲ ਏਜੰਟਾਂ ਦੀ ਰਣਨੀਤੀ ‘ਪਰਿਵਾਰਾਂ ਨੂੰ ਤੋੜਨਾ, ਪਿਆਰਿਆਂ ਨੂੰ ਗੁੰਮ ਕਰਨਾ ਹੈ ਜਿਨ੍ਹਾਂ ਨੂੰ ਘੰਟਿਆਂ ਅਤੇ ਦਿਨਾਂ ਤੱਕ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਕਿੱਥੇ ਹਨ ਅਤੇ ਅਕਸਰ ਕਾਨੂੰਨੀ ਸਲਾਹ ਤੱਕ ਪਹੁੰਚ ਨਹੀਂ ਹੁੰਦੀ।’

ਪਰ ਸਿਰਫ ਇਮੀਗ੍ਰੈਂਟ ਵਰਕਰ ਹੀ ਪ੍ਰਭਾਵਿਤ ਨਹੀਂ ਹੁੰਦੇ। ਨਾਮਾਚਰ ਨੇ ਜ਼ੋਰ ਦਿੰਦਿਆ ਕਿਹਾ, ‘ਜੇ ਘੋਸ਼ਿਤ ਉਦੇਸ਼ ਅਮਰੀਕਾ ਵਿਚ ਜਨਮੇ ਵਰਕਰਾਂ ਨੂੰ ਵੱਧ ਤਨਖਾਹ ਦੇਣਾ ਹੈ, ਜੋ ਕਈ ਵਾਰ ਸਾਨੂੰ ਦੱਸਿਆ ਜਾਂਦਾ ਹੈ, ਤਾਂ ਇਸ ਦਾ ਉਲਟ ਅਸਰ ਹੋਇਆ ਹੈ।’

ਨਾਮਾਚਰ ਨੇ ਹੋਰ ਦੱਸਿਆ ਕਿ ਇੱਕ ਵਿੰਡੋ ਕਲੀਨਰ ਜਿਸ ਨੇ ਚਾਰ ਸਾਲ ਪਹਿਲਾਂ ਨੌਕਰੀ ਉੱਤੇ ਸੁਰੱਖਿਆ ਵਿਚ ਸੁਧਾਰ ਲਈ ਹੜਤਾਲ ਦੀ ਅਗਵਾਈ ਕੀਤੀ ਸੀ, ਹਾਲ ਹੀ ਵਿਚ ਰੁਟੀਨ ਇਮੀਗ੍ਰੇਸ਼ਨ ਚੈੱਕ-ਇਨ ‘ਤੇ ਫੜਿਆ ਗਿਆ ਸੀ। ਉਹ 30 ਸਾਲਾਂ ਤੋਂ ਯੂਨਾਈਟਿਡ ਸਟੇਟਸ ਅਮਰੀਕਾ ਵਿਚ ਰਹਿ ਰਿਹਾ ਸੀ, ਫਿਰ ਵੀ ਏਜੰਟਾਂ ਨੇ ਉਸ ਨੂੰ ਪਹਿਲਾਂ ਹੀ ਉਸ ਦੇ ਪਰਿਵਾਰ ਤੋਂ ਦੂਰ ਮੈਕਸੀਕੋ ਡਿਪੋਰਟ ਕਰ ਦਿੱਤਾ ਹੈ।

ਨਾਮਾਚਾਰ ਨੇ ਕਿਹਾ ਕਿ ‘ਉਸ ਦੀ ਕੁਰਬਾਨੀ ਨੇ ਟਵਿਨ ਸਿਟੀਜ਼ ਦੇ ਸਾਰੇ ਵਿੰਡੋ ਕਲੀਨਰਾਂ ਨੂੰ ਸੁਰੱਖਿਅਤ ਬਣਾਇਆ, ਭਾਵੇਂ ਉਹ ਕਿਤੇ ਵੀ ਜਨਮੇ ਹੋਣ, ਭਾਵੇਂ ਉਨ੍ਹਾਂ ਦੀ ਨਾਗਰਿਕਤਾ ਕੋਈ ਵੀ ਹੋਵੇ।’

ਯੂਨਾਈਟ ਹਿਅਰ ਦੀ ਲੋਕਲ 17 (ਜੋ ਟਵਿਨ ਸਿਟੀਜ਼ ਦੇ ਮੈਟਰੋ ਏਰੀਆ ਵਿਚ 6,000 ਤੋਂ ਵੱਧ ਹੌਸਪਿਟੈਲਿਟੀ ਵਰਕਰਾਂ ਦੀ ਨੁਮਾਇੰਦਗੀ ਕਰਦੀ ਹੈ) ਦੇ ਲਗਭਗ 16 ਮੈਂਬਰ ਅਗਵਾ ਕੀਤੇ ਗਏ ਹਨ, ਅਤੇ ਮਿਨੀਐਪਲਿਸ ਦਾ ਸੇਂਟ ਪੌਲ ਅੰਤਰਰਾਸ਼ਟਰੀ ਏਅਰਪੋਰਟ ਯੂਨੀਅਨ ਅਤੇ ਨਾਨ ਯੂਨੀਅਨ ਵਰਕਰਾਂ ਦੇ ਵਾਰ-ਵਾਰ ਕੀਤੇ ਜਾਣ ਵਾਲੇ ਅਗਵਾਵਾਂ ਦੀ ਸਾਈਟ ਬਣ ਗਿਆ ਹੈ।

ਲੋਕਲ 17 ਦੀ ਸਕੱਤਰ-ਖਜ਼ਾਨਚੀ ਸ਼ੇਘ ਫ੍ਰੀਬਰਗ ਨੇ 9 ਜਨਵਰੀ ਨੂੰ ਟਰਮੀਨਲ 1 ਅੰਦਰ ਇਕ ਪ੍ਰੈੱਸ ਕਾਨਫਰੰਸ ਵਿਚ ਕਿਹਾ, ‘ਊਬਰ ਡਰਾਈਵਰਾਂ ਨੂੰ ਲਗਾਤਾਰ ਹੈਰਾਨ ਕੀਤਾ ਜਾਂਦਾ ਹੈ ਅਤੇ ਚੁੱਕ ਲਿਆ ਜਾਂਦਾ ਹੈ, ਉਨ੍ਹਾਂ ਦੀਆਂ ਗੱਡੀਆਂ ਨੂੰ ਪਿੱਛੇ ਸੜਕ ’ਤੇ ਖੜ੍ਹਾ ਰਹਿਣ ਦਿੱਤਾ ਜਾਂਦਾ ਹੈ ਅਤੇ ਪਰਿਵਾਰਾਂ ਨੂੰ ਪਤਾ ਨਹੀਂ ਹੁੰਦਾ ਕਿ ਉਹ ਕਿੱਥੇ ਹਨ। ਯੂਨਾਈਟ ਹਿਅਰ ਲੋਕਲ 17 ਦੇ ਏਅਰਪੋਰਟ ’ਤੇ ਕੰਮ ਕਰਨ ਵਾਲੇ ਮੈਂਬਰਾਂ ਨੂੰ ਟੀ ਐਸ ਏ ਦੇ ਪਿੱਛੇ ਲਿਜਾਇਆ ਗਿਆ ਹੈ ਅਤੇ ਆਈਸ ਦੀਆਂ ਫਲਾਈਟਾਂ ਵਧ ਗਈਆਂ ਹਨ — ਕਈ ਵਾਰ ਦਿਨ ਵਿਚ ਦੋ ਵਾਰ।’

ਬੰਦ ਦੀ ਅਪੀਲ ਤੋਂ ਬਾਅਦ, ਇਸ ਯਤਨ ਵਿਚ ਸ਼ਾਮਲ ਹੋਣ ਵਾਲੀਆਂ ਯੂਨੀਅਨਾਂ, ਕਮਿਊਨਿਟੀ ਅਤੇ ਧਾਰਮਿਕ ਸੰਗਠਨਾਂ ਦੀ ਸੂਚੀ ਵਿਚ ਵੱਡਾ ਵਾਧਾ ਹੋਇਆ। ਸਰਵਿਸ ਇੰਪਲਾਈਜ਼ ਇੰਟਰਨੈਸ਼ਨਲ ਦੀ ਲੋਕਲ 26 ਅਤੇ ਯੂਨਾਈਟ ਹਿਅਰ ਦੀ ਲੋਕਲ 17 ਤੋਂ ਇਲਾਵਾ ਮਿਨੀਸੋਟਾ ਦੀਆਂ ਨਰਸਾਂ ਦੀ ਐਸੋਸੀਏਸ਼ਨ (ਇੱਕ ਹੋਰ ਮਜ਼ਬੂਤ ਯੂਨੀਅਨ) ਵੀ ਇਸ ਵਿਚ ਸ਼ਾਮਲ ਹੋ ਗਈ।

ਲੋਕਲ ਅਤੇ ਰੀਜਨਲ ਲੇਬਰ ਕੌਂਸਲਾਂ ਵੀ ਸ਼ਾਮਲ ਹੋਈਆਂ ਅਤੇ 20 ਜਨਵਰੀ ਨੂੰ ਮਿਨੀਸੋਟਾ ਦੇ 300,000 ਤੋਂ ਵੱਧ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਮਿਨੀਸੋਟਾ ਦੀ ਏ ਐਫ ਐਲ-ਸੀ ਆਈ ਓ ਦੇ ਐਗਜ਼ੀਕਿਊਟਿਵ ਬੋਰਡ ਨੇ ਸ਼ੁੱਕਰਵਾਰ ਦੀ ਵਰਕ ਸਟੌਪੇਜ ਦੀ ਹਿਮਾਇਤ ਕਰਨ ਲਈ ਵੋਟ ਪਾਈ।

ਯੂਨੀਅਨਾਂ ਦੀ ਲਾਮਬੰਦੀ ਸਿਰਫ਼ ਸ਼ਹਿਰੀ ਮੈਟਰੋ ਇਲਾਕਿਆਂ ਤੱਕ ਸੀਮਤ ਨਹੀਂ ਰਹੀ। ਉਦਾਹਰਨ ਲਈ ਸੂਬੇ ਭਰ ਵਿਚ ਪਬਲਿਕ ਸਰਵਿਸਿਜ਼, ਨਾਨ-ਪ੍ਰੌਫਿਟ ਅਤੇ ਹੈਲਥਕੇਅਰ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਏ ਐਫ ਐਸ ਸੀ ਐਮ ਈ ਕੌਂਸਲ-65 (ਮਿਨੀਸੋਟਾ, ਨੌਰਥ ਡਕੋਟਾ ਅਤੇ ਸਾਊਥ ਡਕੋਟਾ) ਨੇ ਕੁਲੀਸ਼ਨ ਦੀ ਹਮਾਇਤ ਕਰਨ ਬਾਰੇ ਬਿਆਨ ਜਾਰੀ ਕੀਤਾ, ਭਾਵੇਂ ਕਿ ਉਹਨੇ ਕੰਮ ਨਾ ਕਰਨ ਤੱਕ ਦੀ ਗੱਲ ਨਹੀਂ ਕਹੀ।

ਮੈਸਾਚੂਸਟ ਤੋਂ ਨਿਊਯਾਰਕ, ਸ਼ਿਕਾਗੋ ਤੱਕ ਪੂਰੇ ਦੇਸ਼ ਭਰ ਵਿਚ ਸੌਲੀਡੈਰਿਟੀ ਐਕਸ਼ਨ ਹੋਏ। ਕੁਝ ਲੇਬਰ ਅਤੇ ਕਮਿਊਨਿਟੀ ਲੀਡਰ, ਆਰਗੇਨਾਈਜ਼ਰ ਅਤੇ ਸਮਰਥਕ ਵੀ ਇਸ ਬੰਦ ਲਈ ਮਿਨੀਸੋਟਾ ਆਏ, ਜਿਨ੍ਹਾਂ ਵਿਚ ਰੈਬਾਈਜ਼ ਫਾਰ ਸੀਜ਼ ਫਾਇਰ, ਜਿਹੜੇ ਧਾਰਮਕ ਲੋਕਾਂ ਵਿਚ ਸ਼ਾਮਲ ਹੋਏ ਅਤੇ ਸ਼ਿਕਾਗੋ ਦੀ ਟੀਚਰਜ਼ ਯੂਨੀਅਨ ਦੀ ਪ੍ਰੈਜ਼ੀਡੈਂਟ ਸਟੇਸੀ ਡੇਵਿਸ ਗੇਟਸ ਸ਼ਾਮਲ ਸਨ।

ਇਕ ਇੰਟਰਵਿਊ ਦੌਰਾਨ ਗੇਟਸ ਨੇ ਕਿਹਾ, ‘ਮੈਂ ਅੱਥਰੂ ਪੂੰਝ ਪੂੰਝ, ਲੋਕਾਂ ਨੂੰ ਗਲ ਲਾ ਲਾ, ਇਹ ਕਹਿ ਕਹਿ ਥੱਕ ਗਈ ਹਾਂ ਕਿ ਮੈਂ ਸੌਰੀ ਹਾਂ। ਅੱਜ ਅਸੀਂ ਉਨ੍ਹਾਂ ਲੋਕਾਂ ਨੂੰ ਵੇਖਿਆ ਜੋ ਇਹ ਕਰ ਕਰ ਥੱਕ ਗਏ ਹਨ। ਮੈਂ ਸੋਚਦੀ ਹਾਂ ਇਹ ਸ਼ਾਨਦਾਰ ਸੀ, ਅਤੇ ਹਰੇਕ ਨੂੰ ਇਹ ਕਰਨਾ ਪਵੇਗਾ — ਅਤੇ ਇੱਕੋ ਸਮੇਂ।’

ਗੇਟਸ ਨੇ ਅੱਗੇ ਕਿਹਾ, ‘ਹਰ ਵਾਰ ਜਦੋਂ ਇਸ ਦੇਸ਼ ਵਿਚ ਸਾਡੀ ਡੈਮੋਕਰੇਸੀ ਦੀ ਸਲਾਮਤੀ ਅਤੇ ਵਾਧੇ ਬਾਰੇ ਬਹਿਸ ਹੋਈ ਹੈ, ਵਰਕਰਾਂ ਨੇ ਉਹ ਬਹਿਸ ਸੈਟਲ ਕੀਤੀ ਹੈ, ਅਤੇ ਮੈਂ ਇਸ ਵਾਰ ਵੀ ਵਰਕਰਾਂ ਤੋਂ ਇਹੀ ਉਮੀਦ ਕਰ ਰਹੀ ਹਾਂ।’

# ਅਮਰੀਕਾ ਦਾ ਨਵਾਂ ਵਰਲਡ ਆਰਡਰ ਅਤੇ ਕੌਮਾਂਤਰੀ ਸੰਸਥਾਵਾਂ

## (ਟਰੰਪ ਦਾ ਸ਼ਾਂਤੀ ਬੋਰਡ)

ਅੱਜ ਦੁਨੀਆ ਭਰ ਵਿਚ ਟਰੰਪ ਵੱਲੋਂ ਸ਼ੁਰੂ ਕੀਤੇ ਵਪਾਰਕ ਟੈਰਿਫ ਯੁੱਧ ਦੀ ਗੱਲ ਕੀਤੀ ਜਾਂਦੀ ਹੈ। ਪਰ ਅਸਲ ਵਿਚ ਇਹ ਕੋਈ ਨਵੀ ਗੱਲ ਨਹੀਂ, ਕਿਉਂਕਿ ਤਾਕਤਵਰ ਅਮਰੀਕਾ ਅਕਸਰ ਆਪਣੇ ਰਾਜਨੀਤਕ ਅਤੇ ਆਰਥਿਕ ਫਾਇਦੇ ਲਈ ਨਾ ਸਿਰਫ਼ ਦੂਸਰੇ ਦੇਸ਼ਾਂ, ਸਗੋਂ ਕੌਮਾਂਤਰੀ ਸੰਸਥਾਵਾਂ ਨੂੰ ਵੀ ਦਬਾਉਂਦਾ ਆਇਆ ਹੈ। ਅਮਰੀਕਾ ਬਹੁਤ ਵਾਰ ਆਪਣੇ ਹਿੱਤ ਲਈ ਇਨ੍ਹਾਂ ਸੰਸਥਾਵਾਂ ਦੇ ਨਿਯਮਾਂ ਦੀ ਉਲੰਘਣਾ ਕਰ ਕੇ ਵੀ ਫ਼ੈਸਲੇ ਲੈਂਦਾ ਰਿਹਾ ਹੈ। ਬਦਲੇ ਹੋਏ ਹਾਲਾਤ ਵਿਚ ਹੁਣ ਕਈ ਦੇਸ਼ ਮਹਿਸੂਸ ਕਰਦੇ ਹਨ ਕਿ ਅਮਰੀਕਾ ਕੌਮਾਂਤਰੀ ਸਹਿਯੋਗ ਦੀ ਪਰਵਾਹ ਕੀਤੇ ਬਿਨਾਂ ਆਪਣੇ ਸੁਆਰਥ ਲਈ ਨਿਯਮ ਤਿਆਰ ਕਰਦਾ ਹੈ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਜੇਤੂ ਮੁਲਕਾਂ ਨੇ ਬਸਤੀਵਾਦ ਛੱਡ ਕੇ ਆਰਥਿਕ ਬਸਤੀਵਾਦ ਅਪਣਾਇਆ ਸੀ। ਤਾਕਤਵਰ ਦੇਸ਼ਾਂ ਨੇ ਕਮਜ਼ੋਰ ਅਤੇ ਗੁਲਾਮ ਰਹੇ ਦੇਸ਼ਾਂ ਦੀਆਂ ਹੱਦਾਂ ਸਰਹੱਦਾਂ ਆਪਣੀ ਸਹੂਲਤ ਅਤੇ ਭਵਿੱਖ ਦੀ ਰਣਨੀਤੀ ਨੂੰ ਧਿਆਨ ਵਿਚ ਰੱਖਦਿਆਂ ਘੜ ਲਈਆਂ। ਦੂਸਰਾ ਆਪੋ ਆਪਣੇ ਪ੍ਰਭਾਵ ਵਾਲੇ ਇਲਾਕਿਆਂ 'ਤੇ ਆਪਣਾ ਗਲਬਾ ਅਤੇ ਏਕਾਅਧਿਕਾਰ ਰੱਖਣ ਲਈ ਨੀਤੀਆਂ ਬਣਾ ਲਈਆਂ।



**ਹਰਜੀਤ ਸਿੰਘ ਗਿੱਲ**
ਫੋਨ: +1 647 542 0007 (ਕਨੇਡਾ)
+91 98889 45127 (ਭਾਰਤ)

ਵਿਸ਼ਵ ਵਪਾਰ ਸੰਸਥਾ (WTO), ਅੰਤਰਰਾਸ਼ਟਰੀ ਮੁਦਰਾ ਫੰਡ (IMF), ਵਿਸ਼ਵ ਸਿਹਤ ਸੰਸਥਾ (WHO) ਅਤੇ ਸੰਯੁਕਤ ਰਾਸ਼ਟਰ (UNO) ਵਰਗੀਆਂ ਸੰਸਥਾਵਾਂ ਦੀ ਸਿਰਜਣਾ ਅਸਲ ਵਿਚ ਵਿਸ਼ਵ ਅਮਨ, ਵਪਾਰਕ ਸਹਿਯੋਗ ਅਤੇ ਸਿਹਤ ਸੁਰੱਖਿਆ ਲਈ ਕੀਤੀ ਗਈ ਸੀ। ਵਿਸ਼ਵ ਪੱਧਰ 'ਤੇ ਅਜਿਹੀਆਂ ਸੰਸਥਾਵਾਂ ਦਾ ਗਠਨ ਕੀਤਾ ਜੋ ਵੇਖਣ ਨੂੰ ਨਿਰਪੱਖ ਅਤੇ ਲੋਕਤੰਤਰੀ ਪ੍ਰਭਾਵ ਦਿੰਦੀਆਂ ਸਨ ਪਰ ਹਿੱਤ ਉਹ ਅਮੀਰ ਅਤੇ ਸ਼ਕਤੀਸ਼ਾਲੀ ਮੁਲਕਾਂ ਦੇ ਹੀ ਪੂਰਦੀਆਂ ਸਨ। ਪਰ ਹਕੀਕਤ ਇਹ ਹੈ ਕਿ ਇਹ ਸੰਸਥਾਵਾਂ ਸ਼ੁਰੂ ਤੋਂ ਹੀ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਆਰਥਿਕ ਅਤੇ ਰਾਜਨੀਤਕ ਫਾਇਦੇ ਲਈ ਕੰਮ ਕਰਦੀਆਂ ਹਨ। ਇਹ ਅਦਾਰੇ ਬਹੁਧੁਰੀ ਸੰਸਾਰ ਵਿਚ ਅਮਰੀਕਾ ਦੀ ਅਗਵਾਈ ਸਥਿਰ ਰੱਖਣ ਲਈ ਨਿਯਮ ਬਣਾਉਂਦੇ ਰਹੇ ਹਨ। ਉਂਜ ਤਾਂ ਇਨ੍ਹਾਂ ਦੀ ਸਥਾਪਨਾ ਮੌਕੇ ਹੀ ਵੱਡੇ ਪੰਜ ਤਾਕਤਵਰ ਮੁਲਕਾਂ ਨੂੰ ਵੀਟੋ ਆਦਿ ਅਧਿਕਾਰ ਦੇ ਕੇ ਬਾਕੀ ਸੰਸਾਰ ਨੂੰ ਉਨ੍ਹਾਂ ਦੀ ਅਧੀਨਗੀ ਵਿਚ ਰਹਿਣ ਲਈ ਮਜਬੂਰ ਕੀਤਾ ਗਿਆ ਸੀ। 1945 ਵਿਚ ਆਪਣੀ ਸਿਰਜਣਾ ਸਮੇਂ, ਸੰਯੁਕਤ ਰਾਸ਼ਟਰ ਨੇ ਚੀਨ ਨੂੰ ਵੀ ਇੱਕ ਸਥਾਈ ਸੀਟ ਦਿੱਤੀ। ਉਸ ਸਮੇਂ, ਚੀਨ ਗਣਰਾਜ (ਰੀਪਬਲਿਕ ਆਫ਼ ਚਾਈਨਾ) ਜੋ ਸਿਰਫ ਤਾਈਵਾਨ ਦਾ ਸ਼ਾਸਨ ਚਲਾਉਂਦਾ ਸੀ, ਨੂੰ ਵੀ ਵੀਟੋ ਦਾ ਅਧਿਕਾਰ ਦਿੱਤਾ ਗਿਆ, ਕਿਉਂਕਿ ਇਹ ਜਾਪਾਨ ਉੱਤੇ ਜਿੱਤ ਵਿਚ ਮੁੱਖ ਸਹਿਯੋਗੀ ਸੀ। ਬਾਅਦ ਵਿਚ ਕਈ ਅਸਫਲ ਕੋਸ਼ਿਸ਼ਾਂ ਤੋਂ ਬਾਅਦ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 1971 ਵਿਚ ਪੀਪਲ ਰੀਪਬਲਿਕ ਆਫ਼ ਚਾਈਨਾ ਨੂੰ ਤਾਇਵਾਨ ਦੀ ਥਾਂ ਲੈਣ ਲਈ ਵੋਟ ਦਿੱਤੀ। ਚੀਨ ਨੂੰ ਉਸੇ ਸਾਲ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਸੀਟ ਅਤੇ ਵੀਟੋ ਪਾਵਰ ਵਿਰਾਸਤ ਵਿਚ ਮਿਲੀ। ਪਰ ਬੇਵਸੀ ਦੇ ਆਲਮ ਵਿਚ ਅਤੇ ਰਾਜਨੀਤਕ ਹਾਲਾਤ ਦੇ ਸਨਮੁੱਖ ਬਾਕੀ ਦੇਸ਼ਾਂ ਨੂੰ ਵੀ ਸੰਯੁਕਤ ਰਾਸ਼ਟਰ ਵਰਗੀਆਂ ਸੰਸਥਾਵਾਂ ਨੂੰ ਆਪਣੀ ਹੋਣੀ ਵਜੋਂ ਸਵੀਕਾਰ ਕਰਨਾ ਪਿਆ। ਸੀਤ ਯੁਧ ਤੋਂ ਬਾਅਦ ਵਾਲਾ ਯੂਐਸ-ਲੀਡ ਯੂਨੀਪੋਲਰ ਆਰਡਰ ਹੁਣ ਮਲਟੀਪੋਲਰ ਬਣਦਾ ਜਾ ਰਿਹਾ ਸੀ।

ਅਮਰੀਕਾ ਦੀ ਤਾਕਤ ਵਧਣ ਨਾਲ ਅੱਜ ਤੀਕ ਅਮਰੀਕੀ ਡਾਲਰ ਦੀ ਦੁਨੀਆ ਭਰ ਦੇ ਵਪਾਰ ਅਤੇ ਫਾਇਨੈਂਸ ਵਿਚ ਸਰਦਾਰੀ ਰਹੀ ਹੈ, ਕਿਉਂਕਿ ਇਹ ਹੀ ਵਿਸ਼ਵ ਭਰ ਦੇ ਵਪਾਰ ਲਈ ਮੁੱਖ ਰਿਜ਼ਰਵ ਕਰੰਸੀ ਰਹੀ ਹੈ। ਜ਼ਿਆਦਾਤਰ ਵਸਤੂਆਂ, ਜਿਵੇਂ ਤੇਲ ਅਤੇ ਸੋਨਾ ਆਦਿ ਦਾ ਵਪਾਰ ਅਤੇ ਇਨ੍ਹਾਂ ਦੀ ਕੀਮਤ, ਡਾਲਰ ਵਿਚ ਹੀ ਨਿਰਧਾਰਤ ਹੁੰਦੀ ਰਹੀ ਹੈ ਜਿਸ ਨੂੰ ਪੈਟਰੋ ਡਾਲਰ ਸਿਸਟਮ ਕਿਹਾ ਜਾਂਦਾ ਹੈ। ਇਸ ਨਾਲ ਅਮਰੀਕਾ ਨੂੰ ਵੱਡਾ ਵਪਾਰਕ ਲਾਭ ਮਿਲਦਾ ਹੈ ਅਤੇ ਉਹ ਸਸਤੀਆਂ ਦਰਾਂ 'ਤੇ ਕਰਜ਼ਾ ਲੈਂਦਾ ਹੈ ਅਤੇ ਦੂਸਰੇ ਮੁਲਕਾਂ ਦੇ ਅੰਤਰਰਾਸ਼ਟਰੀ ਵਪਾਰ ਉੱਤੇ ਪਾਬੰਦੀਆਂ ਲਾ ਕੇ ਆਪਣਾ ਸਿੱਕਾ ਚਲਾਉਂਦਾ ਹੈ। ਵਿਸ਼ਵ ਮੰਡੀ ਵਿਚ ਡਾਲਰ ਪਾਵਰ ਨਾਲ ਹੀ ਆਪਣਾ ਸਥਾਈ ਪ੍ਰਭਾਵ ਪਾਉਂਦਾ ਰਿਹਾ ਹੈ। ਅਜੋਕੇ ਸੰਦਰਭ ਵਿਚ ਅਮਰੀਕਨ ਪਾਬੰਦੀਆਂ ਨੂੰ ਬਾਈਪਾਸ ਕਰਕੇ ਇਨ੍ਹਾਂ ਤੋਂ ਛੁਟਕਾਰਾ ਹਾਸਲ ਕਰਨ ਲਈ ਚੀਨ, ਰੂਸ, ਇਰਾਨ ਅਤੇ ਕੁਝ ਮੱਧ ਪੂਰਬ ਦੇ ਦੇਸ਼, ਡਾਲਰ ਤੋਂ ਬਿਨਾਂ ਵਪਾਰ ਕਰਨ ਦੇ ਤਰੀਕੇ ਲੱਭ ਰਹੇ ਹਨ। ਚੀਨ ਦੇ ਉਤਪਾਦ ਵਿਸ਼ਵ ਮੰਡੀ ਵਿਚ ਆਪਣੀ ਪਕੜ ਬਣਾ ਚੁੱਕੇ ਹਨ। ਇਸ ਕਰਕੇ ਚੀਨ ਆਪਣੀ ਕਰੰਸੀ ਯੂਆਨ ਨੂੰ ਗਲੋਬਲ ਵਪਾਰ ਵਿਚ ਅੱਗੇ ਵਧਾ ਰਿਹਾ ਹੈ। ਚੀਨ ਹੁਣ ਦੁਨੀਆ ਦੀ ਵੱਡੀ ਆਰਥਿਕ ਤਾਕਤ ਅਤੇ ਤਕਨਾਲੋਜੀ ਖੇਤਰ





ਵਿਚ ਅਮਰੀਕਾ ਅਤੇ ਯੂਰਪ ਦੇ ਬਾਕੀ ਦੇਸ਼ਾਂ ਨਾਲ ਮੁਕਾਬਲੇ ਦੀ ਸਥਿਤੀ ਵਿਚ ਹੈ। ਉਸ ਦਾ ਬੈਲਟ ਐਂਡ ਰੋਡ ਇਨੀਸ਼ੀਏਟਿਵ ਮਿਡਲ ਈਸਟ ਅਤੇ ਹੋਰ ਮੁਲਕਾਂ ਨਾਲ ਵਪਾਰ ਦੇ ਨਵੇਂ ਰਾਹ ਖੋਲ੍ਹ ਰਿਹਾ ਹੈ। ਰੂਸ ਵੀ ਪੁਤਿਨ ਦੀ ਅਗਵਾਈ ਵਿਚ ਖੇਤਰੀ ਸੈਨਿਕ ਤਾਕਤ ਅਤੇ ਊਰਜਾ 'ਤੇ ਅਧਾਰਿਤ ਵੱਡਾ ਪ੍ਰਭਾਵਸ਼ਾਲੀ ਮੁਲਕ ਹੈ। ਭਾਰਤ ਵਰਗੇ ਮੁਲਕ ਵੀ ਤੇਜ਼ੀ ਨਾਲ ਆਰਥਿਕ ਵਿਕਾਸ ਦੇ ਰਾਹ 'ਤੇ ਹਨ। ਯੂਰਪ ਵੀ ਰਣਨੀਤਕ ਸੰਤੁਲਨ ਅਤੇ ਵਪਾਰਕ ਮਾਮਲਿਆਂ ਵਿਚ ਖੇਤਰੀ ਪ੍ਰਭਾਵ ਰੱਖਦਾ ਹੈ। ਨਵੇਂ ਉਭਰਦੇ ਫਾਇਨੈਂਸ਼ੀਅਲ ਸਿਸਟਮ ਜਿਵੇਂ ਬਰਿਕਸ (BRICS) ਵੱਲੋਂ ਸਥਾਨਕ ਕਰੰਸੀ ਵਿਚ ਸੌਦਿਆਂ ਨਾਲ ਡਾਲਰ ਦੀ ਅਧਿਕਾਰਤਾ ਹੌਲੀ-ਹੌਲੀ ਘਟ ਸਕਦੀ ਹੈ। ਵਿਸ਼ਵ ਪੱਧਰ ਦੀ ਤਾਕਤ ਫੌਜੀ ਸ਼ਕਤੀ, ਆਰਥਿਕ ਤਾਕਤ ਅਤੇ ਤਕਨਾਲੋਜੀ ਦੇ ਨਾਲ ਹੀ ਨਿਰਧਾਰਿਤ ਹੁੰਦੀ ਹੈ। ਚੀਨ, ਰੂਸ ਅਤੇ ਆਰਥਿਕ ਤੌਰ 'ਤੇ ਕੁਝ ਉਭਰਦੇ ਦੇਸ਼ ਆਪਣੇ ਖੇਤਰੀ ਗੱਠਜੋੜ ਬਣਾਉਣ ਵੱਲ ਯਤਨਸ਼ੀਲ ਹਨ। ਇਹ ਦੇਸ਼ ਹੁਣ ਡਾਲਰ ਦੇ ਦਬਦਬੇ ਨੂੰ ਆਪਣੇ ਨਵੇਂ ਵਪਾਰਕ ਭਾਈਵਾਲਾਂ ਨਾਲ ਸਮਝੌਤਿਆਂ ਰਾਹੀਂ ਹੌਲੀ-ਹੌਲੀ ਘਟਾ ਰਹੇ ਹਨ। ਵਿਸ਼ਵ ਪੱਧਰ 'ਤੇ ਤਾਕਤ ਦੇ ਬਦਲਦੇ ਰੂਪ ਤੋਂ ਅਮਰੀਕਨ ਪੂੰਜੀਵਾਦੀ ਵਿਵਸਥਾ ਵਿਚ ਘਬਰਾਹਟ ਪਾਈ ਜਾ ਰਹੀ ਹੈ। ਬਹੁਧਰੁਵੀ ਸੰਸਾਰ ਵਿਚ ਖੇਤਰੀ ਕਰੰਸੀ ਮਜ਼ਬੂਤ ਹੋਣ ਦੇ ਨਾਲ ਅਮਰੀਕਾ ਦਾ ਆਪਣਾ ਅਤੇ ਅਮਰੀਕਨ ਡਾਲਰ ਦਾ ਪ੍ਰਭਾਵ ਹੌਲੀ-ਹੌਲੀ ਘਟਦਾ ਜਾ ਰਿਹਾ ਹੈ।

ਟਰੰਪ ਦੇ ਅਤਿਅੰਤ ਸੱਜੇ ਪੱਖੀ ਨਜ਼ਰੀਏ ਦੀ ਆਮਦ ਨਾਲ ਅਮਰੀਕਾ ਨੂੰ ਇੱਕ ਵੇਰ ਫੇਰ ਮਹਾਨ ਬਣਾਉਣ ਦੇ ਨਾਹਰੇ ਹੇਠ ਹੁਣ ਅਮਰੀਕਾ ਦਾ ਨਵਾਂ ਵਰਲਡ ਆਰਡਰ ਕੌਮਾਂਤਰੀ ਸੰਸਥਾਵਾਂ ਦੀ ਪ੍ਰਵਾਹ ਹੀ ਨਹੀਂ ਕਰਦਾ। ਅਮਰੀਕਾ ਆਪਣੇ ਰਾਜਨੀਤਕ ਅਤੇ ਆਰਥਿਕ ਫਾਇਦੇ ਲਈ ਕੌਮਾਂਤਰੀ ਸੰਸਥਾਵਾਂ ਨੂੰ ਦਬਾਉਂਦਾ ਹੈ। ਭਾਵੇਂ ਪਹਿਲਾਂ ਬਣੀ ਹੋਈ ਵਿਵਸਥਾ ਵਿਚ ਵੀ ਸੰਯੁਕਤ ਰਾਸ਼ਟਰ, ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਫੰਡ ਵਰਗੀਆਂ ਸੰਸਥਾਵਾਂ ਅਮਰੀਕਾ ਦੀ ਨੀਤੀ ਦੇ ਦਬਦਬੇ ਹੇਠ ਹੀ ਕੰਮ ਕਰਦੀਆਂ ਹਨ। ਅਮਰੀਕਾ ਬਹੁਤ ਵਾਰ ਆਪਣੇ ਹਿਤ ਲਈ ਇਨ੍ਹਾਂ ਸੰਸਥਾਵਾਂ ਦੇ ਨਿਯਮਾਂ ਦੀ ਉਲੰਘਣਾ ਕਰ ਕੇ ਵੀ ਫ਼ੈਸਲੇ ਲੈਂਦਾ ਹੈ। ਕਈ ਦੇਸ਼ ਮਹਿਸੂਸ ਕਰਦੇ ਹਨ ਕਿ ਅਮਰੀਕਾ ਕੌਮਾਂਤਰੀ ਸਹਿਯੋਗ ਦੀ ਪਰਵਾਹ ਬਿਨਾਂ ਆਪਣੇ ਲਾਭ ਲਈ ਇਨ੍ਹਾਂ ਸੰਸਥਾਵਾਂ ਦੇ ਨਿਯਮ ਤਿਆਰ ਕਰਦਾ ਹੈ। ਅਮਰੀਕਾ ਦੀ ਮਨਮਾਨੀ ਦੇ ਨਤੀਜੇ ਵਜੋਂ ਬਹੁਤ ਸਾਰੇ ਦੇਸ਼ਾਂ ਦਾ ਬਹੁਧਰੁਵੀ ਸੰਸਾਰ ਵੱਲ ਧਿਆਨ ਜਾ ਰਿਹਾ ਹੈ। ਤਾਕਤਵਰ ਮੁਲਕਾਂ ਦੇ ਸੰਯੁਕਤ ਰਾਸ਼ਟਰ ਦੀ ਪ੍ਰਵਾਹ ਨਾ ਕਰਨ ਕਰਕੇ ਇਸ ਦੀ ਸ਼ਕਤੀ ਨੂੰ ਖੋਰਾ ਅਤੇ ਵਿਸ਼ਵ ਭਰ ਵਿਚ ਇਸ 'ਤੇ ਭਰੋਸਾ ਹੌਲੀ-ਹੌਲੀ ਘਟਦਾ ਜਾ ਰਿਹਾ ਹੈ। ਇਹ ਸਿਰਫ ਮਤੇ ਪਾਉਣ ਜੋਗੀ ਬਿਨਾ ਅਧਿਕਾਰਾਂ ਦੇ ਕਾਗਜ਼ੀ ਸੰਸਥਾ ਬਣ ਚੁੱਕੀ ਹੈ। ਹਾਲਾਤ ਦੇ ਮੱਦੇਨਜ਼ਰ ਅਮਰੀਕਾ ਆਪਣੀ ਅਗਵਾਈ ਵਾਲੇ ਨਵੇਂ ਵਰਲਡ ਆਰਡਰ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ। ਜਿਸ ਦਾ ਮਕਸਦ ਸੰਸਾਰ ਦੇ ਮਹੱਤਵਪੂਰਨ ਦੇਸ਼ਾਂ ਨੂੰ ਅਮਰੀਕਾ ਦੇ ਰਾਜਨੀਤਕ ਅਤੇ ਆਰਥਿਕ ਦਬਾਅ ਤਹਿਤ ਲਿਆਉਣਾ ਹੈ। ਸੰਯੁਕਤ ਰਾਸ਼ਟਰ ਦੇ ਮੂਲ ਨਿਯਮ ਅਤੇ ਅਮਨ ਸਥਾਪਨਾ ਤੋਂ ਪਿਛੇ ਹਟ ਕੇ, ਅਮਰੀਕਾ ਦੀ ਨਵੀਂ ਪਹਿਲ ਵਿਸ਼ਵ ਅਮਨ ਬੋਰਡ ਬਣਾਉਣ ਦੀ ਹੈ। ਜੇਕਰ ਅਮਰੀਕਾ ਦਾ ਇਹ ਮਨਸੂਬਾ ਸਫਲ ਹੋ ਜਾਂਦਾ ਹੈ ਤਾਂ ਵਿਸ਼ਵ ਸਾਂਝੇਦਾਰੀ ਦੇ ਭਰੋਸੇ ਨੂੰ ਵੱਡੀ ਸੱਟ ਵੱਜੇਗੀ।

1945 ਵਿਚ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੁਨੀਆ ਦੋ ਖੇਮਿਆਂ ਵਿਚ ਵੰਡੀ ਗਈ ਸੀ। ਇੱਕ ਪਾਸੇ ਪੂੰਜੀਵਾਦੀ ਵਿਚਾਰਧਾਰਾ ਵਾਲੇ ਖੇਮੇ ਦੇ ਦੇਸ਼, ਅਮਰੀਕਾ ਅਤੇ ਪੱਛਮੀ ਯੂਰਪ ਅਤੇ ਦੂਸਰੇ ਪਾਸੇ ਕਮਿਊਨਿਜ਼ਮ ਅਤੇ ਸਮਾਜਵਾਦੀ ਸੋਚ ਵਾਲਾ ਸੋਵੀਅਤ ਯੂਨੀਅਨ ਦਾ ਬਲਾਕ ਸੀ। ਯੂਰਪ ਜਿਸ ਦਾ ਖਿੱਤਾ ਸੋਵੀਅਤ ਯੂਨੀਅਨ ਨਾਲ ਲੱਗਦਾ ਸੀ ਇਸ ਗੱਲ ਤੋਂ ਡਰਿਆ ਹੋਇਆ ਸੀ, ਕਿ ਹਿਟਲਰ ਤੋਂ ਬਾਅਦ ਕਿਤੇ ਸਟਾਲਿਨ ਨਾ ਆ ਜਾਵੇ। ਇਸ ਲਈ 1949 ਵਿਚ ਅਮਰੀਕਾ, ਕੈਨੇਡਾ, ਬ੍ਰਿਟੇਨ, ਫਰਾਂਸ, ਇਟਲੀ ਅਤੇ ਹੋਰ ਪੱਛਮੀ ਯੂਰਪੀ ਦੇਸ਼ਾਂ ਨੇ ਸੋਵੀਅਤ ਯੂਨੀਅਨ ਨੂੰ ਰੋਕਣ ਲਈ ਇੱਕ ਸੈਨਿਕ ਗਠਜੋੜ ਨਾਟੋ (North Atlantic Treaty Organization) ਦੇ ਨਾਂ ਹੇਠ ਗਠਿਤ ਕੀਤਾ। ਇਸ ਦੇ ਆਰਟੀਕਲ 5 ਦੇ ਅਨੁਸਾਰ ਮੂਲ ਨਿਯਮ ਇਹ ਬਣਾਇਆ ਗਿਆ ਕਿ ਜੇਕਰ ਇੱਕ ਵੀ ਮੈਂਬਰ ਦੇਸ਼ 'ਤੇ ਹਮਲਾ ਹੁੰਦਾ ਹੈ ਤਾਂ ਸਾਰੇ ਮੈਂਬਰਾਂ 'ਤੇ ਹਮਲਾ ਸਮਝਿਆ ਜਾਵੇਗਾ। 1949 ਤੋਂ 1991 ਤੱਕ ਦੇ ਸਮੇਂ ਨੂੰ ਠੰਡੀ ਜੰਗ ਜਾਂ ਸ਼ੀਤ ਯੁੱਧ ਦਾ ਪੀਰੀਅਡ ਕਿਹਾ ਜਾਂਦਾ ਹੈ। ਜਿਸ ਵਿਚ ਕੋਈ ਵੀ ਸਿੱਧੀ ਜੰਗ ਨਹੀਂ ਹੋਈ। ਪਰ ਹਥਿਆਰਾਂ ਦੀ ਦੌੜ ਅਤੇ ਪਰਾਕਸੀ ਯੁੱਧ ਦਾ ਦੌਰ ਆਰੰਭ ਹੋ ਗਿਆ ਸੀ, ਕੋਰੀਆ ਅਤੇ ਵਿਅਤਨਾਮ ਇਸ ਦੀਆਂ ਮਿਸਾਲਾਂ ਹਨ। ਨਾਟੋ ਦੇ ਮਜ਼ਬੂਤ ਅਤੇ ਸ਼ਕਤੀਸ਼ਾਲੀ ਗਠਜੋੜ ਦੇ ਸਾਹਮਣੇ ਟਿਕੇ ਰਹਿਣ ਲਈ ਸੋਵੀਅਤ ਯੂਨੀਅਨ ਨੂੰ ਭਾਰੀ ਕੀਮਤ ਅਦਾ ਕਰਨੀ ਪਈ। ਬਹੁਤ ਭਾਰੀ ਫੌਜੀ ਖਰਚ ਅਤੇ ਧਨ ਪ੍ਰਮਾਣੂ ਪ੍ਰੋਗਰਾਮ ਉਤੇ ਸਮਾਨਤਾ ਬਣਾਈ ਰੱਖਣ ਲਈ ਕਰਨਾ ਪਿਆ। ਜਿਸ ਨਾਲ ਸੋਵੀਅਤ ਯੂਨੀਅਨ ਦੀ ਆਰਥਿਕਤਾ ਨੂੰ ਭਾਰੀ ਢਾਹ ਲੱਗੀ ਅਤੇ ਸਮਾਜਵਾਦੀ ਸਿਧਾਂਤ ਦੇ ਲੋਕ ਭਲਾਈ ਅਤੇ ਬਰਾਬਰਤਾ ਦੇ ਨਿਯਮ ਧਰੇ-ਧਰਾਏ ਰਹਿ ਗਏ। ਨਾਟੋ ਦੀ ਭੂਮਿਕਾ ਨੇ ਸੋਵੀਅਤ ਸੰਘ ਨੂੰ ਅਫ਼ਗਾਨ ਜੰਗ ਅਤੇ ਵੀਅਤਨਾਮ ਦੇ ਪਰੋਕਸੀ ਯੁੱਧ ਵਿਚ ਫਸਾਇਆ। ਜਿਸ ਨਾਲ ਉਸ ਦੀ ਆਰਥਿਕਤਾ ਅਤੇ ਮਨੋਬਲ ਦੋਵੇਂ ਹੀ ਟੁੱਟ ਗਏ। ਇਹ ਠੰਡਾ ਯੁੱਧ ਦਰਅਸਲ ਵਿਚਾਰਧਾਰਾ ਦੀ ਲੜਾਈ ਦੇ ਨਾਲ ਨਾਲ ਅਰਥਵਿਵਸਥਾ, ਤਕਨਾਲੋਜੀ ਦੇ ਪ੍ਰਭਾਵ (influence) ਨੂੰ ਵਧਾਉਣ ਦਾ ਪ੍ਰੋਕਸੀ ਯੁੱਧ ਵੀ ਸੀ। ਕੋਲਡ ਵਾਰ ਦੀ ਜਿੱਤ ਨੂੰ ਪੱਛਮ ਕਹਿੰਦਾ ਹੈ ਕਿ ਇਸ ਨਾਲ ਕਮਿਊਨਿਜ਼ਮ ਦੀ ਹਾਰ ਹੋਈ ਹੈ, ਸੋਵੀਅਤ ਸੰਘ ਟੁੱਟ ਗਿਆ ਪਰ ਨਾਟੋ ਬਚੀ ਰਹੀ। ਪਰ ਦੂਸਰਾ ਪੱਖ ਇਹ ਵੀ ਹੈ ਕਿ ਮਾਰਕਸ ਦੀ ਵਿਚਾਰਧਾਰਾ ਅਜੇ ਵੀ ਵੱਖਰੇ ਰੂਪ ਵਿਚ ਜਿੰਦਾ ਹੈ ਅਤੇ ਅਤੇ ਪੂਰੀ ਤਰ੍ਹਾਂ ਖਤਮ ਹੋ ਗਈ ਕਹਿਣਾ ਗਲਤ ਹੋਵੇਗਾ। ਚੀਨ ਨੇ ਕਮਿਊਨਿਜ਼ਮ ਵਿਚ ਪੂੰਜੀਵਾਦ ਨੂੰ ਮਿਲਾ ਕੇ ਇੱਕ ਨਵਾਂ ਮਾਡਲ ਸਿਰਜਿਆ ਹਰ ਖੇਤਰ ਵਿਚ ਅੱਗੇ ਵਧਿਆ ਅਤੇ ਅੱਜ ਪੱਛਮੀ ਮੁਲਕਾਂ ਦੀ ਬਰਾਬਰੀ 'ਤੇ ਖੜ੍ਹਾ ਪੂੰਜੀਵਾਦ ਦੇ ਰੂੜ੍ਹੀਵਾਦੀ ਸਿਧਾਂਤ ਨੂੰ ਵੰਗਾਰ ਰਿਹਾ ਹੈ। ਸ਼ੀਤ ਯੁੱਧ ਦਾ ਸਭ ਤੋਂ ਵੱਡਾ ਮਕਸਦ ਹੀ ਪੂੰਜੀਵਾਦ ਬਨਾਮ ਕਮਿਊਨਿਜ਼ਮ ਦਾ ਵਿਰੋਧਾਭਾਸ ਸੀ। ਜਿਸ ਵਿਚ ਅੰਸ਼ਕ ਜਿਹੀ ਜਿੱਤ ਪੂੰਜੀਵਾਦ ਦੀ ਦਿਸਦੀ ਜ਼ਰੂਰ ਹੈ, ਪਰ ਇਹ ਮੁਕੰਮਲ ਜਿੱਤ ਨਹੀਂ। ਠੰਡੇ ਯੁੱਧ ਦਾ ਇੱਕ ਹੋਰ ਮਕਸਦ ਸੰਸਾਰ ਨੂੰ ਪ੍ਰਮਾਣੂ ਜੰਗ ਤੋਂ ਬਚਾਉਣਾ ਵੀ ਸੀ ਜੋ ਫਿਲਹਾਲ ਬਚਿਆ ਹੋਇਆ ਹੈ। ਪਰ ਜਿਸ ਤਰ੍ਹਾਂ ਇਸੇ ਪੀਰੀਅਡ ਦੌਰਾਨ ਬਹੁਤ ਸਾਰੇ ਗੈਰ ਭਰੋਸੇਮੰਦ ਅਤੇ ਕੱਟੜ ਧਾਰਮਿਕ ਸੋਚ ਵਾਲੇ ਮੁਲਕ ਪਰਮਾਣੂ ਸ਼ਕਤੀ ਪ੍ਰਾਪਤ ਕਰ ਚੁੱਕੇ ਹਨ। ਇਸ ਗੱਲ ਦੀ ਗਰੰਟੀ ਲੈਣ ਵਾਲਾ ਕੋਈ ਵੀ ਨਹੀਂ ਬਚਿਆ ਜੋ ਭਵਿੱਖ ਦੇ ਪਰਮਾਣੂ ਯੁੱਧ ਦੇ ਖਤਰੇ ਨੂੰ ਰੋਕ ਸਕੇ। ਦੁਨੀਆ ਦੇ ਯੁੱਧਾਂ 'ਤੇ ਨਜ਼ਰ ਰੱਖਣ ਵਾਲੇ ਮਾਹਿਰ ਟਿੱਪਣੀਕਾਰ ਕਹਿੰਦੇ ਹਨ ਕੋਲਡ ਵਾਰ ਖਤਮ ਨਹੀਂ ਹੋਈ, ਉਹ ਸਿਰਫ਼ ਰੂਪ ਬਦਲ ਗਈ ਹੈ। ਨਾਟੋ ਅੱਜ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਕਠਿਨ ਅੰਦਰੂਨੀ ਸੰਕਟ ਵਿਚ ਹੈ ਅਤੇ ਟੁੱਟਣ ਦੇ ਕਗਾਰ 'ਤੇ ਖੜ੍ਹੀ ਨਜ਼ਰ ਆਉਂਦੀ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਕਹਿਣਾ ਹੈ ਕਿ ਯੂਰਪ ਦੀ ਜੰਗ ਅਮਰੀਕਾ ਦੀ ਜੰਗ ਨਹੀਂ, ਅਸੀਂ ਇਸ ਦਾ ਬੋਝ ਕਿਉਂ ਚੁੱਕੀਏ? ਜੇਕਰ ਅਮਰੀਕਾ ਨਾਟੋ ਤੋਂ ਬਾਹਰ ਹੁੰਦਾ ਹੈ ਤਾਂ ਨਾਟੋ ਆਪਣੇ ਹੀ ਭਾਰ ਨਾਲ ਪੰਜ ਸੱਤ ਸਾਲਾਂ 'ਚ ਖਤਮ ਹੋ ਜਾਵੇਗੀ। ਨਾਟੋ ਦੇ ਸਨਮੁਖ ਗਰੀਨਲੈਂਡ ਦਾ ਮਸਲਾ ਮੂੰਹ ਅੱਡੀ ਖੜ੍ਹਾ ਹੈ। ਜੇਕਰ ਟਰੰਪ ਨੇ ਗਰੀਨਲੈਂਡ ਹਾਸਲ ਕਰਨ ਦੀ ਜ਼ਿਦ ਨਾ ਛੱਡੀ ਅਤੇ ਸਿੱਧਾ ਫੌਜੀ ਦਖਲ ਦਿੱਤਾ, ਤਾਂ ਨਾਟੋ ਇੱਕ ਰਾਤ 'ਚ ਹੀ ਮਰ ਜਾਵੇਗੀ। ਅਜੋਕੇ ਹਾਲਾਤ ਨੂੰ ਵੇਖਦੇ ਹੋਏ ਯੂਰਪੀ ਮੁਲਕ ਆਪਣੀ ਫੌਜੀ ਸਮਰੱਥਾ ਵਧਾਉਣ ਵੱਲ ਵਧ ਰਹੇ ਹਨ। ਜੇਕਰ ਯੂਰਪੀਅਨ ਯੂਨੀਅਨ ਦੇ ਮੁਲਕ ਫਰਾਂਸ, ਜਰਮਨੀ ਅਤੇ ਕੁਝ ਹੋਰ ਸਮਰੱਥ ਮੁਲਕ ਯੂਨਾਈਟਿਡ ਕਿੰਗਡਮ ਨਾਲ ਮਿਲ ਕੇ ਇੱਕ ਤਾਕਤਵਰ ਫੌਜ ਸਥਾਪਤ ਕਰਦੇ ਹਨ ਤਾਂ ਫਿਰ ਇਸ ਖੇਡ ਵਿਚ ਅਮਰੀਕਾ ਅਪ੍ਰਸੰਗਿਕ ਹੋ ਕੇ ਰਹਿ ਸਕਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਾਜ਼ਾ ਵਿਚ ਸ਼ਾਂਤੀ ਸਥਾਪਤ ਕਰਨ ਲਈ ਬੋਰਡ ਆਫ਼ ਪੀਸ ਨਾਮਕ ਇੱਕ ਨਵੀਂ ਸੰਸਥਾ ਬਣਾਉਣ ਦਾ ਐਲਾਨ ਕੀਤਾ। ਟਰੰਪ ਨੇ 75 ਦੇ ਕਰੀਬ ਦੇਸ਼ਾਂ ਨੂੰ ਇਸ ਵਿਚ ਸ਼ਾਮਲ ਹੋਣ ਦਾ ਨਿਉਤਾ ਦਿੱਤਾ ਹੋਇਆ ਹੈ। ਹੁਣ ਤੱਕ ਅਜ਼ਰਬਾਈਜਾਨ, ਬੈਲਜੀਅਮ, ਬੁਲਗਾਰੀਆ, ਮਿਸਰ, ਹੰਗਰੀ, ਇੰਡੋਨੇਸ਼ੀਆ, ਮੰਗੋਲੀਆ, ਅਰਜਨਟੀਨਾ, ਅਰਮੀਨੀਆ, ਬੁਲਗਾਰੀਆ, ਹੰਗਰੀ, ਮੋਰੋਕੋ, ਬਹਿਰੀਨ, ਇੰਡੋਨੇਸ਼ੀਆ, ਕਜ਼ਾਕਿਸਤਾਨ, ਜਾਰਡਨ, ਕੋਸੋਵੋ, ਪਾਕਿਸਤਾਨ, ਕਤਰ, ਸਾਊਦੀ ਅਰਬ, ਤੁਰਕੀ, ਸੰਯੁਕਤ ਅਰਬ ਅਮੀਰਾਤ, ਮੰਗੋਲੀਆ, ਉਜ਼ਬੇਕਿਸਤਾਨ ਅਤੇ ਪੈਰਾਗੁਏ ਵਰਗੇ ਮੁਲਕਾਂ ਨੇ ਮਜਬੂਰੀ ਤਹਿਤ ਹੁਣ ਤੀਕ ਇਸ ਵਿਚ ਸ਼ਾਮਲ ਹੋਣ ਦੀ ਹਾਮੀ ਭਰੀ ਹੈ। ਇਨ੍ਹਾਂ ਮੁਲਕਾਂ ਵਿਚ ਵਧੇਰੇ ਕਰਕੇ ਜਾਂ ਤਾਂ ਸ਼ੇਖ ਹਕੂਮਤ ਕਰਦੇ ਹਨ ਅਤੇ ਕੁਝ ਦੇਸ਼ ਵਿਚ ਡਿਕਟੇਟਰ ਅਤੇ ਕਿੰਗਡਮ ਦੇ ਅਧੀਨ ਹਨ ਪਰਜਾ ਦੀ ਮਰਜ਼ੀ ਇਸ ਵਿਚ ਸ਼ਾਮਲ ਨਹੀਂ ਹੈ। ਡੋਨਾਲਡ ਟਰੰਪ ਦੇ ਇਸ ਸ਼ਾਂਤੀ ਬੋਰਡ ਦਾ ਕੋਈ ਵੀ ਇਰਾਦੇ ਦਾ ਚਾਰਟਰ (Charter of intent) ਸਾਹਮਣੇ ਨਹੀਂ ਆਇਆ। ਇੱਕ ਅਮਰੀਕੀ ਅਧਿਕਾਰੀ ਦੇ ਅਨੁਸਾਰ, ਬੋਰਡ ਆਫ਼ ਪੀਸ ਦੇ ਚੇਅਰਮੈਨ ਖੁਦ ਰਾਸ਼ਟਰਪਤੀ ਟਰੰਪ ਹੀ ਹੋਣਗੇ, ਜੋ ਇਸ ਅਹੁਦੇ 'ਤੇ ਉਦੋਂ ਤੱਕ ਰਹਿ ਸਕਦੇ ਹਨ ਜਦੋਂ ਤੱਕ ਉਹ ਆਪਣੀ ਮਰਜ਼ੀ ਨਾਲ ਇਸ ਤੋਂ ਅਸਤੀਫਾ ਨਹੀਂ ਦਿੰਦੇ ਭਾਵੇਂ ਉਹ ਅਮਰੀਕਾ ਦੇ ਰਾਸ਼ਟਰਪਤੀ ਹੋਣ ਜਾਂ ਨਾ। ਵ੍ਹਾਈਟ ਹਾਊਸ ਦੇ ਅਨੁਸਾਰ, ਸ਼ਾਂਤੀ ਬੋਰਡ ਨੇ ਇੱਕ ਕਾਰਜਕਾਰੀ ਬੋਰਡ ਨਿਯੁਕਤ ਕੀਤਾ ਹੈ। ਜਿਸ ਵਿਚ ਵਿਦੇਸ਼ ਸਕੱਤਰ ਮਾਰਕੋ ਰੂਬੀਓ, ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ, ਰਾਸ਼ਟਰਪਤੀ ਟਰੰਪ ਦੇ ਜਵਾਈ ਜੈਰੇਡ ਕੁਸ਼ਨਰ, ਯੂ.ਕੇ. ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਅਰਬਪਤੀ ਮਾਰਕ ਰੋਵਨ, ਵਿਸ਼ਵ ਬੈਂਕ ਦੇ ਮੁਖੀ ਅਜੈ ਬੰਗਾ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਰੌਬਰਟ ਗੈਬਰੀਅਲ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਨੇ ਵੀਰਵਾਰ ਨੂੰ ਦਾਵੋਸ ਵਿਚ ਇਸਦਾ ਰਸਮੀ ਉਦਘਾਟਨ ਕੀਤਾ। ਹਾਸੋਹੀਣੀ ਗੱਲ ਇਹ ਹੈ ਕਿ ਟਰੰਪ ਨੇ ਵਰਲਡ ਇਕਨਾਮਿਕ ਫਾਰਮ ਦੇ ਪਲੇਟਫਾਰਮ ਨੂੰ ਇਸ ਦੇ ਉਦਘਾਟਨ ਲਈ ਵਰਤਿਆ ਅਤੇ ਟਰੰਪ ਦੇ ਆਲੇ-ਦੁਆਲੇ ਪਾਕਿਸਤਾਨ ਦੇ ਸ਼ਹਿਬਾਜ਼ ਸ਼ਰੀਫ਼ ਵਰਗੇ ਉਹ ਆਗੂ ਬੈਠੇ ਸਨ ਜਿਨ੍ਹਾਂ ਦੀ ਗਿਣਤੀ ਨਾ ਤਿੰਨਾਂ ਵਿਚ ਨਾ ਤੇਰਾਂ ਵਿਚ ਹੁੰਦੀ ਹੈ। ਬੋਰਡ ਆਫ਼ ਪੀਸ ਲਈ ਵਿਚਾਰ ਸਭ ਤੋਂ ਪਹਿਲਾਂ ਟਰੰਪ ਦੀ 20-ਨੁਕਾਤੀ ਗਾਜ਼ਾ ਜੰਗਬੰਦੀ ਯੋਜਨਾ ਵਿਚ ਪੇਸ਼ ਕੀਤਾ ਗਿਆ ਸੀ। ਜਿਸਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਵੀ ਸਮਰਥਨ ਦਿੱਤਾ ਸੀ। ਹਾਲਾਂਕਿ, ਟਰੰਪ ਹੁਣ ਕਹਿ ਰਹੇ ਹਨ ਕਿ ਨਵਾਂ ਸੰਗਠਨ ਦੁਨੀਆ ਦੇ ਹੋਰ ਖੇਤਰਾਂ ਵਿਚ ਸ਼ਾਂਤੀ ਸਥਾਪਤ ਕਰਨ ਦਾ ਵੀ ਉਦੇਸ਼ ਰੱਖੇਗਾ। ਉਨ੍ਹਾਂ ਕਿਹਾ, ਇਹ ਸਿਰਫ਼ ਸੰਯੁਕਤ ਰਾਜ ਅਮਰੀਕਾ ਲਈ ਨਹੀਂ ਹੈ, ਇਹ ਪੂਰੀ ਦੁਨੀਆ ਲਈ ਹੈ।

ਬੋਰਡ ਆਫ਼ ਪੀਸ ਦੀ ਘੋਸ਼ਣਾ ਤੋਂ ਕੁਝ ਦਿਨਾਂ ਬਾਅਦ ਇਹ ਚਰਚਾ ਚੱਲ ਰਹੀ ਹੈ ਕਿ ਟਰੰਪ ਇਸਦੀ ਵਰਤੋਂ ਸੰਯੁਕਤ ਰਾਸ਼ਟਰ ਨੂੰ ਕਮਜ਼ੋਰ ਕਰਨ ਲਈ ਕਰ ਸਕਦੇ ਹਨ। ਟਰੰਪ ਅਤੇ ਉਸਦੇ ਸਹਿਯੋਗੀਆਂ ਨੇ ਸੰਯੁਕਤ ਰਾਸ਼ਟਰ ਦੀ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਵਿਚ ਅਸਫਲ ਰਹਿਣ ਲਈ ਆਲੋਚਨਾ ਕੀਤੀ ਹੈ, ਇਸ 'ਤੇ ਇੱਕ 'ਫਾਲਤੂ' ਅਤੇ ਬੇਕਾਰ ਏਜੰਸੀ ਹੋਣ ਦਾ ਦੋਸ਼ ਲਗਾਇਆ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਦਾਵੋਸ ਵਿਚ ਚਿਤਾਵਨੀ ਦਿੱਤੀ ਸੀ ਕਿ ਨਿਯਮ-ਅਧਾਰਤ ਪ੍ਰਣਾਲੀ ਖਤਮ ਹੋ ਰਹੀ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਬਿਆਨ ਤੋਂ ਨਾਰਾਜ਼ ਰਾਸ਼ਟਰਪਤੀ ਟਰੰਪ ਨੇ ਕਨੇਡਾ ਨੂੰ ਇਸ ਬੋਰਡ ਵਿਚ ਸ਼ਾਮਲ ਹੋਣ ਦਾ ਸੱਦਾ ਵਾਪਸ ਲੈ ਲਿਆ ਹੈ। ਸ਼ੁਰੂਆਤੀ ਦੌਰ ਵਿਚ ਹੀ ਟਰੰਪ ਦੇ ਇਰਾਦਿਆਂ ਅਤੇ ਬੋਰਡ ਵਿਚ ਅੱਗੇ ਚੱਲ ਕੇ ਆਉਣ ਵਾਲੇ ਮਸਲਿਆਂ ਦੇ ਫੈਸਲਿਆਂ 'ਤੇ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ। ਹੁਣ ਕਈ ਹੋਰ ਦੇਸ਼ ਇਸ ਵਿਚ ਸ਼ਾਮਲ ਹੋਣ ਤੋਂ ਪਹਿਲਾ ਹਜ਼ਾਰ ਵਾਰ ਸੋਚਣਗੇ। ਫਿਲਹਾਲ ਫਰਾਂਸ, ਨਾਰਵੇ, ਸਵੀਡਨ ਅਤੇ ਸਲੋਵੇਨੀਆ ਨੇ ਟਰੰਪ ਦੇ ਸੱਦੇ ਨੂੰ ਠੁਕਰਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੋਰਡ ਆਫ਼ ਪੀਸ ਵਿਚ ਸੱਦਾ ਦਿੱਤਾ ਹੋਇਆ ਹੈ। ਭਾਰਤ ਨੇ ਅਜੇ ਤੱਕ ਹਿੱਸਾ ਲੈਣ ਜਾਂ ਨਾ ਸ਼ਾਮਲ ਹੋਣ ਦਾ ਫੈਸਲਾ ਨਹੀਂ ਲਿਆ ਹੈ। ਰਵਾਇਤੀ ਤੌਰ 'ਤੇ ਭਾਰਤ ਬੈਕ ਚੈਨਲ ਕੂਟਨੀਤੀ 'ਤੇ ਚਲਦਾ ਹੈ ਅਤੇ ਖੁੱਲ੍ਹੀ ਵਿਚੋਲਗੀ ਤੋਂ ਬਚਦਾ ਹੈ। ਭਾਰਤ ਜਿਥੇ ਅਮਰੀਕਾ ਨਾਲ ਰਣਨੀਤਕ ਭਾਈਵਾਲੀ ਦਾ ਦਾਅਵਾ ਕਰਦਾ ਹੈ ਉਥੇ ਹੀ ਰੂਸ ਨਾਲ ਉਸ ਦੇ ਲੰਮੇ ਸਮੇਂ ਦੇ ਸਬੰਧ ਹਨ। ਉਹ ਨਾਟੋ ਦਾ ਮੈਂਬਰ ਮੁਲਕ ਵੀ ਨਹੀਂ ਅਤੇ ਆਪਣੇ ਆਪ ਨੂੰ ਗਲੋਬਲ ਸਾਊਥ ਦੀ ਆਵਾਜ਼ ਕਹਿੰਦਾ ਹੈ। ਪਾਕਿਸਤਾਨ ਦਾ ਇਸ ਬੋਰਡ ਵਿਚ ਬੈਠੇ ਹੋਣਾ ਵੀ ਭਾਰਤ ਨੂੰ ਸਵੀਕਾਰ ਨਹੀਂ ਹੋ ਸਕਦਾ ਕਿਉਂਕ ਪਾਕਿਸਤਾਨ ਉਸ ਨੂੰ ਬਹੁਤ ਸਾਰੇ ਦੁਵੱਲੇ ਮਾਮਲਿਆਂ ਵਿਚ ਅਸਹਿਜ ਕਰ ਸਕਦਾ ਹੈ। ਰੂਸ ਨੂੰ ਦਿੱਤੇ ਸੱਦੇ ਦੀ ਵੀ ਪੁਸ਼ਟੀ ਨਹੀਂ ਹੋਈ। ਯੂਰਪੀ ਯੂਨੀਅਨ ਦੇ ਦੇਸ਼ਾਂ ਨਾਲ ਵਿਗੜੇ ਅਮਰੀਕਾ ਦੇ ਸਬੰਧਾਂ ਕਰਕੇ ਅਜੇ ਤੱਕ ਕਿਸੇ ਨੇ ਵੀ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ। ਅਜਿਹੇ ਵਿਚ ਟਰੰਪ ਦਾ ਇਹ ਪੈਂਤੜਾ ਕਿਹੜਾ ਮੋੜ ਲੈਂਦਾ ਹੈ ਕੋਈ ਨਹੀਂ ਜਾਣਦਾ।

# ਮਾਰਕ ਕਾਰਨੀ ਨੇ ਬੋਕ ਦੇ ਸਿੰਗਾਂ ਨੂੰ ਹੱਥ ਪਾਇਆ

ਦਾਵੋਸ ਸਵਿਟਜ਼ਰਲੈਂਡ ਵਿਚ ਹੋਏ ਸਾਲਾਨਾ ਵਿਸ਼ਵ ਆਰਥਿਕ ਫੋਰਮ ਦੇ ਸਿਖਰ-ਸੰਮੇਲਨ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਲੋਂ ਦਿਤਾ ਗਿਆ ਭਾਸ਼ਨ ਬਿਫਰੇ ਬੋਕ ਦੇ ਸਿੰਗਾਂ ਨੂੰ ਹੱਥ ਪਾਉਣ ਦੇ ਤੁਲ ਸੀ। ਅਮਰੀਕਾ ਦੇ ਧੜਵੈਲ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਧੌਂਸ ਭਰੀ, ਧੱਕੇ ਵਾਲੀ ਅਤੇ ਆਰਥਿਕ ਪਾਬੰਦੀਆਂ ਤੇ ਟਰੇਡ-ਟੈਰਿਫ ਨੂੰ ਹਥਿਆਰ ਵਾਂਗ ਵਰਤਣ ਵਾਲੀ ਆਕਰਮਕ ਨੀਤੀ ਨੂੰ ਪ੍ਰਣਾਏ ਸਵੈ-ਥਾਪੇ ਵਿਸ਼ਵ-ਚੌਧਰੀ ਦੀ ਮੌਜੂਦਗੀ ਵਿਚ ਟਰੰਪ ਦਾ ਨਾਮ ਲਏ ਬਿਨਾਂ ਉਸ ਨੂੰ ਖਰੀਆਂ-ਖਰੀਆਂ ਸੁਣਾਉਣ ਦੀ ਜੁਰਅਤ ਕਰਨਾ ਪ੍ਰਸ਼ੰਸਾਜਨਕ ਕਦਮ ਹੈ। ਟਰੰਪ ਦੀ ਹਾਜ਼ਰੀ ਵਿਚ ਉਸ ਦੇ ਗਰੀਨਲੈਂਡ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਨੂੰ ਹਥਿਆਉਣ ਦੇ ਖ਼ਬਤ ਦਾ ਵਿਰੋਧ ਕਰਨਾ, ਅਮਰੀਕਾ ਦੀ 'ਹੇਜੀਮਨੀ' (ਪ੍ਰਧਾਨਤਾ), ਨੇਮ-ਆਧਾਰਤ ਕੌਮਾਂਤਰੀ ਵਿਵਸਥਾਵਾਂ 'ਚ ਦਰਾਰ/ਪਾੜ ਆ ਜਾਣ, ਬਹੁ-ਸ਼ਕਤੀਸ਼ਾਲੀ ਮੁਲਕਾਂ (ਭਾਵ ਅਮਰੀਕਾ) ਦਾ ਆਪਹੁਦਰਾਪਨ ਤੇ ਘੱਟ ਸ਼ਕਤੀਸ਼ਾਲੀ ਮੁਲਕਾਂ ਵਲੋਂ ਸਭ ਸਹਿਣ ਕਰੀ ਜਾਣ ਦੀ ਤਲਖ਼ ਹਕੀਕਤ ਅਤੇ 'ਮਿਡਲ ਪਾਵਰ'(ਗਭਲੀ ਸ਼ਕਤੀ) ਵਾਲੇ ਮੁਲਕਾਂ ਨੂੰ ਇਕਜੁੱਟ ਹੋਣ ਦੀ ਲੋੜ ਉਪਰ ਜ਼ੋਰ ਦੇਣਾ ਬਹੁਤ ਦਲੇਰ ਬਿਰਤਾਂਤ ਸਿਰਜਣ ਵਾਲਾ ਬਿਆਨੀਆਂ ਹੈ।

ਸੋਸ਼ਲ ਮੀਡੀਆ ਉਪਰ ਮਾਰਕ ਕਾਰਨੀ ਦੀ ਸਭ ਤੋਂ ਵਧੇਰੇ ਵਾਇਰਲ ਹੋਈ ਸਤਰ ਹੈ-'ਜੋ ਮੇਜ਼ 'ਤੇ ਮੌਜੂਦ ਨਹੀਂ ਉਹ ਮੀਨੂ (ਭੋਜਨ-ਸੂਚੀ) 'ਤੇ ਮਿਲਣਗੇ'! ਇਸ ਸਤਰ ਦੇ ਪਹਿਲੇ ਭਾਗ ਵਿਚ ਹੀ ਕਾਰਨੀ 'ਗਭਲੀਆਂ ਸ਼ਕਤੀਆਂ' ਨੂੰ ਇਕਮੁੱਠ ਹੋਣ ਲਈ ਕਹਿੰਦਾ ਹੈ ਕਿਉਂਕਿ ਜੋ ਮੇਜ਼ ਉਪਰ ਹੋਣ ਵਾਲੇ ਫੈਸਲਿਆਂ 'ਚ ਸ਼ਾਮਿਲ ਨਹੀਂ ਹੋਣਗੇ, ਉਹ ਉਨ੍ਹਾਂ ਫੈਸਲਿਆਂ ਨੂੰ ਮੰਨਣ ਵਾਲਿਆਂ 'ਚ ਸ਼ੁਮਾਰ ਹੋਣਗੇ!

ਉਸ ਅਨੁਸਾਰ ਗਭਲੀਆਂ ਸ਼ਕਤੀਆਂ, ਜਿਨ੍ਹਾਂ 'ਚ ਕੈਨੇਡਾ ਵੀ ਸ਼ਾਮਿਲ ਹੈ, ਸ਼ਕਤੀਹੀਣ ਨਹੀਂ ਹਨ। ਕਾਰਨੀ-ਕਥਨ ਅਨੁਸਾਰ 'ਘੱਟ ਸ਼ਕਤੀਆਂ ਵਾਲਿਆਂ ਦੀ ਸ਼ਕਤੀ ਇਮਾਨਦਾਰੀ ਨਾਲ ਸ਼ੁਰੂ ਹੁੰਦੀ ਹੈ'। ਉਸ ਨੇ ਕਦਰਾਂ-ਕੀਮਤਾਂ ਦੀ ਤਾਕਤ ਅਤੇ ਤਾਕਤ ਦੀ ਕਦਰ-ਕੀਮਤ ਦੀ ਚਰਚਾ ਵੀ ਕੀਤੀ।

ਨੇਮ-ਆਧਾਰਤ ਵਿਵਸਥਾ ਦੇ ਫਿੱਕੇ ਪੈਣ ਦਾ ਜ਼ਿਕਰ ਕਰਦਿਆਂ ਕਾਰਨੀ ਨੇ ਯੂਨਾਨੀ ਦਾਰਸ਼ਨਿਕ ਤੇ ਇਤਿਹਾਸਕਾਰ ਥਿਊਸੀਡਾਈਡੀਸ ਨੂੰ ਕੋਟ ਕਰਦਿਆਂ 'ਤਕੜੇ ਦਾ ਸੱਤੀਂ ਵੀਹੀਂ ਸੌ' ਵਰਗੀ ਸਥਿਤੀ ਬਿਆਨ ਕਰਨ ਵਾਲੀਆਂ ਸਤਰਾਂ ਦਾ ਹਵਾਲਾ ਦਿਤਾ ਕਿ 'ਤਾਕਤਵਰ ਉਹ ਹੀ ਕਰਦੈ ਜੋ ਉਸ ਨੇ ਕਰਨਾ ਹੁੰਦੈ ਤੇ ਕਮਜ਼ੋਰ ਸਹਿਣ ਕਰਦੈ ਜੋ ਉਸ ਨੇ ਹਰ ਹਾਲਤ 'ਚ ਕਰਨਾ ਹੀ ਹੁੰਦੈ'!

ਸਪਸ਼ਟ ਤੌਰ 'ਤੇ ਆਰਟਿਕ ਪ੍ਰਭੂਸੱਤਾ ਦੇ ਪੱਖ 'ਚ ਖੜ੍ਹਦਿਆਂ ਕਾਰਨੀ ਨੇ ਕਿਹਾ ਕਿ 'ਅਸੀਂ ਮਜ਼ਬੂਤੀ ਨਾਲ ਗਰੀਨਲੈਂਡ ਅਤੇ ਡੈਨਮਾਰਕ ਨਾਲ ਖੜ੍ਹੇ ਹਾਂ ਅਤੇ ਉਨ੍ਹਾਂ ਦੇ ਗਰੀਨਲੈਂਡ ਦੇ ਭਵਿੱਖ ਦਾ ਫੈਸਲਾ ਕਰਨ ਦੇ ਵਿਲੱਖਣ ਹੱਕ ਦੀ ਪੂਰੀ ਹਮਾਇਤ ਕਰਦੇ ਹਾਂ'।

ਮੀਡੀਆ 'ਚ ਬੇਸ਼ਕ ਅਮਰੀਕਾ ਦੇ ਹੰਕਾਰੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਦਿਤੀ ਗਈ ਸਪੀਚ ਵਧੇਰੇ ਚਮਕਾਈ ਗਈ, ਜਿਸ ਵਿਚ ਉਸ ਨੇ ਗਰੀਨਲੈਂਡ ਵਿਰੁਧ ਫੌਜੀ ਤਾਕਤ ਦੀ ਵਰਤੋਂ ਨਾ ਕਰਨ ਦਾ ਭਰੋਸਾ ਦਿੰਦਿਆਂ ਗਰੀਨਲੈਂਡ ਨੂੰ ਹਥਿਆਉਣ ਲਈ ਹੋਰ ਢੰਗ-ਤਰੀਕੇ ਵਰਤਣ ਦੀ ਗੱਲ ਕਹੀ। ਨਾਲ ਹੀ ਉਸ ਨੇ ਆਪਣੇ ਸੁਭਾ ਮੁਤਾਬਕ ਕੈਨੇਡਾ, ਯੂਰਪ ਅਤੇ ਹੋਰ ਮੁਲਕਾਂ ਦੀ ਖਿੱਲੀ ਉਡਾਈ। ਬਾਅਦ 'ਚ ਤਾਂ ਉਸ ਨੇ ਆਪਣੀ ਸ਼ਬਦੀ-ਜੰਗ ਦੌਰਾਨ ਆਪਣੇ ਸੋਸ਼ਲ ਪਲੈਟਫਾਰਮ 'ਟਰੁਥ ਸੋਸ਼ਲ' ਉਪਰ ਇਥੋਂ ਤਕ ਕਹਿ ਦਿਤਾ ਕਿ 'ਕੈਨੇਡਾ ਅਮਰੀਕਾ ਕਾਰਨ ਜ਼ਿੰਦਾ ਹੈ'! ਜਿਸ ਦਾ ਜਵਾਬ ਵੀ ਮਾਰਕ ਕਾਰਨੀ ਨੇ ਦਿੰਦਿਆਂ ਕਿਹਾ ਕਿ 'ਕੈਨੇਡਾ ਅਮਰੀਕਾ ਕਾਰਨ ਜ਼ਿੰਦਾ ਨਹੀਂ ਹੈ, ਸਗੋਂ ਅਸੀਂ ਇਸ ਲਈ ਖੁਸ਼ਹਾਲ ਹਾਂ ਕਿਉਂਕਿ ਅਸੀਂ ਕੈਨੇਡੀਅਨ ਹਾਂ'!

ਮਾਰਕ ਕਾਰਨੀ ਦੀ ਸਪੀਚ ਇਤਿਹਾਸਕ ਹੈ। ਇਹ ਇੱਕ ਅਮਰੀਕੀ (ਪੰਜਵੇਂ) ਰਾਸ਼ਟਰਪਤੀ ਜੇਮਜ਼ ਮੁਨਰੋ (1758-1831) ਦੀ 'ਮੁਨਰੋ ਡੌਕਟਰਿਨ'(ਜਿਸ ਨੂੰ ਟਰੰਪ ਹੁਣ 'ਡੌਨਰੋ ਡੌਕਟਰਿਨ' ਸਦਣ ਲਗ ਪਿਐ) ਦੇ ਸਮਾਨੰਤਰ 'ਕਾਰਨੀ ਡੌਕਟਰਿਨ' ਵਜੋਂ ਜਾਣੀ ਜਾਣ ਲਗ ਪਈ ਹੈ। ਇਸ ਨਾਲ ਕਾਰਨੀ ਇਕ 'ਸਟੇਟਸਮੈਨ'(ਰਾਜਨੀਤੀਵੇਤਾ) ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਉਸ ਨੇ ਇਹ ਸਾਬਤ ਕਰ ਦਿਤਾ ਹੈ ਕਿ ਸ਼ੋਰ ਨਾਲ ਫੌਰੀ ਧਿਆਨ ਤਾਂ ਖਿੱਚਿਆ ਜਾ ਸਕਦੈ ਪਰ ਹੰਢਣਸਾਰ ਅਸਰ ਅਤੇ ਬਹੁਚਿਰੀ ਪ੍ਰਭਾਵ ਸਹਿਜ, ਸੂਝ ਤੇ ਸੁਦ੍ਰਿੜਤਾ ਨਾਲ ਹੀ ਪਾਇਆ ਜਾ ਸਕਦੈ। ਜ਼ਰੂਰੀ ਨਹੀਂ ਕਿ ਸਹੀ ਤੇ ਖਰੀ ਗੱਲ ਕਰਨ ਲਈ ਹਿੱਕ-ਥਾਪੜ ਆਲੰਕ੍ਰਿਤ ਭਾਸ਼ਣਕਾਰੀ ('ਰੈਟਰਿਕ') ਦੀ ਵਰਤੋਂ ਕੀਤੀ ਜਾਵੇ। ਸਗੋਂ ਸੰਜੀਦਾ ਤੇ ਧੀਮਾਸੁਰ ਲਹਿਜਾ ਚਿਰਕਾਲੀ ਸਾਬਤ ਹੁੰਦੈ। ਤੇ ਹੋਇਆ ਵੀ। ਦਾਵੋਸ ਦੀ ਇਸ ਅੰਤਰ-ਰਾਸ਼ਟਰੀ ਪ੍ਰਤੀਸ਼ਿਠਤ-ਮਿਲਣੀ 'ਚ ਸ਼ਾਮਿਲ ਮੁਲਕਾਂ ਦੇ ਮੁਖੀਆਂ, ਆਰਥਿਕ, ਕਾਰੋਬਾਰੀ ਪ੍ਰਮੁੱਖਾਂ ਨੇ ਕਾਰਨੀ ਨੂੰ ਸਟੈਂਡਿੰਗ ਓਵੇਸ਼ਨ' ਦੇ ਕੇ ਨਿਵਾਜਿਆ, ਜੋ ਕਿ ਬਹੁਤ ਹੀ ਘੱਟ ਆਗੂਆਂ ਦੇ ਹਿੱਸੇ ਆਉਂਦੈ।

ਹਉਮੈ ਦੀ ਭੱਠੀ ਵਿਚ ਸੜਦੇ-ਬਲਦੇ ਟਰੰਪ ਨੂੰ ਤਾਂ ਸੇਕ ਲਗਣਾ ਹੀ ਸੀ, ਸੋ ਲਗਿਆ ਤੇ ਲਗਿਆ ਵੀ ਰੱਜ ਕੇ-'ਵਹੀਂ ਲਗੀ ਹੈ ਜੋ ਨਾਜ਼ੁਕ ਮੁਕਾਮ ਥੇ ਦਿਲ ਕੇ'! ਅੱਗ ਬਗੂਲਾ ਹੋਏ ਟਰੰਪ ਨੇ ਕੈਨੇਡਾ ਨੂੰ ਬੋਰਡ ਆਫ ਪੀਸ, ਜੋ ਗਾਜ਼ਾ ਸ਼ਾਂਤੀ ਯੋਜਨਾ ਤਹਿਤ ਸਥਾਪਤ ਕੀਤਾ ਗਿਐ, 'ਚ ਸ਼ਾਮਿਲ ਹੋਣ ਦਾ ਸੱਦਾ ਵਾਪਿਸ ਲੈ ਲਿਆ। ਨਾਲ ਹੀ ਇੱਕ ਹੋਰ ਧਮਕੀ ਦੇ ਮਾਰੀ ਕਿ ਜੇ ਕੈਨੇਡਾ ਨੇ ਚੀਨ ਨਾਲ ਵਪਾਰ ਸ਼ੁਰੂ ਕੀਤਾ ਤਾਂ ਉਸ ਉਪਰ 100%




ਟੈਰਿਫ ਲਗਾ ਦਿਤਾ ਜਾਵੇਗਾ।

ਕਈ ਵਿਸ਼ਲੇਸ਼ਕਾਂ ਵਲੋਂ ਕਾਰਨੀ ਦੇ ਅਮਰੀਕਾ ਪ੍ਰਤੀ ਰੁਖ਼ 'ਚ ਆਏ ਇਸ ਅਚਨਚੇਤੀ ਬਦਲਾਵ 'ਤੇ ਕਿੰਤੂ-ਪ੍ਰੰਤੂ ਵੀ ਕੀਤਾ ਹੈ। ਉਨ੍ਹਾਂ ਦਾ ਮਤ ਹੈ ਕਿ ਹੁਣ ਤਕ ਕਾਰਨੀ ਖਾਮੋਸ਼ੀ ਨਾਲ ਟਰੰਪ ਦੀਆਂ ਨੀਤੀਆਂ ਪ੍ਰਤੀ ਸਤਬਚਨੀ ਪਹੁੰਚ ਆਪਣਾਉਂਦੇ ਰਹੇ। ਹੁਣ ਜਦ ਖੁਦ ਨੂੰ ਸੇਕ ਲਗਾ ਤਾਂ ਬੋਲ ਪਏ।

ਚਲੋ, ਬੋਲੇ ਤਾਂ ਸਹੀ। ਦੇਰ ਆਏ, ਦਰੁਸਤ ਆਏ। ਆਪਾਂ ਐਨਾ ਕੁ ਤਾਂ ਮੰਨੀਏ ਕਿ ਚਾਰ ਕਰੋੜ ਤੋਂ ਥੋੜ੍ਹੀ ਜਿਹੀ ਵੱਧ ਆਬਾਦੀ ਵਾਲਾ ਦੇਸ਼ ਦੁਨੀਆ ਦੀ ਸੁਪਰ-ਪਾਵਰ ਦੇ ਸਾਹਮਣੇ ਹਿੱਕ ਤਾਣ ਕੇ ਖੜ੍ਹ ਗਿਐ। ਆਹ 140 ਕਰੋੜ ਦੀ ਆਬਾਦੀ ਵਾਲੇ ਵਿਸ਼ਵਗੁਰੂ ਭਾਰਤ, ਜੋ ਵਿਸ਼ਵ ਦੀ ਚੌਥੀ ਵੱਡੀ ਅਰਥ ਵਿਵਸਥਾ ਹੈ, ਦੇ ਵੱਡੇ ਨੇਤਾ ਤਾਂ ਅਮਰੀਕਾ ਦੇ ਟਰੰਪ ਦੀ ਬਕਵਾਸ ਇੰਝ ਆਰਾਮ ਨਾਲ ਸੁਣੀ ਜਾਂਦੇ ਹਨ ਜਿਵੇਂ ਕੋਈ ਪ੍ਰਵਚਨ ਹੋਣ! ਕਿਤੇ ਕਿਤੇ ਬਦੇਸ਼ ਮੰਤਰੀ ਜਾਂ ਉਸ ਦਾ ਕੋਈ ਬੁਲਾਰਾ ਡਿਪਲੋਮੈਟਿਕ ਜਿਹੀ ਗੱਲ ਕਹਿ ਦਿੰਦੇ ਐ,ਬਸ। ਅਸੀਂ ਤਾਂ ਇਸ ਗੱਲ 'ਤੇ ਈ ਕੱਛਾਂ ਵਜਈ ਜਾ ਰਹੇ ਹਾਂ ਕਿ ਟਰੰਪ ਵਲੋਂ ਲਗਾਏ ਗਏ ਵਧੀਕ ਟੈਰਿਫ ਨੂੰ ਘਟਾਏ ਜਾਣ ਦੀ ਬੜੀ ਸੰਭਾਵਨਾ ਹੋ ਗਈ ਹੈ। ਇਹ ਸੰਭਾਵਨਾ ਕਿਵੇਂ ਹੋਈ? ਅਮਰੀਕਾ ਦੇ ਵਿੱਤ ਮੰਤਰੀ ਸਕਾਟ ਬੇਸੈਂਟ, ਜਿਸ ਨੇ ਇਹ ਸੰਕੇਤ ਦਿਤੈ, ਅਨੁਸਾਰ ਭਾਰਤ ਨੇ ਰੂਸ ਦਾ ਕੱਚਾ ਤੇਲ ਖ਼ੀਦਣਾ ਪੂਰੀ ਤਰ੍ਹਾਂ ਬੰਦ ਕਰ ਦਿਤੈ, ਜਿਸ ਕਾਰਨ 25% ਵੱਧ ਟੈਰਿਫ, ਜੋ ਸਜ਼ਾ ਵਜੋਂ ਲਗਾਇਆ ਗਿਆ ਸੀ, ਵਾਪਿਸ ਹੋਣ ਦੀ ਸੰਭਾਵਨਾ ਹੈ। ਜੇ ਅਮਰੀਕਾ ਦਾ ਦਾਅਵਾ ਸੱਚ ਹੈ ਤਾਂ ਫਿਰ ਤਾਂ ਅਸੀਂ ਉਸ ਦੀ ਸ਼ਰਤ ਮੰਨ ਲਈ ਤੇ ਸ਼ਰਤ ਮੰਨਣ ਮਗਰੋਂ ਤਾਂ ਉਹ ਟੈਰਿਫ ਹਟਣਾ ਉਂਝ ਹੀ ਬਣਦੈ ਜਿਸ ਕਾਰਨ ਉਹ ਲਗਾਇਆ ਗਿਆ ਸੀ।

ਤੁਸੀਂ ਮੰਨੋ ਚਾਹੇ ਨਾ ਮੰਨੋ, ਰੂਸ ਹੀ ਸਾਡੇ ਨਾਲ ਦੁੱਖ-ਸੁਖ 'ਚ ਖੜ੍ਹਦੈ। ਅਮਰੀਕਾ ਤਾਂ ਪਾਕਿਸਤਾਨ ਨੂੰ ਵੀ ਘਨੇੜੀ ਚੁਕੀ ਫਿਰਦੈ। ਪਾਕਿਸਤਾਨ ਦੇ ਫੌਜੀ ਜਰਨੈਲ ਨੂੰ ਟਰੰਪ ਖਾਣੇ ਖੁਆਉਂਦੈ, ਉਸ ਦੇ ਸੋਹਲੇ ਗਾਉਂਦੈ, ਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਕੁਝ ਸਿਫਤੀ ਸ਼ਬਦ ਕਹਿੰਦੈ ਤਾਂ ਪਾਕਿਸਤਾਨ ਦੀ ਸ਼ਲਾਘਾ ਕਰਨਾ ਵੀ ਭੁਲਦਾ ਨਹੀਂ।

ਸਾਨੂੰ ਮਾਰਕ ਕਾਰਨੀ ਦੇ 'ਗਭਲੀਆਂ ਸ਼ਕਤੀਆਂ'(ਮਿਡਲ ਪਾਵਰਜ਼) ਵਾਲੇ ਸਿਧਾਂਤ ਵਲ ਧਿਆਨ ਦੇਣਾ ਚਾਹੀਦੈ। ਸੁਪਰਪਾਵਰਾਂ ਤਾਂ ਆਪਣੀ ਮਨਮਾਨੀ ਕਰਦੀਆਂ ਹਨ। ਕਾਰਨੀ ਅਨੁਸਾਰ ਮਹਾਨ ਸ਼ਕਤੀਆਂ ਲਈ ਹੁਣ ਭੂ-ਸਿਆਸਤ ਕਿਸੇ ਬੰਦਸ਼-ਬੰਧੇਜ ਦੀ ਪਾਬੰਦ ਨਹੀਂ ਰਹੀ। ਆਪਾਂ ਦੇਖਿਆ ਹੀ ਹੈ ਕਿ ਕਿਵੇਂ ਅਮਰੀਕਾ ਫੌਜੀ ਕਾਰਵਾਈ ਕਰਕੇ ਵੈਨਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਅਤੇ ਉਸ ਦੀ ਪਤਨੀ ਸਿਲੀਆ ਫਲੋਰਸ ਨੂੰ ਕਿਡਨੈਪ ਕਰਕੇ ਆਪਣੇ ਮੁਲਕ ਦੀ ਜੇਲ੍ਹ ਵਿਚ ਡੱਕ ਚੁੱਕੈ। ਲਾਤੀਨੀ ਅਮਰੀਕਾ ਦੇ ਤੇਲ ਦੇ ਇਸ ਭੰਡਾਰ ਵਾਲੇ ਦੇਸ਼ ਦੇ ਤੇਲ 'ਤੇ ਕਾਬਿਜ਼ ਹੋ ਕੇ ਸੰਸਾਰ ਨੂੰ ਤੇਲ ਵੇਚਣ ਦੇ ਐਲਾਨ ਕਰ ਰਿਹੈ। ਨਾਟੋ ਮੁਲਕ ਸਵੀਡਨ ਦੇ 57000 ਦੀ ਵਸੋਂ ਵਾਲੇ ਖ਼ੁਦਮੁਖਤਿਆਰ ਟਾਪੂ ਗਰੀਨਲੈਂਡ ਨੂੰ ਹੜੱਪਣ ਦੀ ਯੋਜਨਾ ਬਣਾ ਰਿਹੈ। ਹੋਰ ਤਾਂ ਹੋਰ, ਕੈਨੇਡਾ ਨੂੰ ਅਮਰੀਕਾ ਦਾ 51ਵਾਂ ਪ੍ਰਾਂਤ ਬਣਾਉਣ ਦੀ ਗੱਲ ਕਈ ਵਾਰ ਕਹੀ ਜਾ ਚੁਕੀ ਹੈ।

ਅਜਿਹੀ ਸੀਥਤੀ ਵਿਚ ਤੀਸਰੀ ਦੁਨੀਆਂ ਦੇ ਮੁਲਕ, ਖਾਸ ਕਰਕੇ ਗਰੀਬ ਮੁਲਕ, ਬਹੁਤਾ ਕੁਝ ਕਰ ਸਕਣ ਦੀ ਹਾਲਤ ਵਿਚ ਨਹੀਂ ਹਨ ਕਿਉਂਕਿ ਉਨ੍ਹਾਂ ਕੋਲ ਸਾਧਨ ਹੀ ਸੀਮਤ ਹਨ। ਬੇਸ਼ਕ ਭਾਰਤ ਅਜੇ ਸੁਪਰਪਾਵਰ ਤਾਂ ਨਹੀਂ ਬਣਿਆ ਪਰ ਇਹ ਇਕ ਉਭਰ ਰਹੀ ਸ਼ਕਤੀ ਜ਼ਰੂਰ ਬਣ ਰਿਹੈ। ਪਰ ਅਮਰੀਕਾ, ਚੀਨ, ਰੂਸ ਵਰਗੀਆਂ ਮਹਾਨ ਸ਼ਕਤੀਆਂ ਦੇ ਵੈਸ਼ਵਿਕ ਕਲੱਬ ਵਿਚ ਇਸ ਦੀ ਸ਼ਮੂਲੀਅਤ ਅਜੇ ਐਨੀ ਆਸਾਨ ਨਹੀਂ। ਇਸ ਦਾ ਕਾਰਨ ਚੀਨ ਦੀ ਪਾਕਿਸਤਾਨ ਨਾਲ ਪੱਕੀ ਨੇੜਤਾ ਅਤੇ ਰੂਸ ਦਾ ਯੂਕਰੇਨ ਨਾਲ ਚਾਰ ਸਾਲ ਤੋਂ ਚਲ ਰਹੀ ਜੰਗ 'ਚ ਉਲਝੇ ਹੋਣਾ ਹੈ। ਪਾਕਿਸਤਾਨ ਨਾਲ ਸਾਡਾ 36 ਦਾ ਅੰਕੜਾ ਹੈ, ਹੁਣ ਬੰਗਲਾਦੇਸ਼ ਨਾਲ ਵੀ ਪੇਚਾ ਫਸ ਗਿਐ। ਬਲਕਿ ਪਾਕਿਸਤਾਨ ਅਤੇ ਬੰਗਲਾਦੇਸ਼ ਘਿਉ-ਖਿਚੜੀ ਹੋ ਗਏ ਹਨ। ਹੈ ਨਾ ਕਮਾਲ! ਜਿਹੜਾ ਮੁਲਕ ਭਾਰਤ ਦੀ ਸਹਾਇਤਾ ਨਾਲ ਅਤੇ ਪਾਕਿਸਤਾਨ ਦੀ ਧੱਕੇਸ਼ਾਹੀ ਦੇ ਵਿਰੋਧ ਕਾਰਨ ਹੋਂਦ 'ਚ ਆਇਆ ਹੋਵੇ ਉਸ ਮੁਲਕ ਦੀ ਆਪਣੇ ਦੁਸ਼ਮਣ ਨਾਲ ਦੋਸਤੀ ਤੇ ਦੋਸਤ ਨਾਲ ਦੁਸ਼ਮਣੀ ਅਲੋਕਾਰੀ ਜਿਹੀ ਗਲ ਲਗਦੀ ਹੈ।

ਸਾਡੇ ਆਂਢ-ਗੁਆਂਢ ਦੁਸ਼ਮਣਾਂ ਜਾਂ ਸਾਡੇ ਵਿਰੋਧੀਆਂ ਦਾ ਜਮਾਵੜਾ ਲਗਿਆ ਹੋਇਆ ਹੈ। ਪਾਕਿਸਤਾਨ, ਸਾਊਦੀ ਅਰਬ ਦਾ ਸੁਰੱਖਿਆ ਸਮਝੌਤਾ ਹੋ ਚੁਕੈ, ਟਰਕੀ ਇਸ 'ਚ ਸ਼ਾਮਿਲ ਹੋਣ ਵਾਲੈ, ਇੱਕ ਕੱਟੜ 'ਇਸਲਾਮਿਕ ਮਿਨੀ ਨਾਟੋ' ਹੋਂਦ 'ਚ ਆ ਰਹੀ ਹੈ। ਨੇਪਾਲ ਦਾ ਰੁਝਾਨ ਵੀ ਚੀਨ ਵਲ ਵਧ ਰਿਹੈ, ਮਾਲਦੀਵ ਵੀ ਸਾਡਾ ਬਹੁਤਾ ਮਿੱਤਰ ਨਹੀਂ ਰਿਹਾ, ਸ੍ਰੀ ਲੰਕਾ 'ਚ ਵੀ ਕੋਈ ਜ਼ਿਆਦਾ ਸਥਿਰਤਾ ਨਹੀਂ ਹੈ। ਬਸ ਲੈ ਦੇ ਕੇ ਇੱਕ ਭੂਟਾਨ ਹੀ ਬਚਿਐ ਸਾਡੇ ਗੁਆਂਢ ਜੋ ਅਜੇ ਸਾਡਾ ਦੋਸਤ ਹੈ।

ਭਾਰਤ ਨੂੰ ਆਪਣੇ ਆਂਢ-ਗੁਆਂਢ 'ਚ, ਖਾਸ ਕਰਕੇ ਬੰਗਲਾਦੇਸ਼, ਨੇਪਾਲ, ਸ੍ਰੀ ਲੰਕਾ, ਮਾਲਦੀਵ ਨਾਲ ਸਬੰਧ ਸੁਧਾਰਨ ਦੀ ਅਤਿਅੰਤ ਲੋੜ ਹੈ। ਨਹੀਂ ਤਾਂ ਚੀਨ, ਜੋ ਪਹਿਲਾਂ ਹੀ ਮਕਬੂਜ਼ਾ ਕਸ਼ਮੀਰ 'ਚ ਬੈਠਾ ਹੈ, ਦਾ ਪ੍ਰਭਾਵ ਬੰਗਲਾਦੇਸ਼ 'ਚ ਅਤੇ ਬੰਗਾਲ ਦੀ ਖਾੜੀ 'ਚ ਵਧ ਜਾਏਗਾ। ਤੇ ਨਾਲ ਹੀ ਸਾਡੀ ਪੂਰਬੀ ਸਰਹੱਦ ਵੀ, ਸਾਡੀ ਪੱਛਮੀ ਸਰਹੱਦ ਵਾਂਗ, ਸਾਡੇ ਦੁਸ਼ਮਣਾਂ ਨਾਲ ਘਿਰ ਜਾਵੇਗੀ। ਯਾਦ ਰਹੇ, ਕਿ ਸਾਡੇ ਉੱਤਰ-ਪੂਰਬੀ ਪ੍ਰਾਂਤਾਂ, ਖਾਸ ਕਰਕੇ ਮਨੀਪੁਰ ਅਤੇ ਨਾਗਾਲੈਂਡ ਵਿਚ ਹਾਲਾਤ ਬਹੁਤੇ ਸੁਖਾਵੇਂ ਨਹੀਂ ਰਹਿੰਦੇ।

ਕੈਨੇਡਾ ਤੋਂ ਇਲਾਵਾ ਹੁਣ 'ਟਰੰਪਗੀਰੀ' ਵਿਰੁਧ ਬਰਾਜ਼ੀਲ, ਫਰਾਂਸ, ਜਰਮਨੀ ਤੇ ਕੁਝ ਹੋਰ ਮੁਲਕ ਵੀ ਬੋਲਣ ਲਗ ਪਏ ਹਨ। ਅਸੀਂ ਇਹ ਨਹੀਂ ਕਹਿ ਰਹੇ ਕਿ ਭਾਰਤ ਕਿਸੇ ਗਰੁੱਪ 'ਚ ਸ਼ਾਮਿਲ ਹੋਵੇ। ਪਰ ਅਮਰੀਕਾ ਅਗੇ ਗੋਡੇ ਟੇਕਣ ਤੋਂ ਬਚਣ ਲਈ ਮਾਰਕ ਕਾਰਨੀ ਦੇ 'ਗਭਲੀਆਂ ਸ਼ਕਤੀਆਂ' ਦੇ ਸਿਧਾਂਤ ਉਪਰ ਗੌਰ ਕਰਨ ਦੀ ਲੋੜ ਹੈ। ਕਾਰਨੀ ਨੇ ਆਪਣੇ ਬਹੁ-ਚਰਚਿਤ ਭਾਸ਼ਨ 'ਚ ਭਾਰਤ ਨਾਲ ਹੋਣ ਵਾਲੇ 'ਫ੍ਰੀ-ਟ੍ਰੇਡ' ਸਬੰਧੀ ਹੋ ਰਹੀ ਗਲਬਾਤ ਦਾ ਜ਼ਿਕਰ ਵੀ ਕੀਤਾ ਸੀ।

ਮਾਰਖੰਡੇ ਸਾਨ੍ਹ ਨੂੰ ਜੇ ਅੱਗਿਉਂ ਹੋ ਕੇ ਪਿਆ ਨਾ ਜਾਵੇ ਤਾਂ ਉਹ ਤੁਹਾਨੂੰ ਛਡੇਗਾ ਨਹੀਂ! ਬਚਪਨ 'ਚ ਡੰਗਰ ਚਾਰਦਿਆਂ ਜਦ ਇਕ ਬਲਦ ਦੂਸਰੇ ਦੇ ਖੇਤਾਂ ਦੀ ਫਸਲ ਨੂੰ ਮੂੰਹ ਮਾਰਨ ਲਗਦਾ ਤਾਂ ਸਾਡੇ ਮੋੜਨ 'ਤੇ ਮਾਰਨ ਪੈ ਜਾਂਦਾ। ਅਸੀਂ ਡਰ ਕੇ ਦੌੜਦੇ ਤਾਂ ਉਹ ਮਾਰਨ ਲਈ ਪਿਛੇ ਪਿਛੇ ਦੌੜਦਾ। ਇੱਕ ਦਿਨ ਅਸੀਂ ਅਗੇ ਦੌੜਨ ਦੀ ਬਜਾਏ ਮਾਰਖੰਡੇ ਬੌਲਦ ਦੇ ਦੋ ਸਿੰਗਾਂ ਵਿਚਾਲੇ ਸਿਰ ਉਪਰ ਓਨੀ ਦੇਰ ਡੰਡੇ ਮਾਰਦੇ ਰਹੇ ਜਿੰਨੀ ਦੇਰ ਉਹ ਪਿਛਾਂਹ ਨਹੀਂ ਮੁੜਿਆ!

ਡੋਨਾਲਡ ਟਰੰਪ ਵੀ ਮਾਰਖੰਡਾ ਸਾਨ੍ਹ ਹੈ। ਇਸ ਦੇ ਅਗੇ ਖੜ੍ਹਿਆਂ ਹੀ ਇਹ ਮੁੜੇਗਾ, ਵਰਨਾ ਦੌੜਦਿਆਂ ਦੇ ਪਿਛੇ ਮਾਰਨ ਲਈ ਦੌੜੇਗਾ!

## ਪੰਜਾਬੀ ਜਵਾਨੀ ਦੀ ਕਾਬਲੀਅਤ ਅਤੇ ਮਾਪਿਆਂ ਦੇ ਤਿਆਗ ਨੂੰ ਸਲਾਮ

ਟੋਰਾਂਟੋ ਦਾ 'ਪੀਅਰਸਨ ਇੰਟਰਨੈਸ਼ਨਲ ਏਅਰਪੋਰਟ' ਸਵੇਰ ਦੇ 6 ਵੱਜ ਰਹੇ ਸਨ। ਏਅਰ ਕੈਨੇਡਾ ਦੇ ਇੱਕ ਵਿਸ਼ਾਲ 'ਬੋਇੰਗ 787' ਦੇ ਕਾਕਪਿਟ ਵਿਚ 27 ਸਾਲਾ ਅਰਜੁਨ ਸਿੰਘ ਆਪਣੀ ਸੀਟ 'ਤੇ ਬੈਠਾ ਸੀ। ਉਸਨੇ ਆਪਣੀ ਚਿੱਟੀ ਵਰਦੀ ਦੀਆਂ ਪੱਟੀਆਂ (Epaulettes) ਠੀਕ ਕੀਤੀਆਂ।

ਅਰਜੁਨ ਲਈ ਇਹ ਸਿਰਫ਼ ਇੱਕ ਉਡਾਣ ਨਹੀਂ ਸੀ, ਕਿਉਂਕਿ ਅੱਜ ਜਹਾਜ਼ ਦੀ 'ਇਕਾਨਮੀ ਕਲਾਸ' ਵਿਚ ਉਸਦਾ ਬਾਪੂ, ਨਿਰਮਲ ਸਿੰਘ, ਬੈਠਾ ਸੀ। ਉਹ ਬਾਪੂ ਜਿਸਨੇ ਆਪਣੀ ਸਾਰੀ ਉਮਰ ਪੰਜਾਬ ਦੀ ਮਿੱਟੀ ਵਿਚ ਹਲ ਚਲਾ ਕੇ ਗੁਜ਼ਾਰ ਦਿੱਤੀ ਸੀ ਤਾਂ ਜੋ ਉਸਦਾ ਪੁੱਤ ਇੱਕ ਦਿਨ ਬੱਦਲਾਂ ਤੋਂ ਪਾਰ ਜਾ ਸਕੇ।

ਅਰਜੁਨ ਨੂੰ ਯਾਦ ਆਇਆ ਕਿ ਜਦੋਂ ਉਹ ਛੋਟਾ ਸੀ, ਉਹ ਪਿੰਡ ਦੇ ਖੇਤਾਂ ਵਿਚ ਖੜ੍ਹ ਕੇ ਉੱਪਰੋਂ ਲੰਘਦੇ ਜਹਾਜ਼ਾਂ ਨੂੰ ਦੇਖਦਾ ਹੁੰਦਾ ਸੀ। ਬਾਪੂ ਕਹਿੰਦਾ ਸੀ, 'ਪੁੱਤ, ਇੱਕ ਦਿਨ ਤੂੰ ਇਸ ਤੋਂ ਵੀ ਉੱਚਾ ਉਡਣਾ ਏ।' ਕੈਨੇਡਾ ਵਿਚ ਪਾਇਲਟ ਦੀ ਪੜ੍ਹਾਈ ਦਾ ਖ਼ਰਚਾ ਬਹੁਤ ਜ਼ਿਆਦਾ ਸੀ। ਨਿਰਮਲ ਸਿੰਘ ਨੇ ਆਪਣੀ ਜ਼ਮੀਨ ਦਾ ਇੱਕ ਵੱਡਾ ਹਿੱਸਾ ਗਹਿਣੇ ਰੱਖ ਦਿੱਤਾ ਸੀ।

ਅੱਜ ਅਰਜੁਨ ਦੇ ਹੱਥਾਂ ਵਿਚ ਜਹਾਜ਼ ਦਾ 'ਯੋਕ' (Control Wheel) ਸੀ, ਪਰ ਉਸਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਆਪਣੇ ਬਾਪੂ ਦੇ ਉਨ੍ਹਾਂ ਹੱਥਾਂ ਨੂੰ ਫੜੀ ਬੈਠਾ ਹੈ, ਜਿਨ੍ਹਾਂ 'ਤੇ ਖੇਤੀ ਕਰਦਿਆਂ ਛਾਲੇ ਪੈ ਗਏ ਸਨ।



ਜਹਾਜ਼ ਜਦੋਂ 35,000 ਫੁੱਟ ਦੀ ਉਚਾਈ 'ਤੇ ਸੀ, ਅਰਜੁਨ ਨੇ ਮਾਈਕ ਚੁੱਕਿਆ। ਉਸਨੇ ਪਹਿਲਾਂ ਅੰਗਰੇਜ਼ੀ ਅਤੇ ਫਿਰ ਫਰੈਂਚ ਵਿੱਚ ਗੱਲ ਕੀਤੀ, ਪਰ ਫਿਰ ਉਸਨੇ ਬੜੀ ਭਾਵੁਕ ਆਵਾਜ਼ ਵਿਚ ਪੰਜਾਬੀ ਵਿਚ ਕਿਹਾ:

'ਸਤਿ ਸ੍ਰੀ ਅਕਾਲ ਜੀ। ਅੱਜ ਇਸ ਉਡਾਣ 'ਤੇ ਮੇਰੇ ਲਈ ਇੱਕ ਬਹੁਤ ਹੀ ਖ਼ਾਸ ਮੁਸਾਫ਼ਿਰ ਬੈਠੇ ਹਨ—ਮੇਰੇ ਬਾਪੂ ਜੀ। ਬਾਪੂ, ਤੇਰੇ ਹਲ ਚਲਾਉਣ ਕਰਕੇ ਅੱਜ ਮੈਂ ਜਹਾਜ਼ ਚਲਾ ਰਿਹਾ ਹਾਂ। ਤੇਰੀ ਦਿੱਤੀ ਉਡਾਣ ਸਦਕਾ ਹੀ ਅੱਜ ਮੈਂ ਅਸਮਾਨਾਂ ਵਿੱਚ ਹਾਂ। ਧੰਨਵਾਦ ਬਾਪੂ।'

ਜਦੋਂ ਅਰਜੁਨ ਦੀ ਆਵਾਜ਼ ਜਹਾਜ਼ ਦੇ ਸਪੀਕਰਾਂ ਵਿਚ ਗੂੰਜੀ, ਤਾਂ ਨਿਰਮਲ ਸਿੰਘ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਉਸਨੇ ਆਪਣਾ ਸਿਰ ਨੀਵਾਂ ਕਰ ਲਿਆ, ਪਰ ਉਸਦਾ ਸੀਨਾ ਮਾਣ ਨਾਲ ਚੌੜਾ ਸੀ। ਜਹਾਜ਼ ਵਿਚ ਬੈਠੇ ਹੋਰ ਪੰਜਾਬੀ ਮੁਸਾਫ਼ਿਰਾਂ ਦੀਆਂ ਅੱਖਾਂ ਵੀ ਨਮ ਸਨ। ਉਨ੍ਹਾਂ ਨੇ ਖੜ੍ਹੇ ਹੋ ਕੇ ਤਾਲੀਆਂ ਵਜਾਈਆਂ।

ਨਿਰਮਲ ਸਿੰਘ ਨੂੰ ਮਹਿਸੂਸ ਹੋਇਆ ਕਿ ਉਸਦੀ ਜ਼ਮੀਨ ਦਾ ਉਹ ਟੁਕੜਾ ਵਿਅਰਥ ਨਹੀਂ ਗਿਆ, ਉਸਨੇ ਅਸਲ ਵਿਚ ਆਪਣੇ ਪੁੱਤ ਨੂੰ 'ਖੰਭ' ਦੇ ਦਿੱਤੇ ਸਨ।

22 ਜਨਵਰੀ ਦੀ ਦੁਪਹਿਰ ਹੋ ਰਹੀ ਹੈ। ਜਹਾਜ਼ ਵੈਨਕੂਵਰ ਵਿਚ ਲੈਂਡ ਕਰ ਚੁੱਕਾ ਹੈ। ਅਰਜੁਨ ਬਾਹਰ ਨਿਕਲਿਆ ਅਤੇ ਆਪਣੇ ਬਾਪੂ ਦੇ ਗੋਡੀਂ ਹੱਥ ਲਗਾਏ। ਬਾਪੂ ਨੇ ਉਸਨੂੰ ਘੁੱਟ ਕੇ ਕਾਲਜੇ ਨਾਲ ਲਗਾ ਲਿਆ।

ਇਹ ਕਹਾਣੀ ਉਨ੍ਹਾਂ ਸਾਰੇ ਨੌਜਵਾਨਾਂ ਨੂੰ ਸਮਰਪਿਤ ਹੈ ਜੋ ਪਰਦੇਸ ਵਿਚ ਉੱਚੇ ਸੁਪਨੇ ਦੇਖਦੇ ਹਨ। ਯਾਦ ਰੱਖਿਓ, ਤੁਹਾਡੀ ਉਡਾਣ ਜਿੰਨੀ ਮਰਜ਼ੀ ਉੱਚੀ ਹੋਵੇ, ਤੁਹਾਡੀ ਬੁਨਿਆਦ ਹਮੇਸ਼ਾ ਤੁਹਾਡੇ ਮਾਪਿਆਂ ਦੀ ਮਿਹਨਤ ਹੁੰਦੀ ਹੈ। ਦਾਸਤਾਨ ਪੰਜਾਬੀ ਜਵਾਨੀ ਦੀ ਕਾਬਲੀਅਤ ਅਤੇ ਮਾਪਿਆਂ ਦੇ ਤਿਆਗ ਨੂੰ ਸਲਾਮ ਕਰਦੀ ਹੈ।

## ਲੋਕ ਕੀ ਕਹਿਣਗੇ?

ਪੰਜਾਬ ਬੁਰਾਈਆਂ ਤੋਂ ਬੰਦਾ ਬਚ ਜਾਂਦੈ ਇਹ ਸੋਚ ਕੇ ਕਿ ਜੇ ਮੈਂ ਇਹ ਕੰਮ ਕੀਤਾ ਤਾਂ ਲੋਕ ਕੀ ਕਹਿਣਗੇ

ਇਕ ਹਿੰਦੀ ਫਿਲਮ ਹੈ, 'ਰੁਦਾਲੀ' ਡਿੰਪਲ ਕਪਾਡੀਆ ਦੀ, ਜੀਹਦੇ ਵਿਚ ਉਹ ਪੈਸੇ ਲੈ ਕੇ, ਮਰੇ ਹੋਏ ਅਮੀਰਾਂ ਵਾਸਤੇ, ਰੋਣ, ਪਿੱਟਣ ਤੇ ਵੈਣ ਪਾਉਣ ਜਾਂਦੀ ਹੈ। ਅਜਕੱਲ੍ਹ ਸਾਨੂੰ ਆਪਣੇ ਵਿਆਹਾਂ ਵਿਚ, ਪੈਸੇ ਦੇ ਕੇ ਨੱਚਣ-ਟੱਪਣ ਵਾਲੀਆਂ ਕੁੜੀਆਂ ਮੁੰਡੇ ਲੈ ਕੇ ਆਉਣੇ ਪੈਂਦੇ ਨੇ। ਫਰਕ ਕੀ ਹੈ, ਚਾਹੇ ਮਰੇ 'ਤੇ ਵੈਣ ਪਾਉਣ, ਭਾਵੇਂ ਉੱਤੇ ਲੋਕ ਆਉਣ ਜਾਂ ਸਾਡੇ ਲਈ ਖੁਸ਼ੀਆਂ



ਰਜਿੰਦਰ ਸਿੰਘ ਟਾਂਡਾ

ਮਨਾਉਣ। ਕਿਓਂਕਿ ਗਰੀਬ ਹੋ ਗਏ ਹਾਂ ਅਸੀਂ, ਨਾ ਸਾਡੇ ਵੈਣ ਪਾਉਣ ਵਾਲਾ ਕੋਈ ਆਪਣਾ, ਨਾ ਸਾਡੇ ਲਈ ਭੰਗੜਾ ਪਾਉਣ ਵਾਲਾ ਕੋਈ ਆਪਣਾ।

ਉੱਤੋਂ ਅੱਜ ਕੱਲ ਹਰ Podcast, ਇੱਕੋ ਗੱਲ ਦੀ ਦੁਹਾਈ ਦਿੰਦਾ ਜਾ ਰਿਹਾ, ਆਪਣੇ-



ਆਪ 'ਤੇ ਕੇਂਦਰਿਤ ਹੋਵੋ। ਆਪਣੇ ਬਾਰੇ ਸੋਚੋ, ਤੁਸੀਂ ਕੀ ਲੈਣਾ ਲੋਕਾਂ ਤੋਂ। ਤੁਸੀਂ ਆਪਣੀ ਖੁਸ਼ੀ ਦੇਖੋ, ਕੋਈ ਤੁਹਾਡੇ ਬਾਰੇ ਕੀ ਕਹਿ ਰਿਹਾ, ਇਹਦੇ ਬਾਰੇ ਸੋਚਣਾ ਛੱਡੋ।

ਸੋਚੋ! ਜੇ ਸਾਰੇ ਇਸ 'ਤੇ ਅਮਲ ਕਰਨ ਲੱਗ ਪੈਣ ਤਾਂ, ਫਿਰ ਸਮਾਜ ਕਿਹੋ ਜਿਹਾ ਹੋਵੇਗਾ? ਸਮਾਜ ਇੱਕ ਤੰਦ ਵਿਚ ਬੱਝਿਆ ਹੁੰਦੈ, ਜਿਸ ਤੰਦ ਨੂੰ ਇਹ ਪੋਡਕਾਸਟ ਤੋੜਨ ਲਈ ਜ਼ੋਰ ਪਾ ਰਹੇ ਨੇ। ਜਿਓਂ ਹੀ ਇਹ ਤੰਦ ਟੁੱਟੀ, ਨੱਚਣੇ ਜਾਂ ਵੈਣ ਪਾਉਣ ਵਾਲਿਆਂ ਨੂੰ ਤਾਂ ਛੱਡੋ, ਵਿਆਹ ਵਿਚ ਰਿਬਨ ਕੱਟਣ, ਜੁੱਤੀ ਚੋਰੀ ਕਰਨ ਤੇ ਕਲੀਚੜੀਆਂ ਮੰਗਣ ਲਈ ਸਾਲੀਆਂ ਕਿਰਾਏ 'ਤੇ ਆਉਣ ਤੋਂ ਲੈ ਕੇ ਆਖਰੀ ਸਫ਼ਰ ਦੇ ਚਾਰ ਮੋਢੇ ਵੀ ਕਿਰਾਏ 'ਤੇ ਆਇਆ ਕਰਨਗੇ।

# ‘ਲੋਹੇ ਦੇ ਹੱਥ’ ਦਾ ਛਪਣਾ




ਪਿਛਲੇ ਦਿਨੀਂ ਮੈਂ ਆਪਣੇ ਪਹਿਲੇ ਕਹਾਣੀ-ਸੰਗ੍ਰਹਿ (1971) ਦੇ ਟਾਈਟਲ ਦੀ ਕਾਪੀ ਭੇਜਣ ਲਈ ਫੇਸ-ਬੁੱਕ 'ਤੇ ਅਪੀਲ ਕੀਤੀ। ਭੇਜਦਾ ਤਾਂ ਉਹੋ ਹੀ ਜਿਸ ਨੇ 55 ਸਾਲ ਪਹਿਲਾਂ ਛਪੀ ਕਿਤਾਬ ਹੁਣ ਤੱਕ ਸਾਂਭ ਕੇ ਰੱਖੀ ਹੋਵੇ! ਫਿਰ ਵੀ ਬਹੁਤ ਸਾਰੇ ਸੱਜਣਾਂ ਨੇ ਬੜੀ ਖੇਚਲ ਕਰ ਕੇ ਟਾਈਟਲ ਦੀਆਂ ਤਸਵੀਰਾਂ ਲੱਭ ਕੇ ਭੇਜੀਆਂ, ਪਰ ਉਹ ਦੂਜੇ ਜਾਂ ਤੀਜੇ ਐਡੀਸ਼ਨ ਦੀਆਂ ਸਨ। ਪਹਿਲਾ ਐਡੀਸ਼ਨ ਲਗਪਗ ਦੁਰਲੱਭ ਹੋ ਗਿਆ ਸੀ ਕਿ ਅਚਾਨਕ ਇੱਕ ਮਿਹਰਬਾਨ ਮਿੱਤਰ ਮੇਹਰ ਸਿੰਘ ਸੰਧੂ (ਫ਼ਰੀਦਕੋਟ) ਨੇ ਅਸਲੀ ਟਾਈਟਲ ਦੀ ਤਸਵੀਰ ਭੇਜ ਕੇ ਨਿਹਾਲੋ-



ਨਿਹਾਲ ਕਰ ਦਿੱਤਾ। ਉਹਨੇ ਅਜੇ ਤੱਕ ਕਿਤਾਬ ਸਾਂਭੀ ਹੋਈ ਸੀ।

'ਸੰਧੂ ਸਾਹਿਬ ਮੈਂ ਤੁਹਾਨੂੰ ਕਿਤਾਬ ਦੇ ਪਹਿਲੇ ਪੇਜ ਸਕੈਨ ਕਰਕੇ ਭੇਜ

**ਵਰਿਆਮ ਸਿੰਘ ਸੰਧੂ**
ਫੋਨ: 647-535-1539
+91-98726-02296

ਦਿੱਤੇ ਹਨ ਤੇ ਫੋਟੋ ਵੀ ਦੇਖ ਲੈਣਾ ਜੇ ਤਾਂ ਸਾਫ ਹੋਈਆਂ ਤਾਂ ਠੀਕ ਹੈ, ਨਹੀਂ ਮੈਂ ਦੁਬਾਰਾ ਕਿਸੇ ਵਧੀਆ ਕੈਮਰੇ ਨਾਲ ਸਕੈਨ ਕਰਵਾ ਕੇ ਭੇਜ ਦੇਵਾਂਗਾ। ਤੁਹਾਡੀ ਇਹ ਕਿਤਾਬ ਮੈਂ ਸਰਕਾਰੀ ਬਰਜਿੰਦਰ ਕਾਲਜ ਫਰੀਦਕੋਟ ਵਿਖੇ ਪੜ੍ਹਦੇ ਸਮੇਂ ਖਰੀਦੀ ਸੀ, ਇਥੇ ਗੁਰਸ਼ਰਨ ਸਿੰਘ ਭਾਜੀ ਨਾਟਕ ਕਰਨ ਆਏ ਸਨ ਤੇ ਨਾਟਕ ਤੋਂ ਬਾਅਦ ਉਨ੍ਹਾਂ ਨੇ ਕਿਤਾਬਾਂ ਦਾ ਸਟਾਲ ਲਗਾਇਆ ਸੀ। ਉਸ ਸਟਾਲ ਤੋਂ ਇਹ ਕਿਤਾਬ ਖਰੀਦੀ ਸੀ। ਉਸ ਸਮੇਂ ਮੈਂ ਆਪਣੇ ਪਿੰਡ ਭਲੂਰ ਤੋਂ ਕਾਲਜ ਪੜ੍ਹਨ ਆਉਂਦਾ ਸੀ ਤੇ ਅੱਜ ਕੱਲ ਮੇਰੀ ਰਿਹਾਇਸ਼ ਫਰੀਦਕੋਟ ਗਰੀਨ ਐਵਨਿਊ ਵਿਖੇ ਹੈ।'

...

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਅਮਰਜੀਤ ਚੰਦਨ 'ਦਸਤਾਵੇਜ਼' ਛਾਪ ਕੇ ਉਨ੍ਹਾਂ ਵੇਲਿਆਂ ਵਿਚ ਲਿਖੀ ਕਵਿਤਾ ਨੂੰ ਤਾਂ ਸੰਭਾਲ ਹੀ ਰਿਹਾ ਸੀ, ਸਗੋਂ, ਉਹਨੇ ਹੀ ਨਾਟਕਕਾਰ ਗੁਰਸ਼ਰਨ ਸਿੰਘ ਦੇ ਨਵੇਂ ਸਥਾਪਤ ਕੀਤੇ ਪ੍ਰਕਾਸ਼ਨ-ਘਰ 'ਬਲਰਾਜ ਸਾਹਨੀ ਪੁਸਤਕਾਲਾ' ਤੋਂ ਪਾਸ਼ ਅਤੇ ਸੰਤ ਸੰਧੂ ਦੇ ਕਾਵਿ-ਸੰਗ੍ਰਹਿ 'ਲੋਹ-ਕਥਾ' ਅਤੇ 'ਸੀਸ ਤਲੀ 'ਤੇ' ਛਪਵਾ ਕੇ ਜੁਝਾਰਵਾਦੀ ਕਵਿਤਾ ਦਾ ਚਿਹਰਾ ਮੁਹਰਾ ਸਥਾਪਤ ਕਰਨ ਵਿਚ ਉਘਾ ਇਤਿਹਾਸਕ ਰੋਲ ਨਿਭਾਇਆ। ਪਾਸ਼ ਤੇ ਸੰਤ ਸੰਧੂ ਪੈਂਦੀ ਸੱਟੇ ਸਥਾਪਤ ਹੋ ਗਏ। ਇਨ੍ਹਾਂ ਦੇ ਛਪਣ ਨਾਲ ਨਵੀਂ 'ਕ੍ਰਾਂਤੀਕਾਰੀ ਕਵਿਤਾ' ਦੀ ਗੱਲ ਤੁਰ ਪਈ। ਕਵੀਆਂ ਦੀ ਵੱਡੀ ਭੀੜ ਅਜਿਹੀਆਂ ਕਵਿਤਾਵਾਂ ਲਿਖਣ ਲੱਗੀ।

ਜਿਵੇਂ ਦੱਸਿਆ ਹੈ ਕਿ ਇਸ ਸਮੇਂ ਪੈਦਾ ਹੋਈ ਇਸ ਸਾਹਿਤਕ-ਸਿਆਸੀ ਲਹਿਰ ਨੂੰ ਸਭ ਤੋਂ ਵੱਧ ਭਰਵਾਂ ਹੁੰਗਾਰਾ ਕਵੀਆਂ ਵੱਲੋਂ ਹੀ ਮਿਲਿਆ। ਸਾਹਿਤਕ ਚਿਤਰ-ਪੱਟ ਉਤੇ ਪਾਸ਼, ਅਮਰਜੀਤ ਚੰਦਨ, ਹਰਭਜਨ ਹਲਵਾਰਵੀ, ਲਾਲ ਸਿੰਘ ਦਿਲ, ਸੰਤ ਸੰਧੂ, ਦਰਸ਼ਨ ਖਟਕੜ ਆਦਿ ਕਵੀਆਂ ਦਾ ਉਦੈ ਹੋਇਆ। ਇਸੇ ਸਮੇਂ ਜਦੋਂ ਮੇਰੀਆਂ ਕੁੱਝ ਹੋਰ ਕਹਾਣੀਆਂ 'ਹੇਮ ਜਯੋਤੀ' ਵਿਚ ਛਪੀਆਂ ਤਾਂ ਲੇਖਕਾਂ-ਪਾਠਕਾਂ ਵੱਲੋਂ ਇਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲਣ ਲੱਗਾ। 'ਹੇਮ-ਜਯੋਤੀ' ਵਿਚ ਛਪੀਆਂ ਅਤੇ ਮੈਨੂੰ ਆਈਆਂ ਚਿੱਠੀਆਂ ਨੇ ਇਹ ਦੱਸਿਆ ਕਿ ਮੈਂ 'ਸਮੇਂ ਦੇ ਹਾਣ' ਦੀ ਕਹਾਣੀ ਲਿਖ ਰਿਹਾ ਹਾਂ। ਬੇਸ਼ੱਕ ਮੈਂ ਕਵਿਤਾਵਾਂ ਵੀ ਲਿਖ ਰਿਹਾ ਸਾਂ ਪਰ ਪਹਿਲੇ ਅਤੇ ਇਕੋ ਇੱਕ 'ਇਨਕਲਾਬੀ' ਕਹਾਣੀਕਾਰ ਦੇ ਤੌਰ 'ਤੇ ਮੇਰੀ ਪਛਾਣ ਹੋਣੀ ਸ਼ੁਰੂ ਹੋ ਗਈ ਸੀ। 1970 ਦੇ ਖ਼ਤਮ ਹੁੰਦਿਆਂ ਅਗਲੇ ਸਾਲ ਵਿਚ ਉਭਰ ਰਹੀਆਂ ਨਵੀਆਂ ਸਾਹਿਤਕ ਸੰਭਾਵਨਾਵਾਂ ਬਾਰੇ 'ਹੇਮ-ਜਯੋਤੀ' ਦੇ ਸੰਪਾਦਕੀ ਵਿਚ ਲਿਖਿਆ ਗਿਆ, 'ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ ਅਤੇ ਵਰਿਆਮ ਸੰਧੂ 1971 ਦਾ ਇਕਰਾਰ ਹਨ।'

ਇਨ੍ਹਾਂ ਵਿਚੋਂ ਪਹਿਲੇ ਤਿੰਨ ਤਾਂ ਕਵੀ ਸਨ-ਕੇਵਲ ਮੈਂ ਹੀ ਇਕੱਲਾ ਸੰਬੰਧਤ ਵਿਚਾਰਧਾਰਾ ਦੇ ਸਾਹਿਤਕ ਆਗੂਆਂ ਦੀਆਂ ਨਜ਼ਰਾਂ ਵਿਚ, ਕੁੱਝ 'ਨਵਾਂ ਕਰ ਸਕਣ ਵਾਲਾ' ਕਹਾਣੀਕਾਰ ਸਾਂ।

ਪਾਸ਼ ਤੇ ਸੰਤ ਸੰਧੂ ਦੀਆਂ ਕਿਤਾਬਾਂ ਛਪਵਾਉਣ ਤੋਂ ਬਾਅਦ ਅਮਰਜੀਤ ਚੰਦਨ ਮੇਰੇ ਪਿੰਡ 'ਸੁਰ ਸਿੰਘ' ਆ 'ਧਮਕਿਆ', ਪਹਿਲਾਂ ਵੀ ਆਉਂਦਾ ਹੀ ਰਹਿੰਦਾ ਸੀ, ਪਰ ਇਸ ਵਾਰ ਉਹਨੇ ਮੈਨੂੰ ਹੁਕਮ ਲਾ ਦਿੱਤਾ ਕਿ ਮੈਂ ਆਪਣੀਆਂ 'ਇਨਕਲਾਬੀ ਰੰਗ' ਵਾਲੀਆਂ ਕਹਾਣੀਆਂ ਇਕੱਠੀਆਂ ਕਰ ਕੇ ਉਹਦੇ ਸਪੁਰਦ ਕਰਾਂ।

ਹਰਭਜਨ ਹਲਵਾਰਵੀ ਜਦੋਂ ਮੇਰੀਆਂ ਪਹਿਲਾਂ ਲਿਖੀਆਂ ਕਹਾਣੀਆਂ ਪੜ੍ਹਦਾ ਤਾਂ ਅਸੀਂ ਦੋਵੇਂ ਉਨ੍ਹਾਂ ਦੇ ਕੱਚੇ-ਪਨ ਤੇ ਰੁਮਾਂਟਿਕ ਦ੍ਰਿਸ਼ਟੀਕੋਣ 'ਤੇ ਮਿਲ ਕੇ ਹੱਸਦੇ। ਉਸ ਸਾਹਿਤ ਤੋਂ ਟੁੱਟਣ ਵਾਸਤੇ ਮੈਂ ਉਦੋਂ ਤੱਕ, ਮੇਰਾ ਜੋ ਕੁੱਝ ਵੀ ਛਪਿਆ ਸੀ, ਉਹ ਸਾਰਾ ਹੀ ਬੀਬੀ ਨੂੰ ਚੁੱਲ੍ਹੇ ਵਿਚ ਅੱਗ ਬਾਲਣ ਲਈ ਦੇ ਦਿੱਤਾ। ਹੁਣ ਮੈਂ ਬੀਤੇ ਦੀਆਂ ਲਿਖਤਾਂ ਤੋਂ ਸੁਰਖ਼ਰੂ ਹੋ ਗਿਆ ਸਾਂ। ਜਦੋਂ ਚੰਦਨ ਨੇ ਮੈਨੂੰ ਆਖਿਆ ਕਿ ਪਹਿਲਾ ਕਹਾਣੀ-ਸੰਗ੍ਰਹਿ ਛਪਵਾਉਣ ਲਈ ਆਪਣੀਆਂ ਚੋਣਵੀਆਂ ਕਹਾਣੀਆਂ ਦਾ ਖਰੜਾ ਤਿਆਰ ਕਰਾਂ ਤਾਂ ਮੈਨੂੰ ਮਸਾਂ ਦਸ ਕਹਾਣੀਆਂ ਲੱਭ ਸਕੀਆਂ, ਜਿਹੜੀਆਂ ਮੁਸ਼ਕਿਲ ਨਾਲ ਕਿਤਾਬ ਦੇ ਅੱਸੀ ਕੁ ਪੰਨਿਆਂ ਤੱਕ ਹੀ ਫ਼ੈਲ ਸਕੀਆਂ। ਉਦੋਂ 'ਨਿੱਕੀ ਹੁਨਰੀ ਕਹਾਣੀ' ਲਿਖਣ ਦਾ ਰਿਵਾਜ ਹੀ ਸੀ।

ਚੰਦਨ ਉਹ ਕਹਾਣੀਆਂ ਮੇਰੇ ਕੋਲੋਂ ਲੈ ਗਿਆ ਤੇ ਇੰਜ 1971 ਵਿਚ ਛਪੇ ਇਸ ਸੰਗ੍ਰਹਿ 'ਲੋਹੇ ਦੇ ਹੱਥ' ਨੂੰ ਛਪਾਉਣ ਦਾ ਸਾਰਾ ਉੱਦਮ ਅਮਰਜੀਤ ਚੰਦਨ ਨੇ ਹੀ ਕੀਤਾ। ਪਾਸ਼ ਤੇ ਸੰਤ ਸੰਧੂ ਦੀਆਂ ਕਵਿਤਾਵਾਂ ਛਾਪਣ ਤੋਂ ਬਾਅਦ ਸ਼ਾਇਦ ਖ਼ੁਫ਼ੀਆ ਤੰਤਰ ਦਾ ਧਿਆਨ ਗੁਰਸ਼ਰਨ ਸਿੰਘ ਵੱਲ ਹੋ ਗਿਆ ਸੀ। ਅਸਲੀ ਗੱਲ ਦਾ ਤਾਂ ਪਤਾ ਨਹੀਂ, ਮੇਰੇ ਕਹਾਣੀ-ਸੰਗ੍ਰਹਿ ਉਤੇ 'ਬਲਰਾਜ ਸਾਹਨੀ ਪਬਲਿਸ਼ਰਜ਼' ਦਾ ਨਾਂ ਨਹੀਂ ਸੀ ਛਾਪਿਆ ਗਿਆ ਸਗੋਂ ਇਸ ਉਤੇ ਸੁਰਿੰਦਰ ਹੇਮਜਯੋਤੀ ਦੇ ਅਦਾਰੇ 'ਦੇਵਦੂਤ ਪਬਲਿਸ਼ਰਜ਼, ਲੁਧਿਆਣਾ' ਦਾ ਨਾਮ ਛਾਪਿਆ ਗਿਆ।

ਗੁਰਸ਼ਰਨ ਸਿੰਘ ਨੇ ਪਾਸ਼ ਤੇ ਸੰਤ ਸੰਧੂ ਦੀਆਂ ਜੋ ਕਿਤਾਬਾਂ ਛਾਪੀਆਂ ਸਨ, ਉਨ੍ਹਾਂ ਦਾ ਕਾਗਜ਼ ਵੀ ਬਹੁਤ ਮਾੜਾ, ਛਪਾਈ ਵੀ ਨਿਕੰਮੀ ਤੇ ਟਾਈਟਲ ਵੀ ਸੁਹਜ-ਵਿਹੂਣੇ ਸਨ। 'ਲੋਹੇ ਦੇ ਹੱਥ' ਦਾ ਕਾਗਜ਼ ਵੀ ਬਹੁਤ ਸੋਹਣਾ ਸੀ ਤੇ ਛਪਾਈ ਵੀ ਵਧੀਆ। ਟਾਈਟਲ ਤਾਂ ਅਸਲੋਂ ਹੀ ਕਮਾਲ ਦਾ। ਖੁਰਦਰੇ ਜਿਹੇ ਕਾਗਜ਼ ਦੇ ਪੂਰੇ ਸਫ਼ੇ 'ਤੇ ਤਣਿਆ ਹੋਇਆ ਲੋਹ-ਰੰਗਾ ਮੁੱਕਾ। ਸੱਚਮੁੱਚ ਲੋਹੇ ਦੇ ਹੱਥ ਦੀ ਤਰਜਮਾਨੀ ਕਰਦਾ। ਇਹ ਅਮਰਜੀਤ ਚੰਦਨ ਦੀ ਸੁਹਜ ਚੇਤਨਾ ਦਾ ਹੀ ਕਮਾਲ ਸੀ। ਜੇ ਉਹ ਕਿਤਾਬ ਗੁਰਸ਼ਰਨ ਸਿੰਘ ਛਾਪਦਾ ਤਾਂ ਨਿਸ਼ਚੈ ਹੀ ਉਹਦੀ ਦਿੱਖ ਘੱਟੀ ਤੇ ਰੱਦੀ ਜਿਹੀ ਹੀ ਹੁੰਦੀ।

'ਲੋਹੇ ਦੇ ਹੱਥ' ਦੇ ਛਪਣ ਦਾ ਮੇਰੇ ਸਾਹਿਤਕ ਜੀਵਨ-ਇਤਿਹਾਸ ਵਿਚ ਤਾਂ ਵੱਡਾ ਯੋਗਦਾਨ ਸੀ ਹੀ, (ਕਿਉਂਕਿ ਜੇ ਇਹ ਸੰਗ੍ਰਹਿ ਚੰਦਨ ਨਾ ਛਪਵਾਉਂਦਾ ਤਾਂ ਪਤਾ ਨਹੀਂ ਕਿੰਨੇ ਸਾਲਾਂ ਬਾਅਦ ਜਾ ਕੇ ਹੀ ਮੇਰਾ ਕੋਈ ਸੰਗ੍ਰਹਿ ਛਪ ਸਕਦਾ)। ਮੇਰੇ ਜੀਵਨ ਦਾ ਤਾਂ ਸੀ ਹੀ, ਪਰ ਚੰਦਨ ਦੀ ਜ਼ਿੰਦਗੀ ਵਿਚ ਤਾਂ ਇਸ ਸੰਗ੍ਰਹਿ ਦਾ ਛਪਣਾ ਬਹੁਤ ਵੱਡਾ ਮੋੜ ਬਣ ਕੇ ਆਇਆ। ਕਹਾਣੀਆਂ ਦੇ ਪਰੂਫ਼ ਪੜ੍ਹਨ ਤੋਂ ਬਾਅਦ ਉਹ ਕਿਤਾਬ ਛਾਪਣ ਲਈ ਖਰੜਾ ਗੁਰਸ਼ਰਨ ਸਿੰਘ ਨੂੰ ਦੇਣ ਉਹਦੇ ਦਫ਼ਤਰ ਗਿਆ। ਦਫ਼ਤਰੋਂ ਬਾਹਰ ਆ ਕੇ ਆਪਣਾ ਸਾਈਕਲ ਫੜ ਕੇ ਤੁਰਨ ਹੀ ਵਾਲਾ ਸੀ ਕਿ ਪਹਿਲਾਂ ਹੀ ਸਾਦੇ ਕੱਪੜਿਆਂ ਵਿਚ ਖਲੋਤੇ ਪੁਲਿਸ ਦੇ ਬੰਦਿਆਂ ਵਿਚੋਂ ਇੱਕ ਜਣੇ ਨੇ ਉਹਨੂੰ ਜੱਫਾ ਮਾਰ ਲਿਆ। ਉਹ ਸਾਈਕਲ ਦੀ ਟੋਕਰੀ ਵਿਚ ਪਏ ਝੋਲੇ ਵਿਚ ਰੱਖੇ ਗ੍ਰਨੇਡ ਵੱਲ ਹੱਥ ਵਧਾਉਣ ਹੀ ਵਾਲਾ ਸੀ ਕਿ ਥਾਣੇਦਾਰ ਨੇ ਤੁਰਤ ਉਹਦਾ ਗੁੱਟ ਫੜ ਕੇ ਉਹਨੂੰ ਦਬੋਚ ਲਿਆ ਤੇ ਠਿੱਬੀ ਮਾਰ ਕੇ ਜ਼ਮੀਨ 'ਤੇ ਸੁੱਟ



ਅਮਰਜੀਤ ਚੰਦਨ

ਲਿਆ ਤੇ ਉਹ ਉਹਨੂੰ ਕੁੱਟਣ ਲੱਗੇ। ਛੇਤੀ ਹੀ ਉਹਨੂੰ ਜੂੜ ਕੇ ਲੈ ਤੁਰੇ। ਉਦੋਂ ਡਰ ਹੁੰਦਾ ਸੀ ਕਿ ਫੜੇ ਗਏ ਬੰਦੇ ਦਾ ਮੁਕਾਬਲਾ ਨਾ ਬਣਾ ਦਿੱਤਾ ਜਾਵੇ। ਇਸ ਲਈ ਉਹਨੇ ਪੁਲਿਸ ਤੇ ਸਰਕਾਰ ਦੇ ਖ਼ਿਲਾਫ਼ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ ਤਾਕਿ ਉਹਦੀ ਗ੍ਰਿਫ਼ਤਾਰੀ ਜੱਗ ਜ਼ਾਹਿਰ ਹੋ ਸਕੇ। ਚੰਦਨ ਦੱਸਦਾ ਹੈ ਕਿ ਉਸ ਵੇਲੇ ਆਪਣੇ ਦਫ਼ਤਰ ਦੇ ਬਾਹਰ ਖਲੋਤਾ ਗੁਰਸ਼ਰਨ ਸਿੰਘ ਇਹ 'ਤਮਾਸ਼ਾ' ਵੇਖ ਰਿਹਾ ਸੀ।

ਉਹਨੂੰ ਗ਼ੈਰ-ਕਾਨੂੰਨੀ ਤੌਰ 'ਤੇ ਵਿਸਫ਼ੋਟਕ ਪਦਾਰਥ ਰੱਖਣ ਦੇ ਕੇਸ ਵਿਚ ਗ੍ਰਿਫ਼ਤਾਰ ਕਰ ਕੇ ਅੰਮ੍ਰਿਤਸਰ ਦੀ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ, ਜਿੱਥੇ ਉਹਨੂੰ ਚਾਲੀ ਚੱਕੀਆਂ ਦੀ ਤੰਗ ਜਿਹੀ ਕੋਠੜੀ ਵਿਚ ਡੱਕ ਦਿੱਤਾ।

ਉਹਦੇ ਗ੍ਰਿਫ਼ਤਾਰ ਹੋਣ ਦੀ ਖ਼ਬਰ ਪੜ੍ਹੀ ਤਾਂ ਅਸੀਂ ਸਾਰਾ ਟੱਬਰ ਬਹੁਤ ਉਦਾਸ ਹੋਏ ਪਰ ਫਿਰ ਵੀ 'ਰੱਬ' ਦਾ ਲੱਖ ਲੱਖ ਸ਼ੁਕਰ ਕਰਦੇ ਕਿ ਪੁਲਸੀਆਂ ਨੇ ਝੋਲੇ ਵਿਚੋਂ ਗ੍ਰਨੇਡ ਕੱਢ ਕੇ ਚਲਾਉਣ ਦਾ ਉਹਦਾ ਯਤਨ ਕਾਮਯਾਬ ਨਹੀਂ ਸੀ ਹੋਣ ਦਿੱਤਾ। ਜੇ ਕਿਤੇ ਇੰਝ ਹੋ ਜਾਂਦਾ ਤਾਂ...! ਅਸੀਂ ਸੋਚ ਕੇ ਹੀ ਕੰਬ ਜਾਂਦੇ। ਮੇਰੀ ਮਾਂ, ਮੇਰਾ ਪਿਉ, ਮੇਰੀਆਂ ਭੈਣਾਂ, ਮੇਰਾ ਭਰਾ, ਅਸੀਂ ਸਾਰੇ ਕਈ ਦਿਨ ਉਹਦੀਆਂ ਗੱਲਾਂ ਕਰਦੇ, ਉਹਨੂੰ ਯਾਦ ਕਰਦੇ ਰਹੇ। ਕਿਵੇਂ ਪੁਲਿਸ ਨੇ ਉਸ 'ਤੇ ਤਸ਼ੱਦਦ ਢਾਹਿਆ ਹੋਵੇਗਾ! ਉਹਦੇ ਮਲੂਕੜੇ ਜਿਸਮ ਨੇ ਕਿਵੇਂ ਇੰਟੈਰੋਗੇਸ਼ਨ ਦੇ ਤਸੀਹੇ ਸਹੇ ਹੋਣਗੇ!

ਮੈਂ ਆਪਣੀਆਂ ਤੇ ਆਪਣੇ ਪਰਿਵਾਰ ਦੀਆਂ ਭਾਵਨਾਵਾਂ ਨੂੰ ਬਿਆਨ ਕਰਦੀ ਕਵਿਤਾ ਲਿਖੀ, ਜੋ ਹੇਮ-ਜਯੋਤੀ ਦੇ ਅੰਦਰਲੇ ਪਹਿਲੇ ਪੰਨੇ 'ਤੇ ਛਪੀ। ਉਹ ਕਵਿਤਾ ਦਾ ਭਾਵੇਂ ਉੱਤਮ ਨਮੂਨਾ ਨਾ ਹੀ ਹੋਵੇ, ਪਰ ਉਸ ਵਿਚ ਪੇਸ਼ ਹੋਈ ਮੇਰੀ ਭਾਵਨਾ ਬੜੀ ਸ਼ੁੱਧ ਸੀ। ਇਸਨੂੰ ਮੈਂ ਆਪਣੇ ਕਾਵਿ-ਸੰਗ੍ਰਹਿ 'ਵਰ੍ਹਿਆਂ ਪਿੱਛੋਂ' ਵਿਚ ਛਾਪ ਕੇ ਉਸ ਵੇਲੇ ਦੇ ਅਹਿਸਾਸ ਨੂੰ ਜ਼ਿੰਦਾ ਰੱਖਿਆ ਹੈ।

ਕਿਸੇ ਨਕਸਲੀ ਆਗੂ ਨੇ ਮੇਰੀ ਡਿਊਟੀ ਲਾਈ ਕਿ ਮੈਂ ਉਹਦਾ ਟਰੰਕ ਅੰਬਰਸਰੋਂ ਲੈ ਕੇ ਆਵਾਂ। ਇਹ ਟਰੰਕ ਉਹਨੇ ਸਾਬਿੰਦਰਜੀਤ ਸਾਗਰ ਕੋਲ ਰੱਖਿਆ ਹੋਇਆ ਸੀ। ਸਾਗਰ ਛੇਹਰਟੇ ਕਿਸੇ ਖਾਲੀ ਪਏ ਪਲਾਟ ਵਿਚ ਛੱਤੀ ਗਈ ਗਰੀਬੜੀ ਜਿਹੀ ਕੋਠੜੀ ਵਿਚ ਰਹਿੰਦਾ ਸੀ, ਜਿਸਦੀ ਖ਼ਸਤਾ ਹਾਲ ਛੱਤ ਤੋਂ ਕਿਰਦੀ ਮਿੱਟੀ ਨੂੰ ਰੋਕਣ ਵਾਸਤੇ ਹੇਠਾਂ ਬੋਰੀਆਂ ਦੀ ਬਣਾਈ ਪੱਲੀ ਲਾਈ ਹੋਈ ਸੀ, ਜਿਸ ਵਿਚ ਮੋਟੇ ਚੂਹੇ ਏਧਰੋਂ-ਓਧਰ ਦਗੜ ਦਗੜ ਕਰਦੇ ਫਿਰਦੇ। ਚੰਦਨ ਇਸ 'ਰੰਗ-ਮਹਿਲ' ਵਿਚ ਵੀ ਸਾਗਰ ਕੋਲ ਕਦੀ-ਕਦੀ ਰਾਤਾਂ ਕੱਟਦਾ ਰਿਹਾ ਹੋਣਾ।

ਮੈਂ ਉਹ ਟੁੱਟਾ ਜਿਹਾ ਲੋਹੇ ਦਾ ਟਰੰਕ ਲੈ ਆਇਆ। ਉਸ ਵਿਚ ਇੱਕ ਦੋ ਕਿਤਾਬਾਂ ਸਨ ਜਾਂ ਕੁਝ ਅੱਧ-ਲਿਖੇ ਕਾਗ਼ਜ਼। ਨਿੱਕਾ ਜਿਹਾ ਪੈਡ ਵੀ ਜਿਸ 'ਤੇ ਕੁਝ ਅਧੂਰੀਆਂ ਕਵਿਤਾਵਾਂ ਦੀਆਂ ਇੱਕ-ਇੱਕ, ਦੋ-ਦੋ ਟੂਕਾਂ ਸਨ। 'ਕਾਮਰੇਡਾਂ' ਲਈ ਹੋਰ 'ਲੋੜੀਂਦਾ ਸਮਾਨ' ਚੰਦਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਾਗਰ ਨੇ ਏਧਰ-ਓਧਰ ਕਰ ਦਿੱਤਾ ਹੋਊ।

ਕਾਮਰੇਡ ਆਇਆ ਤੇ ਮੇਰੇ ਕੋਲੋਂ ਉਹ ਟਰੰਕ ਲੈ ਗਿਆ।

...

ਮੇਰੇ ਲਈ 'ਲੋਹੇ ਦੇ ਹੱਥ' ਛਪਣਾ ਕਿਵੇਂ ਮਹੱਤਵ ਪੂਰਨ ਘਟਨਾ ਸੀ।

'ਲੋਹੇ ਦੇ ਹੱਥ' ਦੇ ਛਪਣ ਸਾਰ ਇਹਦੀ ਚਰਚਾ ਸ਼ੁਰੂ ਹੋ ਗਈ। ਵਿਦਿਆਰਥੀ ਯੂਨੀਅਨਾਂ ਵੱਲੋਂ ਛਾਪੇ ਜਾਂਦੇ ਪਰਚਿਆਂ ਵਿਚ ਇਹਦੀ ਕਹਾਣੀ ਪੁਨਰ-ਪ੍ਰਕਾਸ਼ਿਤ ਹੋਣ ਲੱਗੀਆਂ। ਕਈ ਵਿਦਿਆਰਥੀਆਂ ਨੇ ਆਪਣੇ ਨਾਂ 'ਤੇ ਵੀ ਛਪਵਾ ਲਈਆਂ।

ਜੁਲਾਈ 1971 ਵਿਚ ਕਿਤਾਬ ਛਪੀ। ਦਸੰਬਰ 1971 ਵਿਚ ਸੁਰਜੀਤ ਪਾਤਰ ਤੇ ਕੈਰੋਂ ਨੇ ਬੀੜ ਬਾਬਾ ਬੁੱਢਾ ਸਾਹਿਬ ਕਾਲਜ ਵਿਚ ਕਵੀ-ਦਰਬਾਰ ਕਰਵਾਇਆ। ਜਿਸ ਵਿਚ ਪੰਜਾਬੀ ਦੇ ਨਾਮਵਰ ਕਵੀ ਬੁਲਾਏ ਗਏ। ਪਾਤਰ ਹੁਰਾਂ ਨੇ ਮੈਨੂੰ ਵੀ ਬੁਲਾਇਆ।

ਮੇਰੀ ਹੈਰਾਨੀ ਤੇ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਮੈਂ ਕਾਲਜ ਦੀਆਂ ਕੰਧਾਂ 'ਤੇ ਕਾਲਜ ਦੇ ਵਿਦਿਆਰਥੀਆਂ ਨੇ ਵੱਡੇ ਵੱਡੇ ਮੋਟੇ ਕਾਲੇ ਅੱਖਰਾਂ ਵਿਚ ਕਈ ਥਾਈਂ ਲਿਖਿਆ ਵੇਖਿਆ:

'ਲੋਹੇ ਦੇ ਹੱਥ' ਕਿਤਾਬ ਮਾਰਕੀਟ ਵਿਚ ਆ ਗਈ ਹੈ। ਅੱਜ ਹੀ ਖ਼ਰੀਦੋ!

ਰਾਮ ਸਰੂਪ ਅਣਖੀ ਦਾ ਬਿਆਨ

ਅਣਖੀ ਸਾਹਿਬ ਦੀ ਸਦਾ ਮੇਰੇ 'ਤੇ ਮੁਹੱਬਤੀ ਬਾਰਸ਼ ਹੁੰਦੀ ਰਹੀ। ਉਹ ਮੈਨੂੰ ਏਨੀ ਮੁਹੱਬਤ ਕਰਦੇ ਸਨ ਕਿ ਜਦ ਮੇਰੀ ਪਹਿਲੀ ਕਿਤਾਬ 'ਲੋਹੇ ਦੇ ਹੱਥ' ਛਪੀ ਤਾਂ ਉਨ੍ਹਾਂ ਨੇ 'ਅਜੀਤ' ਅਖ਼ਬਾਰ ਦੇ ਕਾਲਮ ਵਿਚ ਮੇਰੇ ਬਾਰੇ ਲਿਖਿਆ, 'ਜੇ ਹੁਣ ਤੱਕ ਛਪੇ ਸਾਰੇ ਕਹਾਣੀ-ਸੰਗ੍ਰਹਿ ਤੱਕੜੀ ਦੇ ਇੱਕ ਪਲੜੇ ਵਿਚ ਰੱਖ ਦਿਤੇ ਜਾਣ ਤੇ ਦੂਜੇ ਪਲੜੇ ਵਿਚ ਨਿੱਕੀ ਜਿਹੀ ਪੁਸਤਕ 'ਲੋਹੇ ਦੇ ਹੱਥ' ਰੱਖ ਦਿੱਤੀ ਜਾਵੇ ਤਾਂ 'ਲੋਹੇ ਦੇ ਹੱਥ' ਵਾਲਾ ਪਲੜਾ ਭਾਰੀ ਹੋਵੇਗਾ।'

-ਜ਼ਾਹਿਰ ਹੈ, ਇਹ ਪ੍ਰਸੰਸਾ ਆਪਣੇ ਕਿਸੇ ਬਹੁਤੇ ਹੀ ਪਿਆਰੇ ਨੂੰ ਵਡਿਆਉਣ-ਲਡਾਉਣ ਲਈ ਅਤਿਕਥਨੀ ਅੰਦਾਜ਼ ਵਿਚ ਹੀ ਕੀਤੀ ਗਈ ਸੀ, ਪਰ ਮੇਰੇ ਵਰਗੇ ਅਸਲੋਂ ਨਵੇਂ ਲੇਖਕ ਨੂੰ ਅਣਖੀ ਹੁਰਾਂ ਵਰਗਾ ਵੱਡਾ ਗਲਪਕਾਰ ਉਹਦੇ ਪੈਰਾਂ ਹੇਠਾਂ ਹੱਥ ਰੱਖ ਕੇ ਉਚਾ ਚੁੱਕ ਕੇ ਵਿਖਾ ਰਿਹਾ ਸੀ, ਇਹ ਉਨ੍ਹਾਂ ਦੇ ਸਮੁੰਦਰੀ ਦਿਲ ਦੀ ਵਿਸ਼ਾਲਤਾ ਹੀ ਸੀ। ਬਾਅਦ ਵਿਚ ਜਦ ਮੇਰਾ ਥੋੜਾ ਬਹੁਤ ਨਾਂ-ਥਾਂ ਬਣ ਗਿਆ ਸੀ ਤਾਂ ਉਨ੍ਹਾਂ ਨੇ ਮੇਰੇ ਬਾਰੇ ਇੱਕ ਆਰਟੀਕਲ ਲਿਖਿਆ, 'ਮੇਰਾ ਮਹਿਬੂਬ ਕਥਾਕਾਰ-ਵਰਿਆਮ ਸਿੰਘ ਸੰਧੂ' ਜਿਸਦਾ ਅੰਗਰੇਜ਼ੀ ਰੂਪ 'ਦਾ ਟ੍ਰਿਬਿਊਨ' ਵਿਚ ਛਪਿਆ। ਇਸ ਆਰਟੀਕਲ ਵਿਚ ਉਨ੍ਹਾਂ ਨੇ ਮੇਰੇ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਮੇਰੀਆਂ ਕਹਾਣੀਆਂ ਬਾਰੇ ਭਰਵੀਂ ਤਾਰੀਫ਼ ਕੀਤੀ।

ਉਨ੍ਹਾਂ ਨੇ ਲਿਖਿਆ ਕਿ 1971 ਵਿਚ ਉਹ ਅੰਬਰਸਰ ਗੁਰਸ਼ਰਨ ਸਿੰਘ ਕੋਲ ਆਏ ਬਲਰਾਜ ਸਾਹਨੀ ਨੂੰ ਮਿਲਣਾ ਚਾਹੁੰਦੇ ਸਨ। ਉਹ ਗੁਰਸ਼ਰਨ ਸਿੰਘ ਹੁਰਾਂ ਦੇ ਘਰ ਗਏ। ਜਦ ਉਹ ਉਨ੍ਹਾਂ ਦੇ ਘਰ ਪਹੁੰਚੇ ਤਾਂ ਪਤਾ ਲੱਗਾ ਕਿ ਬਲਰਾਜ ਸਾਹਨੀ ਤੇ ਗੁਰਸ਼ਰਨ ਸਿੰਘ ਘਰੋਂ ਬਾਹਰ ਗਏ ਨੇ ਤੇ ਕੁਝ ਦੇਰ ਬਾਅਦ ਆਉਣ ਹੀ ਵਾਲੇ ਨੇ। ਗੁਰਸ਼ਰਨ ਸਿੰਘ ਦੀ ਪਤਨੀ ਕੈਲਾਸ਼ ਕੌਰ ਹੁਰਾਂ ਨੇ ਅਣਖੀ ਹੁਰਾਂ ਨੂੰ ਚੁਬਾਰੇ ਵਿਚ ਉਡੀਕ ਕਰਨ ਲਈ ਕਿਹਾ। ਅਣਖੀ ਜੀ ਲਿਖਦੇ ਹਨ:

'ਚੁਬਾਰੇ ਵਿਚ ਗਿਆ ਤਾਂ ਕਾਰਨਿਸ 'ਤੇ ਪੰਜ-ਸੱਤ ਕਿਤਾਬਾਂ ਪਈਆਂ ਵੇਖੀਆਂ। ਇੱਕ ਨਿੱਕੀ ਜਿਹੀ ਕਿਤਾਬ ਚੁੱਕ ਲਿਆਇਆ ਤੇ ਮੰਜੇ ਉਤੇ ਪੈ ਕੇ ਪੜ੍ਹਨ ਲੱਗਿਆ। ਛੋਟੀਆਂ-ਛੋਟੀਆਂ ਕਹਾਣੀਆਂ ਸਨ। ਪੜ੍ਹਨ ਲੱਗਿਆ ਤਾਂ ਦਿਲਚਸਪ ਸਨ। ਭਾਸ਼ਾ ਮਾਂਜੀ-ਸਵਾਰੀ ਤੇ ਸੰਵਾਦ ਬਹੁਤ ਚੁਸਤ ਸਨ। ਕਥਾ-ਵਸਤੂ ਅਨੂਠੀ। ਬੰਬਈ ਵਾਲਿਆਂ ਦੀ ਉਡੀਕ ਯਾਦ ਨਹੀਂ ਰਹੀ। ਲਗਾਤਾਰ ਕਹਾਣੀਆਂ ਪੜ੍ਹਦਾ ਜਾ ਰਿਹਾ ਸਾਂ। ਇਹ ਸੀ ਵਰਿਆਮ ਸਿੰਘ ਸੰਧੂ ਦਾ ਪਹਿਲਾ ਕਹਾਣੀ-ਸੰਗ੍ਰਹਿ 'ਲੋਹੇ ਦੇ ਹੱਥ (1971)। ਮੈਂ ਉਹਨੂੰ ਪਹਿਲੀ ਵਾਰ ਪੜ੍ਹਿਆ ਸੀ। ਉਤਸੁਕਤਾ ਜਾਗਣ ਲੱਗੀ-ਕੌਣ ਹੋਇਆ ਉਹ ਮੁੰਡਾ? ਇੰਝ ਅਣਖੀ ਮੇਰਾ ਸਦਾ ਲਈ ਮੁਹੱਬਤੀ ਬਣ ਗਿਆ।

ਪਹਿਲੀ ਰਾਇਲਟੀ

ਕਿਤਾਬ ਛਪੀ ਤਾਂ ਗੁਰਸ਼ਰਨ ਸਿੰਘ ਨੇ ਕਿਤਾਬ ਦੀ ਰਾਇਲਟੀ ਪੈਸਿਆਂ ਵਿਚ ਤਾਂ ਭਾਵੇਂ ਨਾ ਦਿੱਤੀ ਪਰ ਇਸਦੇ ਇਵਜ਼ ਵਿਚ ਕਿਤਾਬ ਦੀਆਂ ਸੌ ਕਾਪੀਆਂ ਮੁਖ਼ਤਾਰ ਗਿੱਲ ਦੇ ਹੱਥ ਭਿਜਵਾਈਆਂ। ਮੁਖ਼ਤਾਰ ਉਹ ਕਿਤਾਬਾਂ ਲੈ ਕੇ ਮੇਰੇ ਸਕੂਲ ਪਹੁੰਚਿਆ ਤਾਂ ਮੈਂ ਆਪਣੀ ਕਿਤਾਬ ਦੇ ਪਹਿਲੇ ਦਰਸ਼ਨ ਕਰ ਕੇ ਨਿਹਾਲ ਹੋ ਗਿਆ।

ਉਦੋਂ ਤੋਂ ਲੈ ਕੇ ਹੁਣ ਤੱਕ ਮੈਨੂੰ ਮੇਰੀ ਹਰੇਕ ਕਿਤਾਬ ਛਪਣ 'ਤੇ ਰਾਇਲਟੀ ਮਿਲਦੀ ਆ ਰਹੀ ਹੈ।

ਇਸ ਕਿਤਾਬ ਦੇ ਛਪਦੇ ਹੀ ਮੈਂ ਕਹਾਣੀਕਾਰ ਸਥਾਪਤ ਹੋ ਗਿਆ ਤੇ ਮੇਰਾ ਆਪਣੀ ਲਿਖਤ ਵਿਚ ਭਰੋਸਾ ਵਧ ਗਿਆ।

-0-

# ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਸਜ਼ਾਵਾਂ — ਗੰਭੀਰ ਚਿੰਤਾ ਦਾ ਵਿਸ਼ਾ

ਦੋ ਕੁ ਹਫਤੇ ਪਹਿਲਾਂ ਡਾਕਟਰ ਹਰਸ਼ਿੰਦਰ ਕੌਰ ਪਟਿਆਲਾ ਵਾਲਿਆਂ ਦੀ ਗੱਲਬਾਤ ਚੰਨ ਪਰਦੇਸੀ ਰੇਡੀਓ 'ਤੇ ਗੁਰਬਚਨ ਸਿੰਘ ਮਾਨ ਨਾਲ ਸੁਣੀ। ਇੰਟਰਵੀਊ ਦੌਰਾਨ ਪੰਜਾਬੀ ਭਾਸ਼ਾ ਨੂੰ ਲੈ ਕੇ ਡਾਕਟਰ ਹਰਸ਼ਿੰਦਰ ਕੌਰ ਨੇ ਜਿਨ੍ਹਾਂ ਨੁਕਤਿਆਂ 'ਤੇ ਚਾਨਣਾ



**ਦੇਵਿੰਦਰ ਕੌਰ ਧਾਲੀਵਾਲ**
**ਕੈਲੀਫੋਰਨੀਆ**

ਪਾਇਆ, ਉਨ੍ਹਾਂ ਨੂੰ ਸੁਣ ਕੇ ਦਿਲ ਨੂੰ ਬਹੁਤ ਧੱਕਾ ਲੱਗਾ ਤੇ ਅਫਸੋਸ ਹੋਇਆ।

ਅਜੋਕੇ ਸਮੇਂ ਪੰਜਾਬ ਦੇ ਕੁਝ ਸਕੂਲਾਂ ਵਿਚ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਸਜ਼ਾਵਾਂ ਦੇਣੀਆਂ ਅਤੇ ਉਨ੍ਹਾਂ ਨੂੰ ਹਿੰਦੀ ਬੋਲਣ ਲਈ ਮਜਬੂਰ ਕਰਨਾ ਚਿੰਤਾਜਨਕ ਹੈ। ਇਹ ਮਸਲਾ ਸਿਰਫ਼ ਭਾਸ਼ਾ ਦਾ ਨਹੀਂ, ਸਗੋਂ ਸਾਡੇ ਅਸਤਿਤਵ, ਸੱਭਿਆਚਾਰ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਮਾਨਸਿਕ ਅਜ਼ਾਦੀ ਨਾਲ ਜੁੜਿਆ ਹੋਇਆ ਹੈ।

ਪੰਜਾਬੀ, ਸਾਡੀ ਮਾਂ ਬੋਲੀ ਹੈ। ਇਹ ਸਾਡੀ ਮਾਂ ਦੀ ਲੋਰੀ, ਸਾਡੇ ਇਤਿਹਾਸ ਦੀ ਆਵਾਜ਼ ਅਤੇ ਸਾਡੀ ਪਛਾਣ ਦੀ ਨਿਸ਼ਾਨੀ ਹੈ। ਜਦੋਂ ਇੱਕ ਬੱਚਾ ਆਪਣੀ ਮਾਂ ਬੋਲੀ ਵਿਚ ਸੋਚਦਾ, ਸਵਾਲ ਪੁੱਛਦਾ ਅਤੇ ਗੱਲ ਕਰਦਾ ਹੈ, ਤਾਂ ਉਹ ਸਭ ਤੋਂ ਵਧੀਆ ਢੰਗ ਨਾਲ ਸਿੱਖ ਸਕਦਾ ਹੈ। ਅਜਿਹੇ ਵਿਚ ਪੰਜਾਬੀ ਬੋਲਣ 'ਤੇ ਸਜ਼ਾ ਦੇਣਾ ਬੱਚੇ ਦੇ ਮਨ 'ਤੇ ਡਰ, ਹੀਣ ਭਾਵਨਾ ਅਤੇ ਗੁੰਝਲ ਪੈਦਾ ਕਰਦਾ ਹੈ।

ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਆਪਣੀ ਭਾਸ਼ਾ, ਸਭਿਆਚਾਰ ਅਤੇ ਪਛਾਣ ਦੀ ਰੱਖਿਆ ਦਾ ਹੱਕ ਦਿੰਦਾ ਹੈ। ਪੰਜਾਬੀ ਪੰਜਾਬ ਦੀ ਸਰਕਾਰੀ ਭਾਸ਼ਾ ਹੈ, ਇਸ ਲਈ ਇਸਨੂੰ ਦਬਾਉਣਾ ਜਾਂ ਨਜ਼ਰਅੰਦਾਜ਼ ਕਰਨਾ ਕਾਨੂੰਨੀ ਅਤੇ ਨੈਤਿਕ ਦੋਹਾਂ ਪੱਖਾਂ ਤੋਂ ਗਲਤ ਹੈ। ਸਕੂਲਾਂ ਦਾ ਕੰਮ ਬੱਚਿਆਂ ਨੂੰ ਗਿਆਨ ਦੇਣਾ ਹੈ, ਨਾ ਕਿ ਉਨ੍ਹਾਂ ਦੀ ਜ਼ਬਾਨ 'ਤੇ ਪਾਬੰਦੀ ਲਗਾਉਣਾ।

ਹਿੰਦੀ ਜਾਂ ਅੰਗਰੇਜ਼ੀ ਸਿੱਖਣਾ ਜ਼ਰੂਰਤ ਹੋ ਸਕਦੀ ਹੈ, ਪਰ ਕਿਸੇ ਭਾਸ਼ਾ ਨੂੰ ਸਿਖਾਉਣਾ ਅਤੇ ਕਿਸੇ ਹੋਰ ਭਾਸ਼ਾ ਨੂੰ ਥੋਪਣਾ ਦੋ ਵੱਖਰੀਆਂ ਗੱਲਾਂ ਹਨ। ਜਦੋਂ ਪੰਜਾਬੀ ਨੂੰ ਘੱਟ ਦਰਜੇ ਦੀ ਭਾਸ਼ਾ ਵਾਂਗ ਪੇਸ਼ ਕੀਤਾ ਜਾਂਦਾ ਹੈ, ਤਾਂ ਬੱਚਾ ਅਣਜਾਣੇ ਹੀ ਆਪਣੀ ਜੜ੍ਹ ਤੋਂ ਟੁੱਟਣਾ ਸਿੱਖ ਲੈਂਦਾ ਹੈ। ਇਹ ਰਵੱਈਆ ਹੌਲੀ-ਹੌਲੀ ਪੂਰੀ ਕੌਮ ਨੂੰ ਆਪਣੀ ਹੀ ਪਛਾਣ ਤੋਂ ਦੂਰ ਕਰ ਦਿੰਦਾ ਹੈ।

ਸਕੂਲ ਸਮਾਜ ਦੀ ਨੀਂਹ ਹੁੰਦੇ ਹਨ। ਜੇ ਇੱਥੇ ਹੀ ਮਾਂ ਬੋਲੀ ਦੀ ਬੇਇੱਜ਼ਤੀ ਹੋਵੇਗੀ, ਤਾਂ ਬਾਹਰ ਸਮਾਜ ਵਿਚ ਭਾਸ਼ਾਈ ਸਨਮਾਨ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਲੋੜ ਇਸ ਗੱਲ ਦੀ ਹੈ ਕਿ ਸਕੂਲਾਂ ਵਿਚ ਪੰਜਾਬੀ ਨੂੰ ਮਾਣ ਨਾਲ ਬੋਲਣ, ਪੜ੍ਹਨ ਅਤੇ ਲਿਖਣ ਦਾ ਮਾਹੌਲ ਬਣਾਇਆ ਜਾਵੇ, ਨਾਲ ਹੀ ਹੋਰ ਭਾਸ਼ਾਵਾਂ ਨੂੰ ਸਿੱਖਣ ਦਾ ਦਰਵਾਜ਼ਾ ਵੀ ਖੁੱਲ੍ਹਾ ਰੱਖਿਆ ਜਾਵੇ।

ਅਖੀਰ ਵਿਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬੀ ਬਚਾਉਣਾ ਸਿਰਫ਼ ਇਕ ਭਾਸ਼ਾ ਨੂੰ ਬਚਾਉਣਾ ਨਹੀਂ, ਸਗੋਂ ਆਪਣੀ ਸੋਚ, ਆਪਣੀ ਰੂਹ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਦੇ ਆਤਮ-ਸਨਮਾਨ ਦੀ ਰੱਖਿਆ ਕਰਨਾ ਵੀ ਹੈ। ਜੇ ਅਸੀਂ ਅੱਜ ਖਾਮੋਸ਼ ਰਹੇ, ਤਾਂ ਕੱਲ੍ਹ ਸਾਡੀਆਂ ਆਵਾਜ਼ਾਂ ਆਪ ਹੀ ਮਿਟ ਸਕਦੀਆਂ ਹਨ।


# ਸੋਭਾ ਸਿੰਘ ਦਾ ਚਿਤਰਿਆ ਹੋਇਆ ਸਾਕਾ ਸਰਹਿੰਦ

ਕਲਾ ਪਰਿਕਰਮਾ

ਜਗਤਾਰਜੀਤ ਸਿੰਘ

ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੀ ਸ਼ਹਾਦਤ ਸਿੱਖ ਸਮਾਜ ਅੰਦਰ ਆਪਣੇ ਪ੍ਰਤੀ ਸਤਿਕਾਰ ਉਪਜਾਉਣ ਦੇ ਨਾਲ ਨਾਲ ਇਸ ਨੂੰ ਪ੍ਰੇਰਿਤ ਵੀ ਕਰਦੀ ਆ ਰਹੀ ਹੈ। ਇਹ ਸਾਕਾ ਹਰ ਉਸ ਸ਼ਖ਼ਸ ਨੂੰ ਹੈਰਾਨ ਕਰ ਸਕਦਾ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਸ਼ਹੀਦ ਹੋਣ ਵੇਲੇ ਇਨ੍ਹਾਂ ਦੋਵੇਂ ਭਰਾਵਾਂ ਦੀ ਉਮਰ ਨੌਂ ਸਾਲ ਅਤੇ ਸੱਤ ਸਾਲ ਸੀ। ਜ਼ਾਲਮ ਸਾਹਮਣੇ ਆਪਣੀ ਅਣਖ ਕਾਇਮ ਰੱਖਣੀ ਸਾਧਾਰਨ ਵਰਤਾਰਾ ਨਹੀਂ, ਪਰ ਇਨ੍ਹਾਂ ਯੋਧਿਆਂ ਅਜਿਹਾ ਕਰ ਦਿਖਾਇਆ।

ਸਾਹਿਤ ਰਚਨਾ ਤੋਂ ਇਲਾਵਾ ਚਿੱਤਰ ਰਚਨਾ ਨੇ ਵੀ ਇਸ ਇਤਿਹਾਸ ਨੂੰ ਆਪੋ-ਆਪਣੇ ਅੰਦਾਜ਼ ਵਿੱਚ ਦਰਜ ਕੀਤਾ ਹੈ। ਅਜੋਕੇ ਸਮੇਂ ਏਦਾਂ ਦੇ ਕਈ ਦ੍ਰਿਸ਼ ਦੇਖਣ ਨੂੰ ਮਿਲ ਜਾਂਦੇ ਹਨ, ਜਿਨ੍ਹਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਕੈਨਵਸ ਉੱਪਰ ਸਾਕਾਰ ਕੀਤਾ ਹੈ। ਇਨ੍ਹਾਂ ਵਿੱਚੋਂ ਹੀ ਇੱਕ ਰਚਨਾ ਸੋਭਾ ਸਿੰਘ ਦੀ ਹੈ। ਇਸ ਨੂੰ ਕਦੋਂ ਬਣਾਇਆ ਗਿਆ ਜਾਂ ਇਸ ਦਾ ਆਕਾਰ ਕੀ ਹੈ, ਕੁਝ ਪਤਾ ਨਹੀਂ ਲੱਗਾ। ਅਸੀਂ ਤਸਵੀਰ ਦੇ ਆਧਾਰ ਉੱਪਰ ਆਪਣੀ ਗੱਲ ਕਰਾਂਗੇ।



ਹਾਕਮ ਧਿਰ ਆਪਣੀ ਤਾਕਤ ਅਨੁਸਾਰ ਰਾਜ ਕਰਦੀ ਹੈ। ਵਿਚਾਰ ਵੀ ਉਸੇ ਅਨੁਰੂਪ ਬਦਲੇ ਤੇ ਬਦਲਵਾਏ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਜਿਸ ਸਿੱਖ ਧਰਮ ਦੀ ਨੀਂਹ ਰੱਖੀ, ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਉਸ ਨੂੰ ਮਜ਼ਬੂਤੀ ਦਿੱਤੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਸੇ ਰਾਹ ਦੇ ਸਫ਼ਰ ਦੀ ਸਾਖੀ ਹੈ।ਸਿੱਖ ਇਤਿਹਾਸ ਵਿੱਚ ਪੋਹ ਮਹੀਨੇ ਦਾ ਖ਼ਾਸ ਮਹੱਤਵ ਹੈ। ਆਨੰਦਗੜ੍ਹ ਕਿਲ੍ਹੇ 'ਚ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖਾਂ ਦਾ ਟਿਕਾਣਾ ਸੀ। ਪਹਾੜੀ ਰਾਜਿਆਂ ਨੇ ਮੁਗ਼ਲ ਸੈਨਾ ਨਾਲ ਰਲ ਕੇ ਇਸ ਨੂੰ ਘੇਰਿਆ ਹੋਇਆ ਸੀ। ਘੇਰੇ ਕਾਰਨ ਕਿਲ੍ਹੇ ਅੰਦਰ ਰਸਦ ਦੀ ਕਮੀ ਮਹਿਸੂਸ ਹੋਣ ਲੱਗੀ। ਕੁਝ ਸਿੱਖਾਂ ਨੇ ਮਾਤਾ ਗੁਜਰੀ ਜੀ ਤੱਕ ਪਹੁੰਚ ਕੀਤੀ ਕਿ ਕਿਸੇ ਤਰ੍ਹਾਂ ਇੱਥੋਂ ਬਾਹਰ ਨਿਕਲਣ ਦਾ ਉਪਾਅ ਕੀਤਾ ਜਾਏ। ਮੁਗ਼ਲ ਸੈਨਾ ਨੇ ਵਾਅਦਾ ਕੀਤਾ ਕਿ ਜੇਕਰ ਕਿਲ੍ਹਾ ਖ਼ਾਲੀ ਕਰ ਦਿੱਤਾ ਜਾਂਦਾ ਹੈ ਤਾਂ ਸਿੱਖਾਂ 'ਤੇ ਹਮਲਾ ਨਹੀਂ ਕੀਤਾ ਜਾਵੇਗਾ। ਜਦੋਂ ਗੁਰੂ ਸਾਹਿਬ ਆਪਣੇ ਪਰਿਵਾਰ ਅਤੇ ਸਿੱਖਾਂ ਸਮੇਤ ਸਰਸਾ ਨਦੀ ਪਾਰ ਰਹੇ ਸਨ ਤਾਂ ਮੁਗ਼ਲ ਫ਼ੌਜ ਨੇ ਹਮਲਾ ਕਰ ਦਿੱਤਾ। ਇਸ ਕਾਰਨ ਮਾਤਾ ਗੁਜਰੀ ਜੀ ਅਤੇ ਨਿੱਕੇ ਸਾਹਿਬਜ਼ਾਦੇ ਬਾਕੀਆਂ ਤੋਂ ਵਿਛੜ ਗਏ। ਪੋਹ ਦੀ ਉਸ ਰਾਤ ਤਿੰਨੋਂ ਜਣੇ ਰਾਹ ਟੋਹ-ਟੋਹ ਕੇ ਅੱਗੇ ਵਧ ਰਹੇ ਸਨ। ਤਦੇ ਉਨ੍ਹਾਂ ਨੂੰ ਗੁਰੂ-ਘਰ ਦਾ ਰਸੋਈਆ ਗੰਗੂ ਮਿਲ ਗਿਆ। ਉਹ ਤਿੰਨਾਂ ਨੂੰ ਆਪਣੇ ਘਰ ਲੈ ਗਿਆ। ਮਾਤਾ ਗੁਜਰੀ ਜੀ ਨੇ ਖ਼ੁਦ ਨੂੰ ਅਤੇ ਬੱਚਿਆਂ ਨੂੰ ਸੁਰੱਖਿਅਤ ਮਹਿਸੂਸ ਕੀਤਾ। ਇਸੇ ਸਦਕਾ ਉਸ ਨਾਲ ਸਾਰੀਆਂ ਗੱਲਾਂ ਦੇ ਭੇਤ ਸਾਂਝੇ ਕਰ ਲਏ। ਗੰਗੂ ਨੂੰ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਆਪਣੇ ਪਰਿਵਾਰ ਤੋਂ ਵਿਛੜਨ ਬਾਰੇ ਪਤਾ ਲੱਗ ਗਿਆ। ਇਸ ਤੋਂ ਇਲਾਵਾ ਮਾਤਾ ਜੀ ਪਾਸ ਸੋਨੇ ਦੀਆਂ ਮੋਹਰਾਂ ਨੇ ਉਸ ਨੂੰ ਲੋਭ-ਲਾਲਚ ਵੱਲ ਧੱਕ ਦਿੱਤਾ। ਰਾਤ ਨੂੰ ਉਸ ਨੇ ਸਾਰੀ ਮੋਹਰਾਂ ਚੋਰੀ ਕਰ ਲਈਆਂ। ਇਸਦੇ ਨਾਲ ਨਾਲ ਮਰਿੰਡੇ ਦੇ ਭੇੜਵਾਲ ਨੂੰ ਗੁਰੂਘਰ ਦੇ ਪਰਿਵਾਰਕ ਜੀਆਂ ਦੇ ਆਪਣੇ ਘਰ ਹੋਣ ਦੀ ਖ਼ਬਰ ਵੀ ਦੇ ਦਿੱਤੀ। ਇਉਂ ਪੇਚ ਦੀ ਨੇ ਤਾਰੀਖ ਨੂੰ ਤਿੰਨਾਂ ਨੂੰ ਸੂਬਾ ਸਰਹਿੰਦ ਵਜ਼ੀਰ ਮਾਨ ਦੇ ਹਵਾਲੇ ਕਰ ਦਿੱਤਾ ਗਿਆ।

ਇਹ ਬਿਰਤਾਂਤ ਅਤੇ ਇਸ ਤੋਂ ਅਗਲਾ ਘਟਨਾ ਚੱਕਰ ਸਿੱਖ ਸਮਾਜ ਦੀ ਰੂੱਤ ਵਿੱਚ ਰਚਿਆ ਮਿਚਿਆ ਹੈ। ਚਿੱਤਰਕਾਰ ਸੋਭਾ ਸਿੰਘ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲਾ ਦ੍ਰਿਸ਼ ਕੈਨਵਸ 'ਤੇ ਚਿਤਰਿਆ ਤਾਂ ਉਸ ਦਾ ਮਨ ਲਾਜ਼ਮੀ ਇਸ ਬਿਰਤਾਂਤ ਦਾ ਅਨੁਸਰਣ ਕਰ ਰਿਹਾ ਹੋਵੇਗਾ। ਸੋਭਾ ਸਿੰਘ ਵੱਲੋਂ ਚਿਤਰੇ ਦ੍ਰਿਸ਼ ਵਿੱਚ ਕੁੱਲ ਅੱਠ ਕਿਰਦਾਰ ਹਨ। ਕੋਈ ਵੀ ਇੱਕ ਦੂਜੇ ਜਿਹਾ ਨਹੀਂ, ਸਿਵਾਏ ਛੋਟੇ ਸਾਹਿਬਜ਼ਾਦਿਆਂ ਦੇ। ਹਰੇਕ ਕਿਰਦਾਰ ਹਿੱਸੇ ਆਏ ਕੰਮ ਦੀ ਬਿਰਤੀ ਇੱਕੋ ਜਿਹੀ ਨਹੀਂ ਅਤੇ ਨਾ ਹੀ ਕੋਈ ਇੱਕ ਦੂਜੇ ਦੇ ਕੰਮ ਵਿੱਚ ਦਖਲ ਦੇ ਰਿਹਾ ਹੈ। ਪ੍ਰਤੀਤ ਹੁੰਦਾ ਹੈ ਕਿ ਉੱਪਰ ਹੋਇਆ ਹੁਕਮ ਨਿਰਵਿਘਨਤਾ ਨਾਲ ਪੂਰਾ ਕੀਤਾ ਜਾ ਰਿਹਾ ਹੈ।

ਇਹ ਦ੍ਰਿਸ਼ ਅਣਦਿਸਦੇ ਹਾਕਮ ਦੇ ਹੁਕਮ ਦਾ ਦਿਸਦਾ ਰੂਪ ਹੈ, ਜਿਹੜਾ ਸੁਖਾਤਮਕ ਨਹੀਂ। ਤਸਵੀਰ ਦੇ ਫਰੇਮ ਅੰਦਰ ਕੁੱਲ ਅੱਠ ਸਰੀਰ ਹਨ। ਇੱਥੇ ਭਿੰਨਤਾ ਦਾ ਵਖ਼ਲ ਵੱਧ ਲੱਗ ਸਕਦਾ ਹੈ ਪਰ ਇਹ ਸਾਰਾ ਤਸਵੀਰ ਦੀ ਲੋੜ ਅਨੁਸਾਰ ਹੈ। ਆਮ ਤੌਰ 'ਤੇ ਤਸਵੀਰ ਦਾ ਕੋਈ ਕੇਂਦਰੀ ਬਿੰਦੂ ਹੁੰਦਾ ਹੈ ਜਾਂ ਕੋਈ ਕੇਂਦਰੀ ਗਤੀਵਿਧੀ ਹੁੰਦੀ ਹੈ ਜਿਸ ਨੂੰ ਧਿਆਨ ਵਿੱਚ ਰੱਖ ਕੇ ਚਿੱਤਰਕਾਰ ਭੂਤਕਾਲ, ਵਰਤਮਾਨ ਅਤੇ ਭਵਿੱਖੀ ਸਥਿਤੀ ਬਾਰੇ ਗੱਲ ਕਰਦਾ ਹੈ। ਇੱਥੇ ਤਸਵੀਰ ਦੀ ਕੇਂਦਰੀ ਖਿੱਚ ਛੋਟੇ ਸਾਹਿਬਜ਼ਾਦੇ ਹਨ। ਉਹ ਖੜ੍ਹੇ ਹਨ। ਉਨ੍ਹਾਂ ਦੁਆਲੇ ਪੱਕੀਆਂ ਇੱਟਾਂ ਦੀ ਕੰਧ ਉਸਾਰੀ ਜਾ ਰਹੀ ਹੈ।

ਕਾਜ਼ੀ ਆਪਣਾ ਦੁਵੱਲਾ ਜ਼ੋਰ ਲਾ ਰਿਹਾ ਹੈ। ਇੱਕ ਪਾਸੇ ਉਹ ਦੋਵਾਂ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਵੱਲ ਆਉਣ ਲਈ ਕਹਿ ਰਿਹਾ ਹੈ। ਪਹਿਲਾਂ ਉਨ੍ਹਾਂ ਨੂੰ ਸੰਸਾਰਕ ਸੁੱਖਾਂ ਦਾ ਲਾਲਚ ਦਿੱਤਾ ਗਿਆ ਸੀ। ਹੁਣ ਉਨ੍ਹਾਂ ਨੂੰ ਮੌਤ ਦਾ ਭੈਅ ਦਿੱਤਾ ਜਾ ਰਿਹਾ ਹੈ, ਜਿਹੜੀ ਪਲ-ਪਲੀ ਉਨ੍ਹਾਂ ਦੇ ਕਰੀਬ ਹੋ ਰਹੀ ਹੈ। ਇਸ ਦੇ ਬਾਵਜੂਦ ਉਹ ਅਟਲ, ਸਿੱਧੇ ਖੜ੍ਹੇ ਹਨ। ਉਹ ਕਿਸੇ ਨਾਲ ਕੋਈ 'ਸੰਵਾਦ ਨਹੀਂ ਰਚਾ ਰਹੇ। ਉਨ੍ਹਾਂ ਦੀ ਸਿੱਧੀ ਦ੍ਰਿਸ਼ਟੀ ਇਹੋ ਦੱਸ ਰਹੀ ਹੈ ਕਿ ਉਹ ਭੈਅ-ਮੁਕਤ ਹਨ, ਤਾਹੀਓ ਕਿਸੇ ਸੰਸਾਰੀ ਵੱਲ ਦੇਖਿਆ ਨਹੀਂ ਜਾ ਰਿਹਾ, ਗੱਲਬਾਤ ਤਾਂ ਦੂਰ ਦੀ ਗੱਲ ਹੈ।ਸੋਭਾ ਸਿੰਘ ਨੇ ਜਿਸ ਪਿੱਠਭੂਮੀ ਨੂੰ ਆਧਾਰ ਬਣਾ ਕੇ ਤਸਵੀਰ ਰਚੀ ਹੈ, ਉਹ ਮੰਨਣਯੋਗ ਨਹੀਂ। ਆਮ ਤੌਰ 'ਤੇ ਹਾਕਮ ਜਮਾਤ ਆਪਣੇ ਦੋਖੀ ਨੂੰ ਮਾਰਨ ਲਈ ਖੁੱਲ੍ਹੀ ਥਾਂ ਨੂੰ ਚੁਣਦੀ ਰਹੀ ਹੈ ਪਰ ਇੱਥੇ ਇਮਾਰਤਾਂ ਦਾ ਘੜਮੱਸ ਹੈ। ਲੱਗਦਾ ਹੈ ਸਾਹਿਬਜ਼ਾਦਿਆਂ ਨੂੰ ਦੁਆਲੇ ਦੀ ਖ਼ਲਕਤ ਤੋਂ ਲੁਕਾਅ ਕੇ ਮਾਰਿਆ ਜਾ ਰਿਹਾ ਹੈ। ਇਹ ਚਿੱਤਰਕਾਰ ਦੀ ਆਪਣੀ ਕਲਪਨਾ ਹੋ ਸਕਦੀ ਹੈ।

ਕਾਜ਼ੀ ਦੀ ਪਿੱਠ ਪਿੱਛੇ ਦੋ ਹੋਰ ਕਿਰਦਾਰ ਅਚੰਭਿਤ ਮੁਦਰਾ ਵਿੱਚ ਖੜ੍ਹੇ ਹਨ। ਸੰਭਵ ਹੈ ਇਨ੍ਹਾਂ ਦੀਆਂ ਕੁਚਾਲਾਂ ਕਰ ਕੇ ਸਥਿਤੀ ਇੱਥੋਂ ਤੱਕ ਪਹੁੰਚੀ ਹੋਵੇ। ਇਨ੍ਹਾਂ ਦੀ ਇੱਛਾ ਅਨੁਸਾਰ ਸਥਿਤੀ ਨਾ ਬਦਲਣ ਨੇ ਇਨ੍ਹਾਂ ਦੇ ਸਰੀਰਕ ਹਾਵ-ਭਾਵ ਬਦਲ ਦਿੱਤੇ ਹਨ।ਠੀਕ ਏਦਾਂ ਹੀ ਸਾਹਿਬਜ਼ਾਦਿਆਂ ਦੇ ਪਿੱਛੇ ਸਿਆਹ ਦੇਹ ਵਾਲਾ ਨੰਗ-ਧੜੰਗਾ ਜੱਲਾਦ ਹੱਥ 'ਚ ਤਲਵਾਰ ਲਈ ਖੜ੍ਹਾ ਹੈ। ਉਹ ਵੀ ਸਥਿਰ ਮੁਦਰਾ ਵਿੱਚ ਹੈ। ਇਸ ਦਾ ਕੰਮ ਬੇਰਹਿਮ ਹੋ ਕੇ ਦੋਖੀ ਨੂੰ ਮਾਰਨਾ ਹੈ। ਜਦੋਂ ਕੰਧ ਬਾਲਾਂ ਦੇ ਮੋਢਿਆਂ ਤੱਕ ਪਹੁੰਚੇਗੀ ਤਾਂ:

ਦੋਵਾਂ ਦੇ ਸਿਰ ਧੜਾਂ ਤੋਂ ਵੱਖ ਕਰ ਦਿੱਤੇ ਜਾਣਗੇ। ਜਿਵੇਂ ਪਹਿਲਾਂ ਬਿਆਨਿਆ ਹੈ ਕਿ ਚਿੱਤਰ ਦੀ ਕੇਂਦਰੀ ਇਕਾਈਬਾਬਾ ਫ਼ਤਹਿ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਹਨ। ਉਮਰ ਵਿੱਚ ਛੋਟੇ ਹੋਣ ਦੇ ਬਾਵਜੂਦ ਆਪਣੀ ਸੋਚ ਅਤੇ ਵਿਸ਼ਵਾਸ ਨੂੰ ਪਰਣਾਏ ਉਹ ਵਿਲੱਖਣ ਹਨ। ਚਿੱਤਰਕਾਰ ਅਤੇ ਸਿੱਖ ਸਮਾਜ ਦੇ ਉਹ ਆਦਰਸ਼ ਹਨ। ਇਸੇ ਕਾਰਨ ਉਨ੍ਹਾਂ ਨੂੰ ਵੱਖਰੇ ਅੰਦਾਜ਼ ਵਿੱਚ ਸਾਕਾਰਿਆ ਗਿਆ ਹੈ।

ਉਨ੍ਹਾਂ ਨੇ ਹਰੇ ਚੋਲੇ ਉੱਪਰ ਲਾਲ ਰੰਗ ਦੇ ਕਮਰਕੱਸੇ ਸਜਾਏ ਹੋਏ ਹਨ। ਸਿਰ ਪੀਲੀਆਂ ਦਸਤਾਰਾਂ ਦੁਆਲੇ ਲੋਹ ਚੱਕਰ ਹਨ। ਉਹਬਾਲ ਉਮਰ ਦੇ ਹਨ ਪਰ ਕਲਗੀਆਂ ਉਨ੍ਹਾਂ ਦੀ ਵੱਖਰੀ ਹੋਂਦ ਦਰਸਾ ਰਹੀਆਂ ਹਨ। ਸਿਰਾਂ ਪਿੱਛੇ ਦਿਸਦਾ ਆਭਾ ਮੰਡਲ ਉਨ੍ਹਾਂ ਨੂੰ ਦੂਸਰਿਆਂ ਤੋਂ ਪੂਰੀ ਤਰ੍ਹਾਂ ਵਖਰਿਆ ਰਿਹਾ ਹੈ। ਇਹ ਚਿੰਨ੍ਹ ਅਵਤਾਰੀ ਪੁਰਖ ਦੇ ਸਿਰ ਦੁਆਲੇ ਹੀ ਬਣਾਇਆ। ਜਾਂਦਾ ਹੈ। ਦੋਵੇਂ ਭਰਾ ਅਸਤਰਾਂ-ਸ਼ਸਤਰਾਂ ਨਾਲ ਲੈਸ ਹਨ। ਚਿੱਤਰਕਾਰ ਆਪਣੇ ਆਦਰਸ਼ ਕਿਰਦਾਰਾਂ ਨੂੰ ਉੱਤਮ ਰੂਪ ਵਿੱਚ ' ਦਰਸਾਉਣਾ ਚਾਹੁੰਦਾ ਹੈ।

**ਇਹ ਦ੍ਰਿਸ਼ ਅਣਦਿਸਦੇ ਹਾਕਮ ਦੇ ਹੁਕਮ ਦਾ ਦਿਸਦਾ ਰੂਪ ਹੈ, ਜਿਹੜਾ ਸੁਖਾਤਮਕ ਨਹੀਂ। ਤਸਵੀਰ ਦੇ ਫਰੇਮ ਅੰਦਰ ਕੁੱਲ ਅੱਠ ਸਰੀਰ ਹਨ। ਇੱਥੇ ਭਿੰਨਤਾ ਦਾ ਵਖ਼ਲ ਵੱਧ ਲੱਗ ਸਕਦਾ ਹੈ ਪਰ ਇਹ ਸਾਰਾ ਤਸਵੀਰ ਦੀ ਲੋੜ ਅਨੁਸਾਰ ਹੈ। ਆਮ ਤੌਰ 'ਤੇ ਤਸਵੀਰ ਦਾ ਕੋਈ ਕੇਂਦਰੀ ਬਿੰਦੂ ਹੁੰਦਾ ਹੈ ਜਾਂ ਕੋਈ ਕੇਂਦਰੀ ਗਤੀਵਿਧੀ ਹੁੰਦੀ ਹੈ ਜਿਸ ਨੂੰ ਧਿਆਨ ਵਿੱਚ ਰੱਖ ਕੇ ਚਿੱਤਰਕਾਰ ਭੂਤਕਾਲ, ਵਰਤਮਾਨ ਅਤੇ ਭਵਿੱਖੀ ਸਥਿਤੀ ਬਾਰੇ ਗੱਲ ਕਰਦਾ ਹੈ।**

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਫਰਵਰੀ 2026 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-727




*ਪਾਇਆ ਸ਼ਗਨਾਂ ਦਾ ਸੂਟ ਹੱਥੀਂ ਚੂੜਾ ਲਾਲ ਲਾਲ,*
*ਆਇਆ ਲੈ ਕੇ ਮੁਕਲਾਵਾ ਫੜਿਆ ਸੂਟਕੇਸ ਨਾ.ਲ।*
*ਖੜ੍ਹੀ ਹੈ ਬਣ ਕੇ ਮਿਜਾਜ਼ਣ ਚਾਅ ਚੜ੍ਹਿਆ ਕਮਾਲ,*
*ਸੁਹਰਾ ਪਿੰਡ ਹੈ ਸ਼ਾਦੀਪੁਰ ਜਾਣਾ ਮੜਕ ਦੇ ਨਾ.ਲ।*

### ਕੈਪਸ਼ਨ ਮੁਕਾਬਲਾ-725



ਸ਼ੌਕ ਸੀ ਆਈਸ-ਹਾਕੀ ਵਾਲਾ
ਗੱਡੀ ਸਰਦਾਰਾਂ ਖ਼ੂਬ ਭਜਾਈ।
ਫੋਟੋ ਦਾ ਵੀ ਚੇਤਾ ਆਇਆ
ਅਟੈਂਸ਼ਨ ਖੜ੍ਹ ਫੋਟੋ ਖਿਚਵਾਈ।
ਬੱਲੇ-ਬੱਲੇ ਹੋ ਗਈ ਮਿੱਤਰੋ
ਫੋਟੋ ਵਿੱਚ ਮੁਕਾਬਲੇ ਆਈ।
ਦੂਰ ਤੱਕ ਫੇਰ ਗੱਲ ਚੱਲੂਗੀ
ਚਾਰੇ ਪਾਸਿਓਂ ਮਿਲੂ ਵਧਾਈ।
***ਜਗਮੀਤ ਸਿੰਘ ਪੰਧੇਰ***
***+1 403 439 2008***

---

ਸ਼ੌਕ ਦਾ ਯਾਰੋ ਮੁੱਲ ਨਾ ਕੋਈ,
ਨਾ ਹੀ ਉਮਰ ਕਰੇ ਹਿਸਾਬ,
ਨਵੀਂ ਖੇਡ ਦੇਖਣ ਫਿਰ ਤੁਰਦੇ,
ਬਣ ਠਣ ਕੇ ਜਿਉਂ ਨਵਾਬ।
ਰਹਿੰਦਾ ਨਾ ਉਮਰਾਂ ਦਾ ਪਾੜਾ,
ਹੱਸੇ ਖੇਡੇ ਲਏ ਨਵੇਂ ਖ਼ੁਆਬ,
ਰੂਹ ਹੋ ਜਾਵੇ ਇੰਝ ਤਰੋ ਤਾਜ਼ਾ,
ਮੁੜ ਮੁੜ ਚੇਤੇ ਆਏ ਪੰਜਾਬ।
***-ਸੇਵਾ ਸਿੰਘ 'ਨੂਰਪੁਰੀ'***

---

ਤਨੋਂ ਮਨੋਂ ਸੱਚੇ ਸਿੱਖ
ਜੁਆਨੀ ਪਹਿਰੇ ਤੋਂ ਖ਼ੁਸ਼ ਰਹਿੰਦੇ
ਪੰਜਾਬੀਅਤ ਦੀ ਮਹਿਕ ਇਨ੍ਹਾਂ ਦੇ ਅੰਦਰ
ਮਹਿਕਾਂ ਵੰਡਦੇ ਰਹਿੰਦੇ।
ਕਬੱਡੀ ਤੇ ਹਾਕੀ ਮਾਂ ਖੇਡਾਂ ਇਨ੍ਹਾਂ ਦੀਆਂ
ਭੋਰਾ ਵੱਟ ਨ੍ਹੀਂ ਪਾਉਂਦੇ।
ਕੱਟਰਤਾ ਨੇੜੇ ਵੀ ਨ੍ਹੀਂ
ਬਰਫੀਲੀਆਂ ਖੇਡਾਂ ਵੀ
ਸ਼ੌਕ ਨਾਲ ਦੇਖਣ ਆਉਂਦੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਦੋ ਸਿੱਖ ਭਰਾ ਹੋਏ ਇਕੱਠੇ,
ਆਈਸ ਹਾਕੀ ਦੇਖਣ ਦਾ
ਸ਼ੌਕ ਚੜ੍ਹਿਆ
ਚੱਲ ਕੇ ਪਹੁੰਚ ਗਏ ਸੈਪ ਸੈਂਟਰ,
ਜੋੜਾ ਟਿਕਟ ਲੈ
ਜਾ ਅੰਦਰ ਖੜਿਆ।
ਨੱਕੋ-ਨੱਕ ਭਰਿਆ ਸੈਪ ਸੈਂਟਰ,
ਚਿੱਟੀ ਚਾਨਣੀ ਦਾ
ਅੰਦਰ ਹੜ੍ਹ ਆਇਆ
ਹਿੱਟ ਵੱਜੇ ਤਾਂ
ਗੇਂਦ ਰਫਤਾਰ ਫੜਦੀ,
ਜੋਸ਼ ਦਰਸ਼ਕਾਂ ਵਿਚ ਵੀ ਭਰ ਆਇਆ।
ਦਰਸ਼ਕ ਹੌਸਲਾ ਵਧਾਉਣ ਖਿਡਾਰੀਆਂ ਦਾ,
ਜਿੱਤ ਆਪਣੀ ਦੇ ਲਾਉਣ ਨਾਅਰੇ
ਕਦਰਦਾਨ ਖੇਡ ਦੀ ਕਦਰ ਪਾਉਂਦੇ,
ਕੋਈ ਜਿੱਤੇ ਭਾਵੇਂ ਕੋਈ ਹਾਰੇ।
***-ਮਾ: ਪ੍ਰੀਤਮ ਸਿੰਘ ਲੰਮੇਂ***
***ਫੋਨ: 925-325-2486***

---

ਆਣ ਪਹੁੰਚੀ ਮੁਲਖ਼ ਅਸਾਡੇ
ਖੇਡ ਆਈਸ ਹਾਕੀ ਜੋ
ਬਦੇਸ਼ਾਂ 'ਚ ਤਾਂ ਪਹਿਲਾਂ ਹੀ ਹੈ ਆਮ
ਲੈ ਬਾਲ ਭੱਜੋ ਬਰਾਬਰ
ਲੱਗਦੀ ਤਿਲਕਵੀਂ ਪਰ ਹੈ ਇਕਸਾਰ
ਡਿੱਗਣ ਦਾ ਤਾਂ ਡਰ ਹੀ ਨਹੀਂ
ਡੂੰਘੇ ਕਿੱਲਾਂ ਵਾਲੇ ਬੂਟ
ਖੇਡਣ ਵਾਲਿਆਂ ਨੂੰ ਤਾਂ
ਮਜ਼ਾ ਹੀ ਮਜ਼ਾ
ਦਰਸ਼ਕ ਹੱਸ ਹੱਸ ਮਾਰ ਤਾੜੀਆਂ
ਅੰਤਾਂ ਦਾ ਅਨੰਦ ਮਾਣਦੇ।
***-ਦਰਸ਼ਨ ਪਾਲ ਦੋਸਾਂਝ***

# 16 ਸਾਲ ਬਾਅਦ ਮੈਂ ਇਕ ਵਾਰ ਫੇਰ ਸੜੀ ਹਾਂ: ਸ਼ਾਹੀਨ

ਪਹਿਲਾਂ ਮੇਰੀ ਦੇਹ ਸੜੀ...ਫੇਰ ਸੁਪਨੇ...ਤੇ ਹੁਣ ਨਿਆਂ ਦੀ ਉਮੀਦ...

ਸ਼ਾਹੀਨ ਨੂੰ ਅੱਜ ਵੀ ਤੇਜ਼ਾਬ ਦਾ ਰੰਗ ਯਾਦ ਹੈ।

ਤੇਜ਼ਾਬ ਦੇ ਕਹਿਰ ਦਾ ਉਹ ਰੰਗ, ਜੋ 19 ਨਵੰਬਰ 2009 ਦੀ ਉਸ ਸ਼ਾਮ ਉਸਦੀ ਜ਼ਿੰਦਗੀ ਵਿਚ ਘੁਲ ਗਿਆ ਸੀ। ਸੜਨ...ਦਰਦ...ਚੀਕਾਂ...ਅਤੇ ਹੋਰ ਬਹੁਤ ਕੁਝ...ਇੱਕੋ ਪਲ ਵਿਚ...

ਜੇ ਉਹ ਸ਼ਾਮ ਉਸਦੀ ਦੇਹ ਨੂੰ ਸਾੜ ਗਈ ਸੀ ਤਾਂ 16 ਸਾਲ ਬਾਅਦ ਹੁਣ 2025 ਦੇ ਅਖੀਰਲੇ ਦਿਨਾਂ ਵਿਚ ਆਇਆ ਅਦਾਲਤੀ ਫ਼ੈਸਲਾ ਉਸਦੀ ਉਮੀਦਾਂ ਨੂੰ ਰਾਖ ਕਰ ਗਿਆ।

• ਫ਼ੈਸਲੇ ਤੋਂ ਇੱਕ ਰਾਤ ਪਹਿਲਾਂ ਸ਼ਾਹੀਨ ਸੌਂ ਨਹੀਂ ਸਕੀ। ਉਸਨੂੰ ਲੱਗਿਆ ਸੀ ਕਿ ਸ਼ਾਇਦ ਹੁਣ ਉਸਦੀ 16 ਸਾਲਾਂ ਦੀ ਲੜਾਈ ਦਾ ਅੰਤ ਹੋਵੇਗਾ ਅਤੇ ਇਨਸਾਫ਼ ਮਿਲੇਗਾ। ਸਵੇਰੇ ਹੀ ਉਹ ਅਦਾਲਤ ਪਹੁੰਚ ਗਈ, ਹਾਲਾਂਕਿ ਫ਼ੈਸਲਾ

ਕੁਲਦੀਪ ਸਿੰਘ ਦੀਪ (ਡਾ.)
9876820600

ਦੁਪਹਿਰ ਬਾਅਦ ਆਉਣਾ ਸੀ। ਉਸ ਨੂੰ ਲਗਦਾ ਸੀ ਕਿ ਅੱਜ ਉਸ ਦੀ ਜ਼ਿੰਦਗੀ ਵਿਚ ਕੁਝ ਨਾ ਕੁਝ ਹੋਏਗਾ...

• ਪਰ ਹੋਇਆ ਕੀ?

ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ।

'ਇੱਕ ਪਲ ਵਿਚ ਸਭ ਕੁਝ ਉਲਟ ਗਿਆ'

'ਮੇਰੀਆਂ ਸਾਰੀਆਂ ਉਮੀਦਾਂ, ਸਾਰਾ ਜੋਸ਼ ਟੁੱਟ ਗਿਆ। ਅਚਾਨਕ ਮੈਂ ਮੁੜ 2009 ਵਿਚ ਪਹੁੰਚ ਗਈ।'

ਇਕ ਇਕ ਕਰਕੇ ਉਹ ਸਾਰੇ ਪਲ ਉਸ ਦੀਆਂ ਅੱਖਾਂ ਸਾਮ੍ਹਣੇ ਘੁੰਮ ਗਏ...

ਹਵਾ ਨੂੰ ਗੰਢਾਂ ਦੇਣ ਵਾਲੀ ਸੀ ਉਹ ਉਮਰ...ਪਾਣੀਪਤ ਦੀ ਇਸ ਕੁੜੀ ਨੇ ਵਿਦਿਆਰਥੀ-ਕੌਂਸਲਰ ਦੇ ਤੌਰ 'ਤੇ ਆਪਣੀ ਜੌਬ ਸ਼ੁਰੂ ਕੀਤੀ ਸੀ...

ਉਸ ਦਾ ਬੌਸ ਹੀ ਉਸ ਦੇ ਸੁਪਨਿਆਂ ਨੂੰ ਗ੍ਰਹਿਣ ਵਾਂਗ ਲੱਗ ਗਿਆ...

ਉਹ ਜੋ ਕੁਝ ਸ਼ਾਹੀਨ ਤੋਂ ਚਾਹੁੰਦਾ ਸੀ...ਸ਼ਾਹੀਨ ਉਸ ਲਈ ਤਿਆਰ ਨਾ ਹੋਈ...

ਕਈ ਮਹੀਨਿਆਂ ਤੱਕ ਇਸੇ ਕਸ਼ਮਕਸ਼ 'ਚ ਫਸੇ ਰਹਿਣ ਤੋਂ ਬਾਅਦ ਆਖਿਰ ਸ਼ਾਹੀਨ ਨੇ 1 ਨਵੰਬਰ 2009 ਨੂੰ ਅਸਤੀਫ਼ਾ ਦੇ ਦਿੱਤਾ। ਪਹਿਲੀ ਦਸੰਬਰ ਨੂੰ ਉਸਦਾ ਆਖ਼ਰੀ ਕੰਮਕਾਜੀ ਦਿਨ ਹੋਣਾ ਸੀ ਪਰ ਇਹ ਦਿਨ ਉਸ ਦੇ ਸੁਨਹਿਰੇ ਸੁਪਨਿਆਂ ਦਾ ਕਾਤਲ ਹੋ ਨਿਬੜਿਆ...

ਜਦ ਉਹ ਅਸਤੀਫ਼ਾ ਦੇ ਕੇ ਘਰ ਮੁੜ ਰਹੀ ਸੀ...ਉਸੇ ਬੌਸ ਦੁਆਰਾ ਪੈਸੇ ਦੇ ਕੇ ਖਰੀਦੇ ਇਕ ਮੁੰਡੇ ਰਾਹੀਂ ਤੇਜ਼ਾਬੀ ਹਮਲੇ ਦਾ ਸ਼ਿਕਾਰ ਹੋ ਗਈ..

ਤੇਜ਼ਾਬੀ ਹਮਲੇ ਤੋਂ ਬਾਅਦ ਸ਼ਾਹੀਨ ਦੀ ਜ਼ਿੰਦਗੀ ਥਾਣਿਆਂ, ਹਸਪਤਾਲਾਂ ਅਤੇ ਓਪਰੇਸ਼ਨ ਥੀਏਟਰਾਂ ਵਿਚਕਾਰ ਸਿਮਟ ਕੇ ਰਹਿ ਗਈ।

• 25 ਤੋਂ ਵੱਧ ਸਰਜਰੀਆਂ...

• ਅੱਖਾਂ ਦੀ ਰੌਸ਼ਨੀ ਦਾ ਨੁਕਸਾਨ....

• ਕਰੀਬ ਤਿੰਨ ਸਾਲਾਂ ਤੱਕ ਚੱਲਿਆ ਦਰਦਨਾਕ ਇਲਾਜ...

• ਤੇ 16 ਸਾਲ ਜ਼ਲਾਲਤ ਭਰਿਆ ਅਦਾਲਤੀ ਮੁਕੱਦਮਾ...

ਪੁਲਿਸ ਨੇ ਫ੍ਹੌ ਵਿਚ ਸ਼ਾਹੀਨ ਦਾ ਪਹਿਲਾ ਬਿਆਨ ਦਰਜ ਕੀਤਾ। ਉ੍ਹ ਵਿਚ ਲਿਖਿਆ ਗਿਆ ਕਿ ਉਹ ਦੋਸ਼ੀਆਂ ਨੂੰ ਪਛਾਣ ਸਕਦੀ ਹੈ, ਪਰ ਕਿਸੇ ਦਾ ਨਾਮ ਨਹੀਂ ਲਿਖਿਆ ਗਿਆ।

ਫਿਰ ਇੱਕ ਮਹੀਨਾ ਪੁਲਿਸ ਨੇ ਕੋਈ ਸੰਪਰਕ ਨਾ ਕੀਤਾ...

1 ਜਨਵਰੀ 2010 ਨੂੰ, ਓਪਰੇਸ਼ਨ ਵਾਲੇ ਦਿਨ, ਉਸਦੇ ਪਿਤਾ ਨੇ ਮੁੜ ਪੁਲਿਸ ਨੂੰ ਫ਼ੋਨ ਕੀਤਾ। ਤਦ ਸ਼ਾਹੀਨ ਨੇ ਆਪਣੇ ਬੌਸ ਅਤੇ ਉਸ ਦੀ ਪਤਨੀ ਦਾ ਨਾਮ ਲਿਆ।

ਪਰ ਉਦੋਂ ਤਕ ਪਰਦੇ ਦੇ ਪਿੱਛੇ ਬਹੁਤ ਕੁਝ ਸੈਟਲ ਹੋ ਚੁੱਕਾ ਸੀ...

ਉਸ ਦੇ ਬਿਆਨ ਨੂੰ ਅਣਗੌਲਿਆ ਕਰਕੇ ਮਾਰਚ 2010 ਵਿਚ ਪੁਲਿਸ ਨੇ 'ਅਨਟ੍ਰੇਸਡ ਰਿਪੋਰਟ' ਦਾਖ਼ਲ ਕਰ ਦਿੱਤੀ...ਅਰਥਾਤ ਕੇਸ ਨੂੰ ਦੱਬ ਦਿੱਤਾ ਗਿਆ।

ਅਗਲੇ ਚਾਰ ਸਾਲ ਇਸੇ ਤਰ੍ਹਾਂ ਲੰਘ ਗਏ।

2013 ਵਿਚ, ਮਾਲੀ ਤੰਗੀ ਨਾਲ ਜੂਝਦਿਆਂ, ਸ਼ਾਹੀਨ ਨੇ ਹਰਿਆਣਾ ਸਰਕਾਰ ਨੂੰ ਮੁਆਵਜ਼ੇ ਲਈ ਚਿੱਠੀ ਲਿਖੀ।

ਇਹ ਚਿੱਠੀ ਮੁੱਖ ਨਿਆਂਇਕ ਮੈਜਿਸਟ੍ਰੇਟ ਡਾ. ਪਰਮਿੰਦਰ ਕੌਰ ਤੱਕ ਪਹੁੰਚੀ।

ਉਸ ਭਲੀਮਾਨਸ ਔਰਤ ਨੇ ਕੇਸ ਮੁੜ ਖੁਲ੍ਹਵਾਇਆ। ਚਾਰਜਸ਼ੀਟ ਮੁਤਾਬਕ, ਬੌਸ, ਉਸਦੀ ਪਤਨੀ ਅਤੇ ਇੱਕ ਨਾਬਾਲਿਗ ਰਿਸ਼ਤੇਦਾਰ ਨੇ ਮਿਲ ਕੇ ਹਮਲੇ ਦੀ ਯੋਜਨਾ ਬਣਾਈ ਅਤੇ ਇੱਕ ਵਿਦਿਆਰਥੀ ਨੂੰ ਪੈਸੇ ਦਿੱਤੇ।

ਨਾਬਾਲਿਗ ਨੂੰ 2015 ਵਿਚ ਦੋਸ਼ੀ ਕਰਾਰ ਦਿੱਤਾ ਗਿਆ। ਬਾਕੀ ਦੋਸ਼ੀਆਂ ਖ਼ਿਲਾਫ਼ ਕੇਸ ਅਜੇ ਵੀ ਚੱਲਦਾ ਰਿਹਾ।

ਆਖਿਰ ਉਹੀ ਹੋਇਆ ਜੋ ਅਕਸਰ ਹੁੰਦਾ ਹੈ...

ਸਬੂਤਾਂ ਦੀ ਕਮੀ...ਗਵਾਹਾਂ ਦਾ ਪਲਟ ਜਾਣਾ...ਤੇ ਹੋਰ ਬਹੁਤ ਕੁਝ...ਨਤੀਜਾ ਸਾਰੇ ਮੁਲਜ਼ਮ ਬਰੀ...

ਜੱਜ ਦੀ ਇਹ ਟਿੱਪਣੀ ਸਿਸਟਮ ਦੇ ਮੂੰਹ ਤੇ ਤਮਾਚੇ ਵਰਗੀ ਹੈ:

'ਬਰੀ ਹੋਣ ਦਾ ਮਤਲਬ ਇਹ ਨਹੀਂ ਕਿ ਗੁਨਾਹ ਨਹੀਂ ਹੋਇਆ ਬਲਕਿ ਇਹ ਹੈ ਕਿ ਗੁਨਾਹ ਨੂੰ ਕਨੂੰਨੀ ਤੌਰ ਤੇ ਸਾਬਿਤ ਨਹੀਂ ਕੀਤਾ ਜਾ ਸਕਿਆ...'

ਜੱਜ ਦੇ ਇਨ੍ਹਾਂ ਸ਼ਬਦਾਂ ਵਿਚੋਂ ਝਰ ਰਹੀਂ ਬੇਬਸੀ ਹੀ



ਸਾਡੀਆਂ ਸਰਕਾਰਾਂ, ਪੁਲਿਸ ਅਤੇ ਨਿਆਂ ਵਿਵਸਥਾ ਦਾ ਕਰੂਰ ਸੱਚ ਹੈ...

ਸ਼ਾਹੀਨ ਕਹਿੰਦੀ ਹੈ:

'ਜਿੰਨਾ ਦਰਦ ਇਹ ਸਭ ਨਹੀਂ ਦੇ ਸਕੇ, ਉਨਾ ਉਸ ਨਿਆਂ ਪ੍ਰਣਾਲੀ ਨੇ ਦਿੱਤਾ, ਜਿਸ 'ਤੇ ਮੈਂ ਡੇਢ ਦਹਾਕੇ ਤੱਕ ਭਰੋਸਾ ਕੀਤਾ।'

'ਮੇਰੇ ਸਾਹਮਣੇ ਸਾਰੇ ਦੋਸ਼ੀ ਅਜ਼ਾਦ ਹੋ ਗਏ ਅਤੇ ਮੈਂ...ਫਿਰ ਇਕੱਲੀ ਰਹਿ ਗਈ।'

ਹਰ ਪੇਸ਼ੀ 'ਤੇ ਉਹ ਮੌਜੂਦ ਰਹੀ। ਹਰ ਤਾਰੀਖ਼ 'ਤੇ ਇਹੀ ਸੋਚ ਕੇ ਕਿ ਸ਼ਾਇਦ ਅੱਜ ਜਾਂ ਅਗਲੀ ਵਾਰੀ ਸੱਚ ਜਿੱਤੇਗਾ। ਇਹ ਇੰਤਜ਼ਾਰ ਹੀ ਉਸਦੀ ਦੂਜੀ ਸਜ਼ਾ ਬਣ ਗਿਆ।

ਇਹ ਕੇਸ ਸਿਰਫ਼ ਸ਼ਾਹੀਨ ਦੀ ਨਹੀਂ, ਸਗੋਂ ਪੂਰੀ ਨਿਆਂ ਪ੍ਰਣਾਲੀ 'ਤੇ ਸਵਾਲ ਖੜ੍ਹੇ ਕਰਦਾ ਹੈ।

• ਕੀ ਲੰਬੀ ਨਿਆਂ ਪ੍ਰਕਿਰਿਆ ਆਪਣੇ ਆਪ ਵਿਚ ਸਜ਼ਾ ਨਹੀਂ ਬਣ ਜਾਂਦੀ?

• ਕੀ ਸਬੂਤਾਂ ਦੀ ਕਮੀ ਹਮੇਸ਼ਾ ਪੀੜਤਾਂ ਦੀ ਨਾਕਾਮੀ ਹੁੰਦੀ ਹੈ?

ਇਹ ਕਹਾਣੀ ਸਿਰਫ਼ ਸ਼ਾਹੀਨ ਦੀ ਨਹੀਂ, ਇਹ ਤੇਜ਼ਾਬੀ ਹਮਲਿਆਂ ਦਾ ਸ਼ਿਕਾਰ ਉਨ੍ਹਾਂ ਸੈਂਕੜੇ ਲੋਕਾਂ ਦੀ ਕਹਾਣੀ ਹੈ, ਜੋ ਇਲਾਜ ਤੋਂ ਵੱਧ ਇਨਸਾਫ਼ ਦੀ ਉਡੀਕ ਵਿਚ ਟੁੱਟ ਜਾਂਦੇ ਹਨ।

ਇਹ ਕਹਾਣੀ ਦੱਸਦੀ ਹੈ ਕਿ ਤੇਜ਼ਾਬੀ ਹਮਲਾ ਇੱਕ ਦਿਨ ਦਾ ਜੁਰਮ ਨਹੀਂ ਬਲਕਿ ਇਹ ਪੂਰੀ ਜ਼ਿੰਦਗੀ ਚੱਲਣ ਵਾਲੀ ਲੜਾਈ ਬਣ ਜਾਂਦਾ ਹੈ।

ਇਹ ਕਹਾਣੀ ਸਿਰਫ਼ ਸ਼ਾਹੀਨ ਦੀ ਹੀ ਕਹਾਣੀ ਨਹੀਂ ਬਲਕਿ ਉਸ ਲਕਸ਼ਮੀ ਅਗਰਵਾਲ ਦੀ ਵੀ ਹੈ ਜਿਸ 'ਤੇ ਬਾਅਦ ਵਿਚ 'ਛਪਾਕ/ ਵਰਗੀ ਫਿਲਮ ਬਣੀ...ਇਹ ਕਹਾਣੀ ਸੋਨਾਲੀ ਮੁਖਰਜੀ, ਮੋਨਰਾ ਰਹਿਮਾਨ ਅਤੇ ਸ਼ੀਰੀਨ ਅਖ਼ਤਰ ਵਰਗੇ ਕਿੰਨੇ ਹੀ ਲੋਕਾਂ ਦੀ ਹੈ...

ਅਦਾਲਤੀ ਫ਼ੈਸਲਾ ਸ਼ਾਹੀਨ ਦੀ ਕਾਨੂੰਨੀ ਲੜਾਈ ਦਾ ਅਧਿਆਇ ਬੰਦ ਕਰ ਸਕਦਾ ਹੈ, ਪਰ ਸਵਾਲ ਅਜੇ ਵੀ ਬਾਕੀ ਹਨ:

• ਇਨਸਾਫ਼ ਦੀ ਪਰਿਭਾਸ਼ਾ ਕੀ ਹੈ?

• ਕੀ ਕਦੇ ਪੀੜਤਾਂ ਦੀ ਉਮੀਦ ਵੀ ਫ਼ੈਸਲੇ ਦਾ ਹਿੱਸਾ ਬਣੇਗੀ?

• ਜੇ 16 ਸਾਲਾਂ ਬਾਅਦ ਵੀ ਇਨਸਾਫ਼ ਨਾ ਮਿਲੇ, ਤਾਂ ਉਮੀਦ ਆਖ਼ਿਰ ਕਿਸ ਤੋਂ ਕੀਤੀ ਜਾਵੇ?

ਉਸ 'ਤੇ ਹੋਏ ਹਮਲੇ ਵਿਚ ਸ਼ਾਮਲ ਲੋਕ ਅਨੰਦ ਵਿਚ ਹਨ...ਵਿਆਹੇ ਹੋਏ ਹਨ, ਨੌਕਰੀਆਂ ਕਰ ਰਹੇ ਹਨ...

ਸ਼ਾਹੀਨ ਪੁੱਛਦੀ ਹੈ:

'ਉਹ ਕਿੰਨੇ ਸਾਲ ਸਜ਼ਾ ਭੁਗਤਣਗੇ? ਤੇ ਮੈਂ ਕਿੰਨੇ ਸਾਲ?'

ਪਰ ਇਸ ਸਭ ਦੇ ਬਾਵਜੂਦ ਸ਼ਾਹੀਨ ਅੱਜ ਵੀ ਖੜੀ ਹੈ: ਸੜੀ ਹੋਈ ਨਹੀਂ...ਟੁੱਟੀ ਹੋਈ...ਥੱਕੀ ਹੋਈ...ਪਰ ਅਜੇ ਵੀ ਹਾਰੀ ਹੋਈ ਨਹੀਂ...

2021 ਵਿਚ ਉਸਨੇ ਭਰਅਵਣੲੈਲਸ੍ਰੋਨਦਅਟਿਨ ਦੀ ਸਥਾਪਨਾ ਕੀਤੀ। ਦਿੱਲੀ ਦੇ ਜੰਗਪੁਰਾ ਵਿਚ 'ਅਪਣਾ ਘਰ' ਸ਼ੈਲਟਰ ਹੋਮ ਚਲਾਇਆ, ਜਿੱਥੇ 300 ਤੋਂ ਵੱਧ ਐਸਿਡ ਸਰਵਾਈਵਰ ਜੁੜੇ ਹਨ।

ਉਸ ਦੀ ਇਹ ਸਟੇਟਮੈਂਟ ਸਾਡੇ ਸਾਰਿਆਂ ਲਈ ਤਸੱਲੀ ਦਾ ਸਬੱਬ ਹੈ ਕਿ:

'ਅੱਜ ਮੈਂ ਇੱਕ ਅੱਖ ਨਾਲ ਦੇਖ ਸਕਦੀ ਹਾਂ, ਆਪਣੇ ਅਤੇ ਹੋਰ ਔਰਤਾਂ ਲਈ ਲੜ ਸਕਦੀ ਹਾਂ। ਉਹ ਜੋ ਮੈਨੂੰ ਖ਼ਤਮ ਕਰਨਾ ਚਾਹੁੰਦੇ ਸਨ, ਨਹੀਂ ਕਰ ਸਕੇ...ਇਹੀ ਮੇਰੀ ਜਿੱਤ ਹੈ।'

# ਚਿਰਾਂ ਪਿੱਛੋਂ ਜਦੋਂ ਅਹਿਸਾਸ ਹੋਣਗੇ...

ਗੱਲ ਪਿਛਲੇ ਐਤਵਾਰ ਦੀ ਹੈ, ਜਦ ਮੈਂ ਆਪਣੇ ਪੇਕੇ ਘਰ ਜਾ ਰਹੀ ਸੀ। ਮੈਂ ਅਤੇ ਮੇਰੀ ਤਿੰਨ ਸਾਲ ਦੀ ਬੇਟੀ ਨੇ ਪਿੰਡ ਦੇ ਅੱਡੇ ਤੋਂ ਬੱਸ ਫੜੀ। ਬੱਸ ਵਿਚ ਬਹੁਤੀ ਭੀੜ ਨਾ ਹੋਣ ਕਰਕੇ ਸਾਨੂੰ ਬੜੀ ਆਸਾਨੀ ਨਾਲ ਸੀਟ ਮਿਲ ਗਈ। ਮੈਂ ਆਪਣੀ ਬੇਟੀ ਦੇ ਮਨ-ਪ੍ਰਚਾਵੇ ਲਈ ਉਸਨੂੰ ਖਿੜਕੀ ਦੇ ਬਾਹਰਲਾ ਦ੍ਰਿਸ਼ ਵਿਖਾਉਣ ਲਗੀ। ਇੰਨੇ ਨੂੰ ਬੱਸ ਅਗਲੇ ਅੱਡੇ 'ਤੇ ਰੁਕੀ ਉਥੇ ਦੋ ਸਵਾਰੀਆਂ ਉੱਤਰ ਗਈਆਂ, ਅਤੇ ਚਾਰ ਚੜ੍ਹ ਗਈਆਂ।



ਜਿਵੇਂ ਹੀ ਬੱਸ ਅੱਗੇ ਵਧੀ ਮੇਰੇ ਖ਼ਿਆਲ, ਮੇਰੀ ਕਲਪਨਾ, ਵੀ ਮੈਨੂੰ ਕਿਧਰੇ ਹੋਰ ਹੀ ਲੈ ਤੁਰੀ। ਮੈਨੂੰ ਲੱਗਾ ਜਿਵੇਂ ਮੈਂ ਜ਼ਿੰਦਗੀ ਦੀ ਬੱਸ ਵਿਚ ਸਵਾਰ ਹੋਵਾਂ, ਉਸ ਵੇਲੇ ਮੈਨੂੰ ਬੱਸ ਦਾ ਡਰਾਈਵਰ ਰੱਬ ਜਾਪਿਆ।

ਮੋਨਿਕਾ ਕਟਾਰੀਆ
ਫੋਨ: 62390-27026

ਸਾਰੀਆਂ ਸਵਾਰੀਆਂ ਰੱਬ ਦੀ ਸਿਰਜੀ ਹੋਈ ਸ੍ਰਿਸ਼ਟੀ, ਅਤੇ ਕੰਡਕਟਰ ਰੱਬ ਦਾ ਕੋਈ ਦੂਤ। ਜਿਹੜਾ ਸਾਨੂੰ ਸਾਡੀ ਉਮਰ ਦੀ ਟਿਕਟ ਕੱਟ ਕੇ ਦਿੰਦਾ ਹੈ, ਤੇ ਦਸਦਾ ਹੈ ਕੇ ਭਾਈ ਇੰਨੀ ਭੋਗ ਕੇ ਤੂੰ ਇਸ ਸਫ਼ਰ ਨੂੰ ਅਲਵਿਦਾ ਕਹਿ ਜਾਣਾ ਹੈ। ਜਿਵੇਂ ਸਵਾਰੀਆਂ ਆਪਣੀ ਮੰਜ਼ਿਲ ਆਉਣ 'ਤੇ ਬੱਸ ਵਿੱਚੋਂ ਉੱਤਰ ਜਾਂਦੀਆਂ ਹਨ। ਉਵੇਂ ਹੀ ਮਨੁੱਖੀ ਸਰੀਰ ਹੈ, ਜੋ ਆਪਣਾ ਸਫ਼ਰ ਮੁਕਾ ਕੇ ਜ਼ਿੰਦਗੀ ਦੀ ਗੱਡੀ ਵਿਚੋਂ ਉੱਤਰ ਜਾਂਦਾ ਹੈ। ਪਰ ਬਾਕੀਆਂ ਦਾ ਸਫ਼ਰ ਉਵੇਂ ਹੀ ਬਰਕਰਾਰ ਰਹਿੰਦਾ ਹੈ।

ਇੰਨੇ ਨੂੰ ਮੇਰਾ ਧਿਆਨ ਮੇਰੇ ਨਾਲ ਬੈਠੀ ਮੇਰੀ ਬੇਟੀ ਵੱਲ ਗਿਆ ਤਾਂ ਉਹ ਖਿੜਕੀ ਦੇ ਬਾਹਰ ਦਾ ਨਜ਼ਾਰਾ ਵੇਖ ਕੇ ਖ਼ੁਸ਼ ਹੋ ਰਹੀ ਸੀ। ਮੈਂ ਵੀ ਉਸਦੇ ਨਾਲ ਬਾਹਰ ਵੇਖਣ ਲੱਗੀ, ਤਾਂ ਮੈਨੂੰ ਮਹਿਸੂਸ ਹੋਇਆ ਜ਼ਿੰਦਗੀ ਦੇ ਬਹੁਤ ਸਾਰੇ ਰੰਗ ਜੋ ਅਸੀਂ ਮਾਣਦੇ ਹਾਂ। ਬੜੀ ਤੇਜ਼ੀ ਨਾਲ ਲੰਘ ਰਹੇ ਸੀ। ਜਿਵੇਂ ਹਸਪਤਾਲ ਜਿਥੇ ਅਸੀਂ ਆਪਣੇ ਪਹਿਲੇ ਅਤੇ ਆਖਰੀ ਸਾਹ ਲੈਂਦੇ ਹਾਂ। ਸਕੂਲ, ਕਾਲਜ ਜਿਥੋਂ ਅਸੀਂ ਸਿੱਖਦੇ ਹਾਂ। ਮੈਰਿਜ ਪੈਲੇਸ, ਗੁਰੂ ਘਰ ਜਿੱਥੇ ਅਸੀਂ ਪਵਿੱਤਰ ਬੰਧਨ ਵਿਚ ਬੱਝਦੇ ਹਾਂ। ਤਕਰੀਬਨ ਜ਼ਿੰਦਗੀ ਦੇ ਸਾਰੇ ਪੜਾਅ ਮੇਰੇ ਇਕ ਫਿਲਮ ਵਾਂਗ ਉਸ ਖਿੜਕੀ ਵਿੱਚੋਂ ਤੇਜ਼ੀ ਨਾਲ ਲੰਘ ਰਹੇ ਸਨ। ਮੈਨੂੰ ਇੰਝ ਜਾਪਿਆ ਜਿਵੇਂ ਮੇਰੀ ਜ਼ਿੰਦਗੀ ਦੇ ਬੀਤ ਚੁੱਕੇ ਪਲ ...ਮੇਰੀਆਂ ਅੱਖਾਂ ਮੋਹਰਿਓਂ ਦੀ ਨਿਕਲ ਰਹੇ ਹੋਣ।

ਅੱਗੇ ਰਸਤੇ ਵਿਚ ਪੁਲ ਦਾ ਕੰਮ ਚਲ ਰਿਹਾ ਸੀ ਜਿਸ ਕਾਰਨ ਜਾਮ ਲਗਾ ਹੋਇਆ ਸੀ। ਮੈਂ ਹਜੇ ਵੀ ਆਪਣੀ ਨਿਗਾਹ ਖਿੜਕੀ ਦੇ ਬਾਹਰ ਟਿਕਾਈ ਹੋਈ ਸੀ। ਬਾਹਰ ਕੁਝ ਆਟੋ, ਟਰੱਕ, ਰਿਕਸ਼ੇ, ਗੱਡੀਆਂ, ਸਾਈਕਲ ਸਵਾਰ ਖੜ੍ਹੇ ਸਨ। ਮੈਂ ਕੁਝ ਲੋਕਾਂ ਦੇ ਚੇਹਰੇ ਮਹਿੰਗੀਆਂ ਗੱਡੀਆਂ ਵਿਚ ਵੀ ਮੁਰਝਾਏ ਹੋਏ ਦੇਖੇ, ਅਤੇ ਕਈ ਸਾਈਕਲ, ਰਿਕਸ਼ਾ ਚਾਲਕ ਇੰਝ ਖਿੜੇ ਮੱਥੇ ਵਿਖਾਈ ਦੇ ਰਹੇ ਸਨ, ਜਿਵੇਂ ਉਨ੍ਹਾਂ ਕੋਲ ਸਬਰ -ਸ਼ੁਕਰ ਦਾ ਖਜ਼ਾਨਾ ਹੋਵੇ। ਕਿਉਂਕਿ ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਹੀ ਇਹ ਰਹੀ ਹੈ ਕਿ ਉਹ ਥੋੜ੍ਹਾ ਹੋਰ, ਥੋੜ੍ਹਾ ਹੋਰ ਦੀ ਲਾਲਸਾ ਵਿਚ ਜੋ ਅੱਜ ਉਸਦੇ ਕੋਲ ਹੈ, ਉਸਨੂੰ ਮਾਣ ਹੀ ਨਹੀਂ ਰਿਹਾ। ਬਜਾਏ ਇਸਦੇ ਕਿ ਜਿਥੇ ਹੈ, ਜੋ ਹੈ ਉਸਨੂੰ ਜੀਣ ਦੇ...ਆਪਣੀਆਂ ਲਾਲਸਾਵਾਂ ਪਿੱਛੇ ਦੌੜੀ ਜਾ ਰਿਹਾ ਮਨੁੱਖ ਭੁੱਲ ਬੈਠਦਾ ਹੈ ਕਿ ਉਹ ਭੌਤਿਕ ਸੁਖ ਸੁਵਿਧਾਵਾਂ ਦੀ ਕਦੇ ਨਾ ਮੁੱਕਣ ਵਾਲੀ ਦੌੜ ਵਿਚ ਸ਼ਾਮਿਲ ਹੋ ਗਿਆ ਹੈ, ਜਿਸ ਪਿੱਛੇ ਮਨੁੱਖ ਪੂਰਾ ਹੋ ਜਾਂਦਾ ਹੈ ਪਰ ਇਹ ਪੂਰੀਆਂ ਨਹੀਂ ਹੁੰਦੀਆਂ। ਜਦ ਮਨਚਾਹੀਆਂ ਵਸਤਾਂ ਨਹੀਂ ਮਿਲਦੀਆਂ, ਫਿਰ ਉਹ ਹਤਾਸ਼ -ਨਿਰਾਸ਼ ਹੋ ਜਾਂਦਾ ਹੈ ਅਤੇ ਆਪਣੀ ਕਿਸਮਤ ਨੂੰ ਕੋਸਦਾ ਹੈ। ਇਹ ਸਭ ਵੇਖ ਕੇ ਮੇਰੇ ਜਿਹਨ ਵਿਚ ਸਰਤਾਜ ਦੇ ਕਹੇ ਬੋਲ ਗੂੰਜ ਉੱਠੇ...

ਰੁੱਖਾਂ ਉੱਤੋਂ ਪੱਤੇ ਝੜਦੇ ਵੇਖ ਰਿਹਾਂ ...
ਮੈਂ ਜ਼ਿੰਦਗੀ ਲਘੀ ਸਭ ਨੂੰ ਲੜਦੇ ਵੇਖ ਰਿਹਾਂ ...
ਉਹ ਕਿ ਜਿਹੜਾ ਭਾਣਾ ਮੰਨਣ ਵਾਲਾ ਸੀ ....
ਉਸਨੂੰ ਰੱਬ 'ਤੇ ਤੋਹਮਤ ਮੜ੍ਹਦੇ ਵੇਖ ਰਿਹਾਂ।

ਸਾਨੂੰ ਮੁਸ਼ਕਿਲ ਸਮੇਂ ਵਿਚ ਹੌਸਲਾ ਨਹੀਂ ਛੱਡਣਾ ਚਾਹੀਦਾ, ਕਿਉਂਕਿ ਰਾਤ ਕਿੰਨੀ ਵੀ ਗਹਿਰੀ ਕਿਉ ਨਾ ਹੋਵੇ, ਕਦੇ ਇੰਝ ਨਹੀਂ ਹੋਇਆ ਕਿ ਉਸਨੇ ਸਵੇਰ ਨਾ ਹੋਣ ਦਿੱਤੀ ਹੋਵੇ। ਸਾਨੂੰ ਇੱਕ ਵਾਰ ਜ਼ਿੰਦਗੀ ਮਿਲਦੀ ਹੈ, ਕਿਉਂ ਨਾ ਆਪਣੀ ਜ਼ਿੰਦਗੀ ਦੇ ਚਿੱਤਰਕਾਰ ਖੁਦ ਬਣੀਏ ਅਤੇ ਆਪਣੀ ਪਸੰਦ ਦੇ ਰੰਗ ਏਸ ਵਿਚ ਭਰੀਏ, ਤਾਂ ਜੋ ਇੱਕ ਖ਼ੂਬਸੂਰਤ ਤਸਵੀਰ ਬਣ ਜਾਵੇ। ਰਹੀ ਗੱਲ ਦੁੱਖ ਤਕਲੀਫਾਂ ਦੀ ਤਾਂ ਦੁੱਖ-ਸੁੱਖ ਜ਼ਿੰਦਗੀ ਦਾ ਅਭਿੰਨ ਅੰਗ ਹਨ। ਅਸੀਂ ਦੁੱਖਾਂ ਨੂੰ ਹੰਢਾਏ ਬਗੈਰ ਸੁੱਖਾਂ ਦਾ ਆਨੰਦ ਨਹੀਂ ਮਾਣ ਸਕਦੇ। ਸਾਨੂੰ ਵਿਅਰਥ ਦੀ ਚਿੰਤਾ ਨਹੀਂ ਕਰਨੀ ਚਾਹੀਦੀ...ਅਸੀਂ ਜਦ ਬੱਸ ਵਿਚ ਸਵਾਰ ਹੁੰਦੇ ਹਾਂ ਤਾਂ ਸਾਨੂੰ ਨਹੀਂ ਪਤਾ ਹੁੰਦਾ ਇਸਨੂੰ ਚਲਾਉਣ ਵਾਲਾ ਡਰਾਈਵਰ ਕੌਣ ਹੈ...ਫਿਰ ਵੀ ਅਸੀਂ ਬੇਫਿਕਰੀ ਨਾਲ ਸਫ਼ਰ ਦਾ ਆਨੰਦ ਮਾਣਦੇ ਹਾਂ, ਇੰਝ ਹੀ ਜ਼ਿੰਦਗੀ ਦੇ ਸਫ਼ਰ ਨੂੰ ਚਲਾਉਣ ਵਾਲਾ ਤਾਂ ਖੁਦ ਉਹ ਅਕਾਲਪੁਰਖ ਹੈ...ਫਿਰ ਓਹ ਸਾਡਾ ਮਾੜਾ ਕਿਵੇਂ ਸੋਚੇਗਾ।

ਇਹ ਵਿਚਾਰ ਚੱਲ ਹੀ ਰਹੇ ਸਨ ਕਿ ਮੇਰੀ ਨਜ਼ਰ ਬਸ ਵਿੱਚ ਲੱਗੇ ਬੋਰਡ 'ਤੇ ਪਈ ਜਿੱਥੇ ਲਿਖਿਆ ਸੀ 'ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ' ਇਹ ਸੱਚ ਹੀ ਤਾਂ ਹੈ ਜਿਵੇਂ ਬਸ ਵਿੱਚ ਸਾਡੇ ਸਮਾਨ ਦੀ ਜ਼ਿੰਮੇਵਾਰੀ ਸਾਡੀ ਹੁੰਦੀ ਹੈ, ਉਵੇਂ ਹੀ ਸਾਡੀ ਜ਼ਿੰਦਗੀ ਹੈ। ਅਸੀਂ ਕੀ ਲੈ ਕੇ ਆਏ ਸਾਂ, ਅਤੇ ਕੀ ਲੈ ਕੇ ਜਾਣਾ ਹੈ, ਏਸ ਪ੍ਰਤੀ ਅਸੀਂ ਖ਼ੁਦ ਜ਼ਿੰਮੇਵਾਰ ਹੁੰਦੇ ਹਾਂ...ਜੇਕਰ ਏਸ ਨੂੰ ਸਧਾਰਨ ਕਰਕੇ ਸਮਝੀਏ ਤਾਂ ਪਰਮਾਤਮਾ ਵੀ ਸਾਨੂੰ ਕੁਝ ਜ਼ਿੰਮੇਵਾਰੀਆਂ ਦੇ ਕੇ ਭੇਜਦਾ ਹੈ ਜੋ ਅਸੀਂ ਮਾਤਾ ਪਿਤਾ, ਭੈਣ ਭਰਾ, ਪਤੀ ਪਤਨੀ, ਆਦਿ ਰਿਸ਼ਤਿਆਂ ਦੇ ਰੂਪ ਵਿਚ ਅਦਾ ਕਰਦੇ ਹਾਂ। ਅਸੀਂ ਰੋਂਦੇ ਹੋਏ ਦੁਨੀਆ 'ਤੇ ਆਉਂਦੇ ਜ਼ਰੂਰ ਹਾਂ, ਪਰ ਹੱਸ ਕੇ ਇੱਥੋਂ ਜਾਣਾ ਸਾਡੇ ਆਪਣੇ 'ਤੇ ਨਿਰਭਰ ਹੁੰਦਾ ਹੈ...ਜਦੋਂ ਅਸੀਂ ਪਿਆਰ ਨਾਲ ਸਭ ਨੂੰ ਬਲਾਉਂਦੇ ਹਾਂ, ਦਿਲ 'ਚ ਕਿਸੇ ਪ੍ਰਤੀ ਵੈਰ ਵਿਰੋਧ ਨਹੀਂ ਰੱਖਦੇ, ਕਿਸੇ ਦੀ ਨਿੰਦਾ ਚੁਗਲੀ ਨਹੀਂ ਕਰਦੇ ਤਾਂ ਅੰਤ ਵੇਲੇ ਖ਼ੁਸ਼ ਹੀ ਹੁੰਦੇ ਹਾਂ ਕਿ ਜਿਵੇਂ ਤੂੰ ਮੈਨੂੰ ਭੇਜਿਆ ਸੀ, ਉਵੇਂ ਹੀ ਤੇਰੇ ਕੋਲ ਵਾਪਿਸ ਆ ਰਿਹਾ ਹਾਂ।

ਇੰਨੇ ਨੂੰ ਸੀਟੀ ਦੀ ਆਵਾਜ਼ ਮੇਰੇ ਕੰਨਾਂ ਵਿਚ ਗੂੰਜੀ, ਕੰਡਕਟਰ ਸਵਾਰੀਆਂ ਨੂੰ ਕਹਿ ਰਿਹਾ ਸੀ ਭਾਈ ਜਿਹਨੂੰ ਜਿਥੇ ਜਿਥੇ ਸੀਟ ਮਿਲਦੀ ਹੈ ਬੈਠ ਜਾਓ ਅਤੇ ਲੋਕ ਬੈਠ ਵੀ ਰਹੇ ਸਨ। ਕਿਸੇ ਨੂੰ ਫ਼ਰਕ ਨਹੀਂ ਸੀ ਪੈ ਰਿਹਾ ਕਿ ਸਾਡੇ ਨਾਲ ਬੈਠਾ ਆਦਮੀ ਕਿਸ ਜਾਤ ਜਾਂ ਕੁੱਲ ਦਾ ਹੈ। ਸਭ ਨੂੰ ਬੱਸ ਸੀਟ ਮੱਲਣ ਦੀ ਕਾਹਲ ਸੀ। ਉੱਥੇ ਮੈਨੂੰ ਜਾਪਿਆ ਜਿਵੇਂ ਰੱਬ ਦਾ ਉਹ ਦੂਤ ਸਾਨੂੰ ਸਮਝਾ ਰਿਹਾ ਹੋਵੇ ਕਿ ਅਸੀਂ ਸਾਰੇ ਇਕ ਹੀ ਹਾਂ...ਰੱਬ ਨੇ ਸਭ ਨੂੰ ਇਕ ਹੀ ਘੜਤ ਦਿਤੀ ਹੈ। ਇਹ ਜਾਤ, ਪਾਤ, ਰੰਗ, ਧਰਮ ਸਭ ਸਾਡੇ ਹੀ ਬਣਾਏ ਹੋਏ ਨੇ...ਕਿਉਂਕਿ ਉਸਦੀ ਕਚਹਿਰੀ ਅਤੇ ਜ਼ਿੰਦਗੀ ਦੇ ਸਫ਼ਰ ਵਿਚ ਮੁੱਲ ਪੈਂਦਾ ਹੈ ਤਾਂ ਸਿਰਫ਼ ਸਾਡੇ ਕਰਮਾਂ ਦਾ। ਸਾਡੇ ਨਾਲ ਸਿਵਾਏ ਸਾਡੇ ਚੰਗੇ ਕਰਮ ਦੇ ਕੁਝ ਨਹੀਂ ਜਾਂਦਾ...ਅਸੀਂ ਸਭ ਨੇ ਸੁਣਿਆ ਹੋਇਆ...

ਕੀ ਕੀ ਨੇ ਦੁਨੀਆਂ ਦੇ ਮੰਜਰ
ਖਾਲੀ ਹੱਥੀਂ ਗਿਆ ਸਿਕੰਦਰ
ਜੱਗ ਨੂੰ ਜਿੱਤਣ ਵਾਲਿਆਂ ਨੂੰ ਪਈ
ਅੰਤ ਹਾਰਨੀ ਬਾਜ਼ੀ
ਓਹਦਿਆਂ ਰੰਗਾਂ ਨੂੰ ਓਹੀਓ ਜਾਣੇ
ਪਤਾ ਨਹੀਂ ਰੱਬ ਕਿਹੜਿਆਂ ਰੰਗਾਂ ਵਿੱਚ ਰਾਜ਼ੀ।

ਜਿਵੇਂ ਬਸ ਵਿੱਚੋਂ ਸਵਾਰੀਆਂ ਆਪਣਾ ਸਫ਼ਰ ਮੁਕਾ ਕੇ ਉੱਤਰ ਜਾਂਦੀਆਂ ਹਨ ਉਵੇਂ ਹੀ ਜ਼ਿੰਦਗੀ ਦੇ ਸਫ਼ਰ ਵਿਚ ਜਦੋਂ ਨਾਲ ਦੀ ਸਵਾਰੀ ਬਿਨਾਂ ਦਸੇ ਉੱਤਰ ਜਾਂਦੀ ਹੈ, ਤਾਂ ਧੁਰ ਅੰਦਰ ਤੀਕ ਇੱਕ ਗਹਿਰੀ ਚੁੱਪ ਪਸਰ ਜਾਂਦੀ ਹੈ, ਜੋ ਬਾਹਰੀ ਸ਼ੋਰ-ਸ਼ਰਾਬੇ ਤੋਂ ਕਿਤੇ ਪਰ੍ਹਾਂ ਦੀ ਹੁੰਦੀ ਹੈ। ਚੀਕਾਂ ਨਿਕਲ ਜਾਂਦੀਆਂ ਨੇ ਕੰਧ 'ਤੇ ਟੰਗੀ ਕਿਸੇ ਆਪਣੇ ਦੀ ਤਸਵੀਰ ਨੂੰ ਵੇਖ ਕੇ ਜਿਸ ਅੱਗੇ ਜਿੰਨਾ ਮਰਜ਼ੀ ਰੋ ਲਵੋ, ਬੋਲ ਲਵੋ, ਓਹ ਕੋਈ ਹੁੰਗਾਰਾ ਨਹੀਂ ਭਰਦੀ। ਸੋ ਜਦ ਤਕ ਇਸ ਜ਼ਿੰਦਗੀ ਦੀ ਗੱਡੀ ਵਿਚ ਸਵਾਰ ਹਾਂ ਕਿਉਂ ਨਾ ਆਪਣੇ ਇਸ ਸਫ਼ਰ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ,

ਆਪਣੇ ਹਿੱਸੇ ਦੀ ਖ਼ੁਸ਼ੀ ਹੰਢਾਈਏ,
ਜਿਨ੍ਹਾਂ ਨਾਲ ਸਾਂਝ ਹੈ, ਉਨ੍ਹਾਂ ਨਾਲ ਸਮਾਂ ਬਿਤਾਈਏ,
ਸਭ ਨੂੰ ਮਾਫ਼ੀ ਦੇ ਦਿਲ ਤੋਂ ਬੋਝ ਲਾਹੀਏ
ਆਪਣਿਆਂ ਲਈ, ਇਸ ਸਫ਼ਰ ਦੀ ਖ਼ੁਸ਼ਨੁਮਾ ਯਾਦ ਬਣ ਜਾਈਏ।

ਸੋ ਅੰਤ ਵਿਚ ਮੈਂ ਸਿਰਫ਼ ਇੰਨਾ ਕਹਿਣਾ ਚਾਹਾਂਗੀ ਕਿ ਮੈਂ ਬਸ ਵਿਚ ਸਫ਼ਰ ਬਹੁਤ ਵਾਰ ਕੀਤਾ, ਪਰ ਇਸ ਵਾਰ ਦਾ ਸਫ਼ਰ ਕੁਝ ਅਲੱਗ ਸੀ, ਜਦ ਮੈਂ ਇਸ ਬਸ ਵਿਚ ਪੈਰ ਰੱਖਿਆ ਸੀ ਤਾਂ ਮੈਨੂੰ ਨਹੀਂ ਸੀ ਪਤਾ ਕਿ ਇਹ ਸਫ਼ਰ ਮੈਨੂੰ ਇੰਨਾ ਕੁਝ ਸਿਖਾ ਜਾਏਗਾ, ਮੇਰੇ ਵਿਚਾਰ, ਕਲਪਨਾ ਨੇ ਕਦੋਂ ਮੈਨੂੰ ਇੱਕ ਆਮ ਬਸ ਤੋਂ, ਜ਼ਿੰਦਗੀ ਦੀ ਬਸ ਵਿਚ ਬਿਠਾ ਦਿੱਤਾ ਮੈਨੂੰ ਵੀ ਪਤਾ ਨਹੀਂ ਲੱਗਿਆ, ਜੋ ਮੈਂ ਬਸ ਵਿਚ ਬੈਠਣ ਤੋਂ ਪਹਿਲਾਂ ਸੀ, ਉਤਰਨ ਵੇਲੇ ਉਸਤੋਂ ਬਿਲਕੁਲ ਵੱਖ ਸਾਂ, ਇਹ ਇੱਕ ਅਜੇਹਾ ਸਫ਼ਰ ਸੀ, ਜੋ ਮੈਨੂੰ ਜ਼ਿੰਦਗੀ ਦਾ ਸਾਰ ਸਿਖਾ ਗਿਆ, ਉਸ ਸਮੇਂ ਮੇਰੇ ਮਨ ਅੰਦਰ ਵਾਰ ਵਾਰ ਇਹੀ ਪੰਕਤੀਆਂ ਗੂੰਜ ਰਹੀਆਂ ਸਨ,

ਹਰ ਚੀਜ਼ ਦਾ ਵਕਤ ਤੈਅ ਹੈ,ਹਰ ਜਗ੍ਹਾ ਤੈਅ ਹੈ,
ਤੁਸੀਂ ਕਿਤੇ ਪਹੁੰਚਦੇ ਨਹੀਂ, ਪਹੁੰਚਾਏ ਜਾਂਦੇ ਹੋ,
ਖੇਡ ਤੂੰ ਨਹੀਂ,,ਖੇਡ ਓਹ ਰਿਹੈ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

# ਕ੍ਰਿਸ਼ਨ ਚੰਦਰ, ਅੱਬਾਸ, ਮੰਟੋ, ਬੇਦੀ ਤੇ ਚੁਗਤਾਈ

ਇਸ ਮਹੀਨੇ ਦੀ 'ਏਕਮ' ਤੇ 'ਪ੍ਰੀਤ ਲੜੀ' ਵਿਚ ਸਆਦਤ ਹਸਨ ਮੰਟੋ, ਤੇ ਇਸਮਤ ਚੁਗਤਾਈ ਦੀ ਚਰਚਾ ਪੜ੍ਹ ਕੇ ਉਰਦੂ ਅਫਸਾਨਾ ਨਿਗਾਰੀ ਦਾ ਉਹ ਯੁਗ ਚੇਤੇ ਆ ਗਿਆ ਹੈ ਜਿਸ ਵਿਚ ਅੱਬਾਸ, ਕ੍ਰਿਸ਼ਨ ਚੰਦਰ ਤੇ ਰਾਜਿੰਦਰ ਸਿੰਘ ਬੇਦੀ ਦਾ ਵੀ ਬੋਲ-ਬਾਲਾ ਸੀ। ਪਿਛਲੀ ਸ਼ਤਾਬਦੀ ਦੇ ਤੀਹਵਿਆਂ ਦਾ ਇਹ ਦੌਰ ਅਗਾਂਹਵਧੂ ਸਾਹਿਤਕਾਰੀ ਨੂੰ ਪਰਨਾਇਆ ਹੋਇਆ ਸੀ। ਗੱਲ ਕਹਿਣ ਦਾ ਅੰਦਾਜ਼ ਤੇ ਪੇਸ਼ਕਾਰੀ ਹਰ ਇੱਕ ਦੀ ਆਪੋ ਆਪਣੀ ਸੀ। ਇਨ੍ਹਾਂ ਵਿਚੋਂ ਸਭ ਤੋਂ ਛੋਟੀ ਉਮਰ (11 ਮਈ 1912 ਤੋਂ 18 ਜਨਵਰੀ 1955) ਭੋਗਣ ਵਾਲੇ ਮੰਟੋ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੀ ਸਮਰਾਲਾ ਤਹਿਸੀਲ ਵਿਚ ਪੈਂਦੇ ਪਿੰਡ ਪਪੜੌਦੀ ਦਾ ਸੀ। ਇਹ ਪਿੰਡ ਹਰਿਆਣਾ ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਕੇਵਲ 40 ਮੀਲ ਦੀ ਦੂਰੀ 'ਤੇ ਹੈ।

ਪਿੰਡ ਏਨਾ ਛੋਟਾ ਹੈ ਕਿ ਕੱਲ੍ਹ ਤੱਕ ਇਸਦਾ ਡਾਕਘਰ ਵੀ ਆਪਣਾ ਨਹੀਂ। ਇਸਨੂੰ ਚਾਵਾ ਪਾਇਲ ਦਾ ਰੇਲਵੇ ਸਟੇਸ਼ਨ ਲਗਦਾ ਹੈ ਜਿਹੜਾ ਅੱਠ ਕਿਲੋਮੀਟਰ ਦੀ ਦੂਰੀ ਉੱਤੇ ਹੈ। ਛੋਟੀ ਉਮਰੇ ਵੱਡੀ ਛਾਲ ਮਾਰਨ ਵਾਲਾ ਮੰਟੋ ਹੈਦਰਾਬਾਦ ਤੇ ਮੁੰਬਈ ਤੱਕ ਜਾਣਿਆ ਜਾਂਦਾ ਸੀ। ਇਸ ਯੁਗ ਦੇ ਉਰਦੂ ਰਚਨਾਕਾਰਾਂ ਦੀ ਉੱਤਮਤਾਈ ਦਾ ਵੇਰਵਾ ਇੱਕ ਨਿਕਚੂ ਜਿਹੇ ਕਾਲਮ ਵਿਚ ਦੇਣਾ ਸੰਭਵ ਨਹੀਂ। ਆਪਾਂ ਕੇਵਲ ਦੋ ਦੀ ਗੱਲ ਕਰਦੇ ਹਾਂ। ਮੰਟੋ ਦੀ ਛੋਟੀ ਉਮਰੇ ਵੱਡੀਆਂ ਮੱਲਾਂ ਮਾਰਨ ਸਦਕਾ ਤੇ ਇਸਮਤ ਚੁਗਤਾਈ ਦੀ ਮਹਿਲਾ ਹੋਣ ਕਾਰਨ ਜਿਹੜੀ ਮੰਟੋ ਜਿੰਨੀ ਹੀ ਮਕਬੂਲ ਹੋਈ ਤੇ ਉਹਦੇ ਵਾਂਗ ਹੀ ਤਲਖ, ਤੁਰਸ਼ ਤੇ ਸ਼ੀਰੀਂ ਪੇਸ਼ਕਾਰੀ ਲਈ ਜਾਣੀ ਜਾਂਦੀ ਸੀ।

ਮੈਂ ਇਨ੍ਹਾਂ ਪੰਜਾਂ ਵਿਚੋਂ ਕੇਵਲ ਰਜਿੰਦਰ ਸਿੰਘ ਬੇਦੀ ਨੂੰ ਮਿਲਿਆ ਸਾਂ। ਉਹ ਮੇਰੇ ਨਾਲੋਂ ਵੀਹ ਸਾਲ ਵੱਡਾ ਹੋਣ ਦੇ ਬਾਵਜੂਦ ਹਾਣੀਆਂ ਵਾਂਗ ਮਿਲਦਾ ਤੇ ਚਿੱਠੀ ਪੱਤਰ ਕਰਦਾ ਸੀ। ਇਹ ਸਤਰਾਂ ਲਿਖਣ ਸਮੇਂ ਮੈਨੂੰ ਉਸਦੀ ਉਹ ਚਿੱਠੀ ਲੱਭ ਗਈ ਹੈ ਜਿਹੜੀ ਉਸਨੇ 30 ਅਪ੍ਰੈਲ 1961 ਨੂੰ ਲਾਜਵੰਤੀ ਕਹਾਣੀ ਦੇ ਅੰਗਰੇਜ਼ੀ ਅਨੁਵਾਦ ਦੀ ਪ੍ਰਵਾਨਗੀ ਦਿੰਦਿਆਂ ਮੈਨੂੰ ਲਿਖੀ ਸੀ। ਬੇਦੀ ਵੀ ਉਸ ਯੁਗ ਦਾ ਅਨੋਖਾ ਥੰਮ੍ਹ ਸੀ। ਸਆਦਤ ਹਸਨ ਮੰਟੋ ਤੇ ਇਸਮਤ ਚੁਗਤਾਈ ਵਾਂਗ ਚੁਸਤ, ਚਤਰ ਤੇ ਨਿਸ਼ੰਗ। ਸਮੇਂ ਤੇ ਸਥਾਨ ਦੀ ਸੀਮਾ ਨੂੰ ਮੁਖ ਰਖਦਿਆਂ ਮੈਂ ਹਥਲੇ ਲੇਖ ਵਿਚ ਆਪਣੇ ਵਲੋਂ ਹੋਰ ਕੁਝ ਲਿਖੇ ਬਿਨਾਂ ਹੋਰਨਾਂ ਦਾ ਲਿਖਿਆ ਹੀ ਦੇ ਰਿਹਾ ਹਾਂ। ਮੰਟੋ ਦੇ ਦੇਹਾਂਤ ਸਮੇਂ ਲਿਖੀ ਕ੍ਰਿਸ਼ਨ ਚੰਦਰ ਦੀ ਸ਼ਰਧਾਂਜਲੀ ਤੇ ਇਸਮਤ ਚੁਗਤਾਈ ਤੇ ਮੰਟੋ ਦੀ ਆਪਸੀ ਨੋਕ-ਝੋਕ। ਮੰਟੋ ਵੱਲੋਂ ਲਿਖੀ ਨੋਕ-ਝੋਕ ਦਾ ਸਿਰਲੇਖ ਹੈ 'ਇਸਮਤ ਚੁਗਤਾਈ ਤੇ ਮੈਂ'। ਏਥੇ ਦਿੱਤਾ ਪੰਜਾਬੀ ਅਨੁਵਾਦ ਸੁਰਿੰਦਰ ਰਾਮਪੁਰੀ ਦਾ ਹੈ। ਇਹ ਪਿੰਡ ਵੀ ਮੰਟੋ ਦੀ ਪਪੜੌਦੀ ਤੋਂ ਕੇਵਲ ਦਸ ਕਿਲੋਮੀਟਰ ਹੈ।


ਮੇਰੇ ਵਰਗੇ ਉਰਦੂ ਪੜ੍ਹੇ ਲੋਕਾਂ ਨੂੰ ਤਾਂ ਇਹ ਜਾਣ ਕੇ ਵੀ ਹੈਰਾਨੀ ਹੋਵੇਗੀ ਕਿ ਜਦੋਂ 2012 ਵਿਚ ਮੰਟੋ ਦੀ ਜਨਮ ਸ਼ਤਾਬਦੀ ਮਨਾਈ, ਪਪੜੌਦੀ ਦੇ ਵਸਨੀਕਾਂ ਨੇ ਮੰਟੋ ਦੇ ਜਨਮ ਸਥਾਨ ਉੱਤੇ ਜਿਹੜੀ ਤਖ਼ਤੀ ਲਾਈ ਸੀ ਉਸ ਉੱਤੇ ਉਸਦਾ ਨਾਂ ਹਸਨ ਲਾਲ ਮੰਟੋ ਲਿਖਿਆ ਸੀ। ਉਹ ਕੀ ਜਾਨਣ ਕਿ 1947 ਦੀ ਦੇਸ਼ ਵੰਡ ਦੇ ਸਿਆਸਤਦਾਨਾਂ ਨੇ ਉਰਦੂ ਵਰਗੀ ਮਿੱਠੀ ਜ਼ਬਾਨ ਨੂੰ ਦੇਸ਼ ਨਿਕਾਲਾ ਦੇ ਦਿੱਤਾ ਸੀ। ਪੇਸ਼ ਹਨ ਮੰਟੋ ਵਾਲੇ ਲੇਖ ਦੇ ਕੁਝ ਭਾਗ:


ਉਹਨੀਂ ਦਿਨੀ ਜਦੋਂ ਮੈਂ ਬੰਬਈ ਵਿਚ ਸੀ, ਹੈਦਰਾਬਾਦ ਦੇ ਇਕ ਸਾਹਿਤ ਦਾ ਪੱਤਰ ਮਿਲਿਆ। ਉਸਨੇ ਲਿਖਿਆ ਸੀ—

'ਇਹ ਕੀ ਗੱਲ ਬਣੀ ਕਿ ਇਸਮਤ ਚੁਗਤਾਈ ਨੇ ਤੁਹਾਡੇ ਨਾਲ ਸ਼ਾਦੀ ਨਹੀਂ ਕੀਤੀ। ਮੰਟੋ ਅਤੇ ਇਸਮਤ, ਜੇ ਇਹ ਦੋ ਹਸਤੀਆਂ ਮਿਲ ਜਾਂਦੀਆਂ ਤਾਂ ਕਿੰਨਾ ਚੰਗਾ ਹੁੰਦਾ। ਅਫ਼ਸੋਸ ਹੈ ਕਿ ਇਸਮਤ ਨੇ ਸਾਹਿਤ ਨਾਲ ਸ਼ਾਦੀ ਕਰ ਲਈ ਅਤੇ ਮੰਟੋ...।

ਉਹਨੀਂ ਦਿਨੀ ਹੀ ਹੈਦਰਾਬਾਦ ਵਿਚ ਪ੍ਰਗਤੀਸ਼ੀਲ ਲੇਖਕਾਂ ਦਾ ਸੰਮੇਲਨ ਹੋਇਆ। ਮੈਂ ਤਾਂ ਉਸ ਸੰਮੇਲਨ ਵਿਚ ਗਿਆ ਨਹੀਂ ਸੀ, ਪਰ ਕੁੜੀਆਂ ਦੀ ਇਕ ਟੋਲੀ ਨੇ ਇਸਮਤ ਨੂੰ ਘੇਰ ਕੇ ਪੁੱਛਿਆ, 'ਤੁਸੀਂ ਮੰਟੋ ਨਾਲ ਸ਼ਾਦੀ ਕਿਉਂ ਨਹੀਂ ਕੀਤੀ?' ਅਸਲੀਅਤ ਕੁਝ ਵੀ ਹੋਵੇ, ਪਰ ਇਹ ਗੱਲ ਅਸਾਧਾਰਣ ਤੌਰ 'ਤੇ ਦਿਲਚਸਪ ਹੈ ਕਿ ਸਾਰੇ ਹਿੰਦੋਸਤਾਨ ਵਿਚ ਹੈਦਰਾਬਾਦ ਹੀ ਇਕੋ-ਇਕ ਜਗ੍ਹਾ ਹੈ, ਜਿੱਥੋਂ ਦੇ ਇਸਤਰੀ-ਪੁਰਸ਼ ਮੇਰੀ ਅਤੇ ਇਸਮਤ ਦੀ ਸ਼ਾਦੀ ਬਾਰੇ ਚਿੰਤਤ ਰਹੇ ਨੇ।

ਉਸ ਸਮੇਂ ਤਾਂ ਮੈਂ ਧਿਆਨ ਨਹੀਂ ਦਿੱਤਾ, ਪਰ ਹੁਣ ਸੋਚਦਾਂ, ਜੇ ਮੈਂ ਅਤੇ ਇਸਮਤ ਮੀਆਂ-ਬੀਵੀ ਬਣ ਜਾਂਦੇ ਤਾਂ ਕੀ ਹੁੰਦਾ। ਇਹ 'ਜੇ' ਵੀ ਕੁਝ ਇਸ ਪ੍ਰਕਾਰ ਦੀ 'ਜੇ' ਹੈ, ਜੇ ਕਿਹਾ ਜਾਏ ਕਿ ਕਲੇਪੇਤਰਾ ਦੀ ਨੱਕ ਜੇ ਇਕ ਇੰਚ ਦਾ ਅਠਾਰਵਾਂ ਹਿੱਸਾ ਬੜੀ ਹੁੰਦੀ ਤਾਂ ਇਸਦਾ ਨੀਲ ਰਾਜ ਦੇ ਇਤਿਹਾਸ 'ਤੇ ਕੀ ਪ੍ਰਭਾਵ ਪੈਂਦਾ? ਪਰ ਇਸਮਤ ਨਾ ਤਾਂ ਕਲੋਪੇਤਰਾ ਹੈ ਨਾ ਮੰਟੋ ਐਨਤਨੀ। ਇੰਨਾ ਜ਼ਰੂਰ ਹੈ ਕਿ ਜੇ ਮੰਟੋ ਅਤੇ ਇਸਮਤ ਦੀ ਸ਼ਾਦੀ ਹੋ ਜਾਂਦੀ ਤਾਂ ਉਰਦੂ ਕਹਾਣੀ ਸਾਹਿਤ ਦੇ ਇਤਿਹਾਸ 'ਤੇ ਇਹਦਾ ਐਟਮੀ ਪ੍ਰਭਾਵ ਪੈਂਦਾ।





ਕਹਾਣੀ ਮੁੜ-ਤੁੜ ਕੇ ਬੁਝਾਰਤਾਂ ਬਣ ਜਾਂਦੀਆਂ। ਸਾਹਿਤ ਦੀਆਂ ਛਾਤੀਆਂ 'ਚੋਂ ਸਾਰਾ ਦੁੱਧ ਖੁਸ਼ਕ ਹੋ ਕੇ ਅਜੀਬ ਜਿਹੀ ਭਸਮ ਬਣ ਜਾਂਦਾ। ਜਲ ਕੇ ਸੁਆਹ ਹੋ ਜਾਂਦਾ। ਇਹ ਵੀ ਸੰਭਵ ਹੈ ਕਿ ਨਿਕਾਹਨਾਮੇ 'ਤੇ ਉਨ੍ਹਾਂ ਦੇ ਦਸਖ਼ਤ, ਉਨ੍ਹਾਂ ਦੀ ਆਖਰੀ ਲਿਖਤ ਹੁੰਦੀ। ਪਰ ਛਾਤੀ 'ਤੇ ਹੱਥ ਰਖ ਕੇ ਇਹ ਵੀ ਕੌਣ ਕਹਿ ਸਕਦਾ ਹੈ ਕਿ ਨਿਕਾਹਨਾਮਾ ਹੋ ਵੀ ਜਾਂਦਾ। ਬਹੁਤੀ ਸੰਭਾਵਨਾ ਤਾਂ ਇਹ ਹੀ ਹੈ ਕਿ ਦੋਨੋਂ ਨਿਕਾਹਨਾਮੇ 'ਤੇ ਅੱਡ-ਅੱਡ ਕਹਾਣੀਆਂ ਲਿਖਦੇ।

ਐਡਲਫੀ ਚੈਂਬਰ, ਕਲੇਮਰੇ ਰੋਡ, ਬੰਬਈ ਦੇ 16 ਨੰਬਰ ਫਲੈਟ ਵਿਚ, ਜਿੱਥੇ ਮੈਂ ਰਹਿੰਦਾ ਸੀ, ਸ਼ਾਹਿਦ ਲਤੀਫ ਆਪਣੀ ਪਤਨੀ ਨਾਲ ਦਾਖ਼ਲ ਹੋਇਆ। ਇਹ ਅਗਸਤ 1942 ਦੀ ਗੱਲ ਹੈ। ਇਕ ਮਹੀਨਾ ਪਹਿਲਾਂ 'ਅਦਬੇ-ਲਤੀਫ' ਰਸਾਲੇ ਵਿਚ ਇਸਮਤ ਦੀ ਕਹਾਣੀ 'ਲਿਹਾਫ' ਛਪੀ ਸੀ। ਮੈਨੂੰ ਯਾਦ ਹੈ, ਕਹਾਣੀ ਪੜ੍ਹ ਕੇ ਮੈਂ ਕ੍ਰਿਸ਼ਨ ਚੰਦਰ ਨੂੰ ਕਿਹਾ ਸੀ, 'ਕਹਾਣੀ ਬਹੁਤ ਹੀ ਵਧੀਆ ਹੈ, ਪਰ ਆਖਰੀ ਵਾਕ ਕਲਾ-ਹੀਣ ਹੈ। ਅਹਿਮਦ ਨਦੀਮ ਦੀ ਥਾਂ ਜੇ ਮੈਂ ਸੰਪਾਦਕ ਹੁੰਦਾ ਤਾਂ ਕੱਟ ਦੇਣਾ ਸੀ।'

ਇਸੇ ਲਈ ਜਦੋਂ ਕਹਾਣੀਆਂ ਬਾਰੇ ਗੱਲਾਂ ਹੋਣ ਲੱਗੀਆਂ ਤਾਂ ਮੈਂ ਇਸਮਤ ਨੂੰ ਕਿਹਾ, 'ਤੁਹਾਡੀ ਕਹਾਣੀ 'ਲਿਹਾਫ' ਮੈਨੂੰ ਬਹੁਤ ਪਸੰਦ ਆਈ। ਕਹਾਣੀ ਬਿਆਨ ਕਰਦਿਆਂ ਘੱਟ ਤੋਂ ਘੱਟ ਸ਼ਬਦਾਂ ਦੀ ਵਰਤੋਂ ਤੁਹਾਡਾ ਵਿਸ਼ੇਸ਼ ਗੁਣ ਹੈ। ਪਰ ਮੈਨੂੰ ਹੈਰਾਨੀ ਹੈ ਕਿ ਇਸ ਕਹਾਣੀ ਦੇ ਅੰਤ ਵਿਚ ਤੁਸੀਂ ਫ਼ਜ਼ੂਲ ਜਿਹਾ ਫ਼ਿਕਰਾ ਕਿਉਂ ਲਿਖ ਦਿੱਤਾ?'

ਇਸਮਤ ਬੋਲੀ, 'ਕੀ ਦੋਸ਼ ਹੈ ਉਹ ਵਾਕ ਵਿਚ।'

ਮੈਂ ਜਵਾਬ ਵਿਚ ਕੁਝ ਕਹਿਣ ਹੀ ਲੱਗਿਆ ਸੀ ਕਿ ਮੈਨੂੰ ਇਸਮਤ ਦੇ ਚਿਹਰੇ 'ਤੇ ਸਿਮਟੀ ਉਹੀ ਲੱਜਾ ਨਜ਼ਰ ਆਈ, ਜੋ ਆਮ ਸਾਧਾਰਨ ਘਰੇਲੂ ਕੁੜੀਆਂ ਦੇ ਚਿਹਰੇ 'ਤੇ ਕਿਸੇ ਵਰਜਿਤ ਚੀਜ਼ ਦਾ ਨਾਂਅ ਸੁਣ ਕੇ ਆ ਜਾਂਦੀ ਹੈ। ਜਦੋਂ ਇਸਮਤ ਚਲੀ ਗਈ, ਤਾਂ ਮੇਰੇ ਦਿਲ ਨੇ ਕਿਹਾ, 'ਇਹ ਕਮਬਖ਼ਤ ਤਾਂ ਬਿਲਕੁਲ ਹੀ ਔਰਤ ਨਿਕਲੀ।'

ਮੈਨੂੰ ਯਾਦ ਹੈ, ਇਸ ਮੁਲਾਕਾਤ ਦੇ ਅਗਲੇ ਦਿਨ ਹੀ ਮੈਂ ਆਪਣੀ ਪਤਨੀ ਨੂੰ ਦਿੱਲੀ ਖ਼ਤ ਲਿਖਿਆ, 'ਇਸਮਤ ਨੂੰ ਮਿਲਿਆ ਸੀ। ਤੂੰ ਇਹ ਸੁਣ ਕੇ ਹੈਰਾਨ ਹੋਵੇਂਗੀ ਕਿ ਉਹ ਬਿਲਕੁਲ ਹੀ ਤੇਰੇ ਵਰਗੀ ਔਰਤ ਹੈ। ਮੇਰਾ ਤਾਂ ਮਜ਼ਾ ਹੀ ਕਿਰਕਿਰਾ ਹੋ ਗਿਆ। ਪਰ ਤੈਨੂੰ ਉਹ ਪਸੰਦ ਆਵੇਗੀ। ਮੈਂ ਜਦੋਂ ਉਹਦੇ ਨਾਲ 'ਲਿਹਾਫ' ਦੇ ਅੰਤਿਮ ਵਾਕ ਦੀ ਚਰਚਾ ਕੀਤੀ ਤਾਂ ਨਲਾਇਕ ਉਹਦੀ ਕਲਪਨਾ ਕਰਕੇ ਹੀ ਝੇਪ ਲਈ।'

ਕਾਫੀ ਸਮੇਂ ਪਿੱਛੋਂ ਜਦੋਂ ਮੈਂ ਆਪਣੀ ਇਸ ਪਹਿਲੀ ਪ੍ਰਤੀਕਿਰਿਆ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਤਾਂ ਮੈਨੂੰ ਇਸ ਗੱਲ ਦਾ ਤੀਬਰਤਾ ਨਾਲ ਅਹਿਸਾਸ ਹੋਇਆ ਕਿ ਆਪਣੀ ਕਲਾ ਦੇ ਬਚਾ ਲਈ ਮਨੁੱਖ ਨੂੰ ਆਪਣੀ ਹੀ ਸੀਮਾ ਵਿਚ ਰਹਿਣਾ ਚਾਹੀਦਾ ਹੈ।

ਫਿਰ ਇਕ ਦਿਨ ਮੇਰੀ ਪਤਨੀ ਨੇ 'ਲਿਹਾਫ' ਬਾਰੇ ਇਸਮਤ ਨੂੰ ਕਿਹਾ, 'ਤੂੰ ਇਹ ਕੀ ਬਕਵਾਸ ਕਹਾਣੀ ਲਿਖੀ ਹੈ।' ਇਸਮਤ ਝੱਟ ਬੋਲ ਪਈ, 'ਬਕੋ ਨਾ। ਬਰਫ ਲਿਆਓ, ਕਿੱਥੇ ਹੈ?'

ਇਸਮਤ ਨੂੰ ਬਰਫ ਖਾਣ ਦਾ ਬਹੁਤ ਸ਼ੌਕ ਹੈ। ਬੱਚਿਆਂ ਵਾਂਗ ਡਲੀ ਹੱਥ 'ਚ ਫੜ ਦੰਦੀਆਂ ਵੱਢਦੀ ਰਹੇਗੀ। ਉਹਨੇ ਆਪਣੀਆਂ ਕਈ ਕਹਾਣੀਆਂ ਬਰਫ ਖਾ-ਖਾ ਕੇ ਹੀ ਲਿਖੀਆਂ ਨੇ। ਕਹਾਣੀਆਂ ਦੇ ਭਾਵ ਮੰਜੇ 'ਤੇ ਪੁੱਠੀ ਪਈ ਹੈ। ਸਾਹਮਣੇ ਸਿਰਾਣੇ 'ਤੇ ਕਾਪੀ ਖੁੱਲ੍ਹੀ ਹੋਈ ਹੈ। ਇਕ ਹੱਥ ਵਿਚ ਫਾਊਂਟੇਨ ਪੈਨ ਹੈ, ਦੂਸਰੇ ਵਿਚ ਬਰਫ ਦੀ ਡਲੀ। ਰੇਡੀਓ ਉੱਚੀ ਸੁਰ ਵਿਚ ਚੱਲ ਰਿਹੈ, ਪਰ ਉਹਦੀ ਕਲਮ ਅਤੇ ਮੂੰਹ ਦੋਵੇਂ ਖਟਾਖਟ ਚਲ ਰਹੇ ਨੇ।

ਇਸਮਤ ਦਾ ਰੰਗ-ਰੂਪ ਸੁੰਦਰ ਨਹੀਂ, ਯਾਦ ਰੱਖਣ ਯੋਗ ਜ਼ਰੂਰ ਹੈ। ਉਸ ਨਾਲ ਪਹਿਲੀ ਮੁਲਾਕਾਤ ਦਾ ਚਿੱਤਰ ਅਜੇ ਵੀ ਮੇਰੇ ਦਿਲ ਵਿਚ ਉੱਕਰਿਆ ਪਿਆ ਹੈ। ਬਹੁਤ ਹੀ ਸਾਦਾ ਪਹਿਰਾਵਾ। ਛੋਟੀ ਕੰਨੀ ਦੀ ਸਫੈਦ ਧੋਤੀ। ਸਫੈਦ ਜ਼ਮੀਨ ਦਾ, ਖੜੀਆਂ ਲਕੀਰਾਂ ਵਾਲਾ ਚੁਸਤ ਬਲਾਊਜ਼? ਹੱਥ ਵਿਚ ਛੋਟਾ ਜਿਹਾ ਪਰਸ। ਪੈਰਾਂ ਵਿਚ ਛੋਟੀ ਅੱਡੀ ਦੇ ਬਰਾਊਨ ਚੱਪਲ। ਛੋਟੀਆਂ-ਛੋਟੀਆਂ ਪਰ ਤੇਜ਼ ਜਗਿਆਸੂ ਅੱਖਾਂ ਤੇ ਮੋਟੇ-ਮੋਟੇ ਸ਼ੀਸ਼ਿਆਂ ਵਾਲੀ ਐਨਕ। ਛੋਟੇ ਪਰ ਘੁੰਗਰਾਲੇ ਵਾਲ। ਟੇਢੀ ਚੀਰਮੀ। ਰਤਾ ਕੁ ਮੁਸਕਰਾਉਣ ਨਾਲ ਗੱਲ੍ਹਾਂ ਵਿਚ ਟੋਏ ਪੈ ਜਾਂਦੇ।

ਮੈਂ ਇਸਮਤ 'ਤੇ ਆਸ਼ਕ ਨਹੀਂ ਹਾਂ, ਪਰ ਮੇਰੀ ਪਤਨੀ (ਸਫੀਆ) ਉਹਦੀ ਮੁਹੱਬਤ ਵਿਚ ਗ੍ਰਿਫ਼ਤਾਰ ਹੋ ਗਈ। ਇਸਮਤ ਨਾਲ ਸਫੀਆ ਜੇ ਇਸ ਗੱਲ ਦੀ ਚਰਚਾ ਕਰੇ ਤਾਂ ਉਹ ਅਵੱਸ਼ ਹੀ ਇਸ ਤਰ੍ਹਾਂ ਕਹੇਗੀ, 'ਬੜੀ ਆਈ ਹੈ ਮੇਰੀ ਮੁਹੱਬਤ 'ਚ, ਗ੍ਰਿਫ਼ਤਾਰ ਹੋਣ ਵਾਲੀ। ਤੇਰੀ ਉਮਰ ਦੀਆਂ ਲੜਕੀਆਂ ਦੇ ਪਿਤਾ ਗ੍ਰਿਫ਼ਤਾਰ ਹੁੰਦੇ ਨੇ ਮੇਰੀ ਮੁਹੱਬਤ ਵਿਚ।'

ਆਪਸੀ ਟਕਰਾਅ ਦੇ ਭੈਅ ਵਿਚ ਅਸੀਂ ਬਹੁਤ ਘੱਟ ਗੱਲਾਂ ਕਰਦੇ ਸੀ। ਮੇਰੀ ਕਹਾਣੀ ਛਪਦੀ ਤਾਂ ਪੜ੍ਹ ਕੇ ਦਾਦ ਦੇ ਦਿੰਦੀ ਸੀ। 'ਨੀਲਮ' ਦੇ ਛਪਣ 'ਤੇ ਉਸ ਨੇ ਵਿਸ਼ੇਸ਼ ਤੌਰ 'ਤੇ ਮੇਰੀ ਪ੍ਰਸ਼ੰਸਾ ਕਰਦਿਆਂ ਕਿਹਾ, 'ਸੱਚ ਮੁੱਚ ਹੀ ਇਹ ਭੈਣ ਬਣਾਉਣ ਕੀ ਹੈ। ਤੁਸੀਂ ਬਿਲਕੁਲ ਸਹੀ ਕਿਹਾ ਹੈ। ਕਿਸੇ ਔਰਤ ਨੂੰ ਭੈਣ ਕਹਿਣਾ ਉਹਦਾ ਅਪਮਾਨ ਹੈ।'

ਮੈਂ ਸੋਚਦਾ ਹੀ ਰਹਿ ਗਿਆ, ਉਹ ਮੈਨੂੰ ਮੰਟੋ ਭਾਈ ਕਹਿੰਦੀ ਹੈ। ਮੈਂ ਉਹਨੂੰ ਇਸਮਤ ਭੈਣ ਕਹਿੰਦਾ ਹਾਂ। ਦੋਵਾਂ ਨੂੰ ਖ਼ੁਦਾ ਸਮਝੇ।

ਖੁਦਾ ਸਮਝੇ ਨਾ ਸਮਝੇ। ਮੰਟੋ ਦਾ ਸਮਕਾਲੀ ਕ੍ਰਿਸ਼ਨ ਚੰਦਰ ਸਮਝਦਾ ਸੀ ਜਿਸਨੇ ਉਸਦੇ ਦੇਹਾਂਤ ਉੱਤੇ ਹੇਠ ਲਿਖੀ ਸ਼ਰਧਾਂਜਲੀ ਪੇਸ਼ ਕੀਤੀ:

ਇਕ ਅਨੋਖੀ ਘਟਨਾ ਵਾਪਰੀ ਹੈ—ਮੰਟੋ ਮਰ ਗਿਆ ਹੈ। ਉਂਝ ਤਾ ਉਹ ਇਕ ਅਰਸੇ ਦਾ ਮਰ ਰਿਹਾ ਸੀ। ਕਦੇ ਸੁਣਿਆ, ਉਹ ਪਾਗਲਪਨ ਵਿਚ ਹੈ। ਕਦੇ ਸੁਣਿਆ, ਉਹ ਵਧੇਰੇ ਸ਼ਰਾਬ ਪੀ ਜਾਣ ਕਾਰਨ ਹਸਪਤਾਲ ਵਿਚ ਪਿਆ ਹੈ, ਕਦੇ ਸੁਣਿਆ, ਉਸਦੇ ਯਾਰ-ਮਿੱਤਰ ਵੀ ਉਸਦਾ ਸਾਥ ਛੱਡ ਗਏ ਹਨ, ਕਦੇ ਸੁਣਿਆ, ਉਹ ਤੇ ਉਸਦੇ ਬੀਵੀ-ਬੱਚੇ ਭੁੱਖਾਂ ਕੱਟ ਰਹੇ ਹਨ। ਬਹੁਤ ਸਾਰੀਆਂ ਗੱਲਾਂ ਸੁਣੀਆਂ, ਹਮੇਸ਼ਾ ਮਾੜੀਆਂ ਗੱਲਾਂ ਸੁਣੀਆਂ, ਹਮੇਸ਼ਾ ਬੁਰੀਆਂ ਲੱਗੀਆਂ... ਪਰ ਵਿਸ਼ਵਾਸ ਨਹੀਂ ਆਇਆ; ਕਿਉਂਕਿ ਉਦੋਂ ਵੀ ਉਸਦੀਆਂ ਕਹਾਣੀਆਂ ਲਗਾਤਾਰ ਛਪ ਰਹੀਆਂ ਸਨ। ਚੰਗੀਆਂ ਕਹਾਣੀਆਂ ਵੀ ਅਤੇ ਮਾੜੀਆਂ ਵੀ। ਜਿਨ੍ਹਾਂ ਨੂੰ ਪੜ੍ਹ ਕੇ ਮੰਟੋ ਦਾ ਮੂੰਹ ਵਲੂੰਧਰ ਦੇਣ ਨੂੰ ਦਿਲ ਕਰਦਾ ਸੀ ਅਤੇ ਅਜਿਹੀਆਂ ਕਹਾਣੀਆਂ ਵੀ ਜਿਨ੍ਹਾਂ ਨੂੰ ਪੜ੍ਹ ਕੇ ਉਸਦਾ ਮੂੰਹ ਚੁੰਮ ਲੈਣ ਨੂੰ ਜੀਅ ਕਰਦਾ ਸੀ। ਇਹ ਕਹਾਣੀਆਂ ਮੰਟੋ ਦੇ ਠੀਕ-ਠਾਕ ਹੋਣ ਦਾ ਸਬੂਤ ਸਨ। ਮੈਂ ਸਮਝਦਾ ਸਾਂ, ਉਸਦੀਆਂ ਕਹਾਣੀਆਂ ਛਪ ਰਹੀਆਂ ਹਨ।

ਮੈਨੂੰ ਇਨ੍ਹਾਂ ਸਾਰੀਆਂ ਗੱਲਾਂ ਦੀ ਨਾ ਤਾਂ ਕੋਈ ਹੈਰਾਨੀ ਹੋਈ, ਨਾ ਅਚੰਭਾ। ਮੰਟੋ ਕਹਾਣੀਆਂ ਲਿਖ ਰਿਹਾ ਹੈ—ਮੰਟੋ ਠੀਕ-ਠਾਕ ਹੈ—ਰੱਬ ਉਸਦੀ ਕਲਮ ਵਿਚ ਹੋਰ ਜ਼ਹਿਰ ਭਰੇ।

ਪਰ ਅੱਜ ਜਦੋਂ ਰੇਡੀਓ ਪਾਕਿਸਤਾਨ ਨੇ ਇਹ ਖ਼ਬਰ ਸੁਣਾਈ, ਕਿ ਮੰਟੋ ਧੜਕਨ ਬੰਦ ਹੋ ਜਾਣ ਕਰਕੇ ਚੱਲ ਵੱਸਿਆ ਤਾਂ ਦਿਲ ਅਤੇ ਦਿਮਾਗ਼ ਚਲਦੇ-ਚਲਦੇ ਛਿਣ ਕੁ ਲਈ ਰੁਕ ਗਏ। ਦੂਜੇ ਛਿਣ ਵਿਸ਼ਵਾਸ ਹੀ ਨਹੀਂ ਹੋਇਆ। ਦਿਲ ਅਤੇ ਦਿਮਾਗ, ਨੇ ਇਹ ਮੰਨਿਆ ਹੀ ਨਹੀਂ ਕਿ ਇੰਝ ਵੀ ਹੋ ਸਕਦਾ ਹੈ—ਛਿਣ ਭਰ ਲਈ ਮੰਟੋ ਦਾ ਚਿਹਰਾ ਮੇਰੀਆਂ ਨਜ਼ਰਾਂ ਸਾਹਵੇਂ ਅਟਕ ਗਿਆ। ਉਸਦਾ ਦਗ-ਦਗ ਕਰਦਾ ਚੌੜਾ ਮੱਥਾ, ਗੱਲ-ਗੱਲ 'ਤੇ ਉਸਦੀ ਤਿੱਖੀ ਮੁਸਕਰਾਹਟ ਅਤੇ ਲਾਂਬੂ ਵਾਂਗ ਲਟ-ਲਟ ਬਲਦਾ ਉਸਦਾ ਦਿਲ—ਕੀ ਕਦੀ ਰੁਕ ਸਕਦਾ ਹੈ? ਪਰ ਦੂਜੇ ਛਿਣ ਵਿਸ਼ਵਾਸ ਕਰਨਾ ਪਿਆ—ਰੇਡੀਓ ਉੱਤੇ ਪੱਤਰਕਾਰਾਂ ਨੇ ਰਲ ਕੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਸੀ ਕਿ ਮੰਟੋ ਮਰ ਗਿਆ ਹੈ। ਅੱਜ ਤੋਂ ਬਾਅਦ ਉਹ ਨਵੀਆਂ ਕਹਾਣੀਆਂ ਨਹੀਂ ਲਿਖੇਗਾ। ਅੱਜ ਤੋਂ ਪਿੱਛੋਂ ਉਸਦੀ ਰਾਜ਼ੀ-ਖ਼ੁਸ਼ੀ ਦਾ ਕੋਈ ਖ਼ਤ ਨਹੀਂ ਆਵੇਗਾ।

'ਨਿੱਕ-ਸੁੱਕ' ਹੱਦਾਂ ਟੱਪ ਰਿਹਾ ਹੈ ਪਰ ਮੈਂ ਕ੍ਰਿਸ਼ਨ ਚੰਦਰ ਵਲੋਂ ਲਿਖੀ ਹੇਠਲੀ ਗੱਲ ਲਿਖੇ ਬਿਨਾ ਨਹੀਂ ਰਹਿ ਸਕਦਾ:

ਅੱਜ ਸਰਦੀ ਬੜੀ ਹੈ ਅਤੇ ਅਸਮਾਨ 'ਤੇ ਹਲਕੇ-ਹਲਕੇ ਬੱਦਲ ਛਾਏ ਹੋਏ ਹਨ ਪਰ ਮੀਂਹ ਦੀ ਇਕ ਬੂੰਦ ਵੀ ਨਹੀਂ। ਮੇਰੀ ਅੱਖ ਵਿਚ ਵੀ ਹੰਝੂਆਂ ਦਾ ਕਤਰਾ ਤਕ ਨਹੀਂ। ਮੰਟੋ ਨੂੰ ਰੋਣ-ਰੁਆਉਣ ਤੋਂ ਬੜੀ ਨਫ਼ਰਤ ਸੀ। ਅੱਜ ਮੈਂ ਉਸਦੀ ਯਾਦ ਵਿਚ ਹੰਝੂ ਵਹਾਅ ਕੇ ਉਸਨੂੰ ਪਰੇਸ਼ਾਨ ਨਹੀਂ ਕਰਾਂਗਾ। ਚੁਪਚਾਪ ਮੈਂ ਆਪਣਾ ਕੋਟ ਪਹਿਨ ਲੈਂਦਾ ਹਾਂ ਅਤੇ ਘਰੋਂ ਬਾਹਰ ਨਿਕਲ ਜਾਂਦਾ ਹਾਂ।

ਬੜਾ ਅਦਭੁਤ ਸੰਯੋਗ ਹੈ ਕਿ ਜਿਸ ਦਿਨ ਮੰਟੋ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ, ਉਸ ਦਿਨ ਮੈਂ ਦਿੱਲੀ ਵਿਚ ਸਾਂ। ਉਹ ਮਰਿਆ ਹੈ, ਮੈਂ ਵੀ ਇਥੇ ਮੌਜੂਦ ਹਾਂ। ਉਸੇ ਘਰ ਵਿਚ ਹਾਂ ਜਿਸ ਉਹ ਇਕ ਗਰੀਬ ਸਤਾਈ ਹੋਈ ਭਾਸ਼ਾ ਦਾ, ਗਰੀਬ ਅਤੇ ਸਤਾਇਆ ਹੋਇਆ ਲੇਖਕ ਸੀ। ਉਹ ਮੋਚੀਆਂ, ਵੇਸ਼ਵਾਵਾਂ ਅਤੇ ਤਾਂਗੇ ਵਾਲਿਆਂ ਦਾ ਪਿਆਰਾ ਲੇਖਕ ਸੀ। ਅਜਿਹੇ ਲੇਖਕ ਲਈ ਕੌਣ ਰੋਏਗਾ?

ਮੰਟੋ ਮਰ ਗਿਆ ਤਾਂ ਕੀ ਹੋਇਆ? ਵਪਾਰ-ਵਪਾਰ ਹੈ। ਇਕ ਪਲ ਲਈ ਵੀ ਕੰਮ ਨਹੀਂ ਰੁਕਣਾ ਚਾਹੀਦਾ... ਜਿਸਨੇ ਸਾਨੂੰ ਸਾਰੀ ਜ਼ਿੰਦਗੀ ਦੇ ਦਿੱਤੀ, ਉਸਨੂੰ ਅਸੀਂ ਆਪਣਾ ਇਕ ਛਿਣ ਵੀ ਨਹੀਂ ਦੇ ਸਕਦੇ। ਸਿਰ ਝੁਕਾਅ ਕੇ ਆਪਣੇ ਦਿਲਾਂ ਵਿਚ ਇਕ ਛਿਣ ਲਈ ਵੀ ਉਸਦੀ ਯਾਦ ਤਾਜ਼ਾ ਨਹੀਂ ਕਰ ਸਕਦੇ। ਸ਼ੁਕਰਾਨੇ, ਖ਼ੁਸ਼ਾਮਦ, ਹਮਦਰਦੀ ਦੇ ਨਾਲ ਉਸਦੀ ਤੜਫਦੀ ਹੋਈ ਆਤਮਾ ਲਈ ਜਿਸਨੇ ਹੱਤਕ, ਨਯਾ ਕਾਨੂੰਨ, ਖੋਲ ਦੋ, ਟੋਬਾ ਟੇਕ ਸਿੰਘ ਜਿਹੀਆਂ ਦਰਜਨਾਂ ਬੇਮਿਸਾਲ ਅਤੇ ਅਮਰ ਕਹਾਣੀਆਂ ਲਿਖੀਆਂ ਹਨ। ਜਿਸ ਨੇ ਸਮਾਜ ਦੀਆਂ ਅੰਦਰਲੀਆਂ ਤੈਹਾਂ ਵਿਚ ਵੜ ਕੇ ਪਿਸੇ ਹੋਏ, ਕੁਚਲੇ ਹੋਏ, ਸਮਾਜ ਦੀਆਂ ਠੋਕਰਾਂ ਨਾਲ ਵਿਗੜੇ ਹੋਏ ਪਾਤਰਾਂ ਨੂੰ ਆਪਣੀ ਕਲਮਕਾਰੀ ਨਾਲ ਇੱਜ਼ਤ ਮਾਣ ਦਿੱਤਾ ਹੈ।

ਅਜੇ ਇਸ ਦੇ ਕੁਝ ਕਹਿਣ ਅਤੇ ਸੁਣਨ ਦੇ ਦਿਨ ਰਹਿੰਦੇ ਸਨ; ਅਜੇ ਜ਼ਿੰਦਗੀ ਦੇ ਕੌੜੇ ਤਜਰਬਿਆਂ, ਵਰਤਮਾਨ ਸਮਾਜ ਦੀ ਕਠੋਰਤਾ ਨੇ, ਮੁਸੀਬਤ ਭਰੀ ਜ਼ਿੰਦਗੀ ਦੇ ਛਿਣਾਂ ਵਿਚ, ਇਸ ਦੇ ਟੁੱਟੇ-ਤਿੜਕੇ ਵਿਅਕਤੀਤਵ ਦੇ ਕ੍ਰੋਧ ਅਤੇ ਵਿਰੋਧ ਦੇ ਜ਼ਖ਼ਮਾਂ ਨੇ ਉਸ ਤੋਂ 'ਟੋਬਾ ਟੇਕ ਸਿੰਘ' ਵਰਗੀਆਂ ਕਈ ਹੋਰ ਕਹਾਣੀਆਂ ਲਿਖਵਾਉਣੀਆਂ ਸਨ। ਦੁੱਖ ਮੰਟੋ ਦੀ ਮੌਤ ਦਾ ਨਹੀਂ—ਮੌਤ ਤਾਂ ਹਰੇਕ ਨੂੰ ਆਉਣੀ ਹੈ, ਮੈਨੂੰ ਵੀ ਅਤੇ ਤੁਹਾਨੂੰ ਵੀ—ਦੁੱਖ ਤਾਂ ਇਸ ਗੱਲ ਦਾ ਹੈ ਕਿ ਉਸ ਨੇ ਸਾਹਿਤ ਨੂੰ ਜਿਹੜੇ ਹੀਰੇ, ਪੰਨੇ ਅਤੇ ਜਵਾਹਰਾਤ ਦੇਣੇ ਸਨ, ਉਹ ਹੁਣ ਨਹੀਂ ਮਿਲਣੇ। ਉਹ ਸਿਰਫ ਮੰਟੋ ਹੀ ਦੇ ਸਕਦਾ ਸੀ। ਉਰਦੂ ਸਾਹਿਤ ਵਿਚ ਚੰਗੇ-ਚੰਗੇ ਕਹਾਣੀਕਾਰ ਹੈਨ ਅਤੇ ਪੈਦਾ ਹੋਣਗੇ; ਪਰ ਮੰਟੋ ਦੁਬਾਰਾ ਨਹੀਂ ਪੈਦਾ ਹੋਣਾ। ਹੁਣ ਕੋਈ ਉਸਦੀ ਜਗ੍ਹਾ ਪੂਰੀ ਨਹੀਂ ਕਰ ਸਕੇਗਾ। ਇਹ ਗੱਲ ਮੈਂ ਵੀ ਜਾਣਦਾ ਹਾਂ, ਰਾਜਿੰਦਰ ਸਿੰਘ ਬੇਦੀ ਵੀ, ਇਸਮਤ ਚੁਗ਼ਤਾਈ, ਖਵਾਜਾ ਅਹਿਮਦ ਅੱਬਾਸ ਅਤੇ ਉਪਿੰਦਰ ਨਾਥ ਅਸ਼ਕ ਵੀ। ਅਸੀਂ ਸਾਰੇ ਜਣੇ, ਉਸਨੂੰ ਚਾਹੁਣ ਵਾਲੇ, ਉਸ ਨਾਲ ਝਗੜਾ ਕਰਨ ਵਾਲੇ, ਉਸਨੂੰ ਪਿਆਰ ਕਰਨ ਵਾਲੇ, ਉਸ ਨਾਲ ਨਫ਼ਰਤ ਕਰਨ ਵਾਲੇ, ਉਸਦੇ ਸਾਥੀ ਅਤੇ ਹਮਸਫ਼ਰ ਸੀ ਅਤੇ ਅੱਜ ਜਦ ਉਹ ਸਾਡੇ ਵਿਚਕਾਰ ਨਹੀਂ ਹੈ, ਸਾਡੇ ਵਿਚੋਂ ਹਰੇਕ ਨੇ ਉਸਦੀ ਮੌਤ ਦੇ ਜਨਾਜ਼ੇ ਨੂੰ ਆਪਣੇ ਮੋਢਿਆਂ ਉੱਤੇ ਮਹਿਸੂਸ ਕੀਤਾ ਹੈ। ਅੱਜ ਸਾਡੇ ਵਿਚੋਂ ਹਰੇਕ ਦੀ ਜ਼ਿੰਦਗੀ ਦਾ ਇਕ ਹਿੱਸਾ ਮਰ ਗਿਆ ਹੈ, ਉਸਦੀ ਪੂਰਤੀ ਕਦੀ ਨਹੀਂ ਹੋ ਸਕਣੀ। ਅੱਜ ਸਾਡੇ ਵਿਚੋਂ ਹਰੇਕ ਜਣਾ ਮੰਟੋ ਦੇ ਨਜ਼ਦੀਕ ਹੈ ਅਤੇ ਇਕ ਦੂਜੇ ਨਾਲੋਂ ਵੱਧ।

ਸ਼ਾਮੀਂ ਮੈਂ ਤੇ ਜੋਏ ਅਨਸਾਰੀ, ਸੰਪਾਦਕ 'ਸ਼ਾਹਰਾਹ', ਜਾਮਾ ਮਸਜਿਦ ਤੋਂ ਤੀਸ ਹਜ਼ਾਰੀ ਆਪਣੇ ਘਰ ਆ ਰਹੇ ਸੀ। ਰਸਤੇ ਵਿਚ ਅਸੀਂ ਦੋਵੇਂ ਹੌਲੀ-ਹੌਲੀ ਮੰਟੋ ਦੀ ਸ਼ਖ਼ਸੀਅਤ ਅਤੇ ਉਸਦੀ ਕਲਾ ਉਪਰ ਬਹਿਸ ਕਰਦੇ ਰਹੇ। ਸੜਕ ਵਿਚ ਟੋਏ ਬਹੁਤ ਸਨ, ਇਸ ਲਈ ਬਹਿਸ ਵਿਚ ਬਹੁਤ ਸਾਰੇ ਨਾਜ਼ੁਕ ਸਥਾਨ ਵੀ ਆਏ। ਇਕ ਵਾਰੀ ਤਾਂ ਪੰਜਾਬੀ ਕੋਚਵਾਨ ਨੇ ਹੈਰਾਨੀ ਨਾਲ ਤ੍ਰਭਕ ਕੇ ਪੁੱਛਿਆ, ਅਨਸਾਰੀ ਨੇ ਧੀਮੀ ਅਵਾਜ਼ ਵਿਚ ਕਿਹਾ, 'ਹਾਂ ਭਰਾ!' ਤੇ ਫੇਰ ਆਪਣੀ ਗੱਲ ਜਾਰੀ ਰੱਖੀ।

ਕੋਚਵਾਨ ਹੌਲੀ-ਹੌਲੀ ਆਪਣਾ ਤਾਂਗਾ ਚਲਾਉਂਦਾ ਰਿਹਾ ਪਰ ਮੋਰੀ ਗੇਟ ਕੋਲ ਆ ਕੇ ਉਸਨੇ ਤਾਂਗਾ ਰੋਕ ਦਿੱਤਾ ਤੇ ਸਾਡੇ ਵੱਲ ਭੌਂ ਕੇ ਬੋਲਿਆ, 'ਸਾਹਬ, ਤੁਸੀਂ ਸਾਰੇ ਕੋਈ ਹੋਰ ਤਾਂਗਾ ਕਰ ਲਓ... ਮੈਂ ਅੱਗੇ ਨਹੀਂ ਜਾ ਸਕਾਂਗਾ।' ਉਸਦੀ ਅਵਾਜ਼ ਵਿਚ ਇਕ ਅਜੀਬ ਜਿਹਾ ਦਰਦ ਸੀ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਕਹਿੰਦੇ ਉਹ ਸਾਡੇ ਵੱਲ ਦੇਖੇ ਬਿਨਾ ਤਾਂਗੇ ਤੋਂ ਉਤਰਿਆ ਤੇ ਸਿੱਧਾ ਸਾਹਮਣੀ ਬਾਰ ਵਿਚ ਚਲਾ ਗਿਆ।

# ਉਦਾਸ ਨਹੀਂ ਹੋਈਦਾ ਬੀਬਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਉਦਾਸ ਨਹੀਂ ਹੋਈਦਾ। ਬੜੀ ਖ਼ਤਰਨਾਕ ਹੁੰਦੀ ਏ ਉਦਾਸੀ। ਉਦਾਸ ਪਲਾਂ ਵਿਚ ਸਿਰਫ਼ ਹੌਕੇ ਤੇ ਹਾਵੇ ਉਗਦੇ। ਕਦੇ ਉਦਾਸੀ ਦਸਤਕ ਦੇਵੇ ਤਾਂ ਇਸ ਤੋਂ ਪਾਸਾ ਵੱਟਣਾ ਜ਼ਰੂਰੀ ਹੁੰਦਾ।

ਉਦਾਸ ਚਿਹਰਿਆਂ ਤੋਂ ਉਡ ਜਾਂਦੀ ਹਾਸੀ, ਖ਼ੁਮਾਰੀ ਅਤੇ ਹੁਲਾਸ। ਮਿਟ ਜਾਂਦੇ ਚਾਅ ਚਹਿਕਣਾ ਅਤੇ ਆਸ। ਚਿਹਰੇ ਉਪਰ ਉਗੀਆਂ ਝੁਰੜੀਆਂ ਵਿਚ ਉਦਾਸੀ ਦੀਆਂ ਉਲਝੀਆਂ ਲਕੀਰਾਂ ਤਕਦੀਰ ਨੂੰ ਹੀ ਉਲਝਾ ਦਿੰਦੀਆਂ।

ਉਦਮ ਉਦਾਸ ਹੋ ਜਾਣ ਤਾਂ ਨਵੇਂ ਹੰਭਲਿਆਂ ਦਾ ਹੌਸਲਾ ਪਸਤ ਹੋ ਜਾਂਦਾ। ਨਵੀਆਂ ਪਹਿਲਕਦਮੀਆਂ ਰੁਕ ਜਾਂਦੀਆਂ। ਨਵੀਆਂ ਪੇਸ਼ਕਦਮੀਆਂ ਨਾਲ ਹੋਣ ਵਾਲੀਆਂ ਵਿਲੱਖਣ ਪ੍ਰਾਪਤੀਆਂ ਸਿਸਕੀਆਂ ਬਣ ਜਾਂਦੀਆਂ। ਉਦਮ ਦਾ ਜਲੌਅ ਤਾਂ ਹਮੇਸ਼ਾ ਜਾਰੀ ਰਹਿਣਾ ਚਾਹੀਦਾ।

ਉਦਾਸ ਰੁੱਤ ਵਿਚ ਕੁਝ ਵੀ ਮਨ ਨੂੰ ਨਹੀਂ ਭਾਉਂਦਾ। ਚਿੱਤ ਹਮੇਸ਼ਾ ਢਹਿੰਦੀ ਕਲਾ ਵਿਚ। ਉਦਾਸ ਰੁੱਤ ਸਾਡੇ ਆਲੇ-ਦੁਆਲੇ ਨੂੰ ਉਦਾਸ ਪਰਤ ਨਾਲ ਹੀ ਢੱਕ ਲੈਂਦੀ। ਉਦਾਸ ਮੌਸਮਾਂ ਵਿਚ ਬਹਾਰ ਨਹੀਂ ਆਉਂਦੀ। ਫੁੱਲ ਨਹੀਂ ਖਿੜਦੇ। ਲੱਗਰਾਂ ਨਹੀਂ ਫੁੱਟਦੀਆਂ। ਕੂਲੇ ਪੱਤਿਆਂ ਦੇ ਲਿਬਾਸ ਤੋਂ ਵਿਰਵੀਆਂ ਟਹਿਣੀਆਂ ਖੁਦ ਨੂੰ ਨੰਗਾ ਮਹਿਸੂਸਦੀਆਂ। ਸੂਰਜ ਦੀ ਧੁੱਪ ਵਿਚਲਾ ਖੇੜਾ ਗਾਇਬ ਹੁੰਦਾ ਅਤੇ ਸਾਡੀ ਚੇਤਨਾ ਵਿਚ ਦੁਪਹਿਰ ਸੋਨਰੰਗੀ ਨਹੀਂ ਹੁੰਦੀ। ਮਰਨਹਾਰਾ ਬੰਦਾ ਆਪਣੇ ਸਾਹਾਂ ਨੂੰ ਘੜੀਸਣ ਲੱਗਦਾ।

ਕਲਮ ਉਦਾਸ ਹੋ ਜਾਵੇ ਤਾਂ ਪੁੰਗਰਨ ਵਾਲੇ ਸ਼ਬਦ ਹਾਉਕਾ ਬਣਦੇ। ਸਫ਼ਿਆਂ ਨੂੰ ਕੋਰੇਪਣ ਦਾ ਦਰਦ ਹੰਢਾਉਣਾ ਪੈਂਦਾ। ਸ਼ਬਦਾਂ ਦੀ ਹਿੱਕ 'ਚ ਜਗਣ ਵਾਲੇ ਅਰਥਾਂ ਦੇ ਦੀਵੇ ਬਣ ਜਾਂਦੇ ਹਾਉਕਾ ਤੇ ਹਟਕੋਰੇ ਭਰਦਾ ਚਾਨਣ ਭਲਾ ਕਿਸੇ ਦੇ ਮੱਥੇ ਨੂੰ ਕਿਵੇਂ ਉਜਿਆਰਾ ਕਰੇਗਾ? ਸੋਚ ਉਦਾਸ ਹੋ ਜਾਵੇ ਤਾਂ ਖ਼ਿਆਲਾਂ ਦੀਆਂ ਫੁੱਲਝੜੀਆਂ ਫੁੱਸ ਹੋ ਕੇ ਰਹਿ ਜਾਂਦੀਆਂ। ਖ਼ਾਬਾਂ ਵਿਚ ਉਗਣ ਵਾਲੇ ਤਾਰੇ ਮਰਸੀਆ ਬਣ ਜਾਂਦੇ ਅਤੇ ਮਰਸੀਆ ਕਦੇ ਵੀ ਜੀਣ ਦਾ ਸਬਕ ਨਹੀਂ ਦੇ ਸਕਦਾ।

ਸੁਪਨਾ ਉਦਾਸ ਹੋ ਜਾਵੇ ਤਾਂ ਸਾਡੀਆਂ ਸੰਭਾਵਨਾਵਾਂ ਵਿਚ ਮਾਤਮ ਉਗਦਾ। ਨਵੀਆਂ ਸਫ਼ਲਤਾਵਾਂ ਸਰਾਪੀਆਂ ਜਾਂਦੀਆਂ ਅਤੇ ਸੁਪਨਿਆਂ ਦਾ ਧੁਖਣਾ ਬੰਦੇ ਦੀ ਬਿਰਤੀ ਨੂੰ ਬਰਬਾਦ ਕਰਦਾ। ਬਲਦੇ ਸਿਵਿਆਂ ਵਿਚੋਂ ਜੀਣ ਨੂੰ ਕਿਵੇਂ ਕਿਆਸੋਗੇ? ਖਿੜ ਰਹੇ ਫੁੱਲ, ਹੱਸਦੇ ਬੱਚੇ ਅਤੇ ਉਮੰਗਾਂ ਨਾਲ ਲਬਰੇਜ਼ ਜਵਾਨ ਦਿਲਾਂ ਦਾ ਸੁਪਨਾ ਬਣੋਗੇ ਤਾਂ ਸੁਪਨਈ ਰੰਗਤ ਵਿਚ ਰੰਗੇ ਜਾਵੋਗੇ।

ਘੋਰ ਉਦਾਸੀ ਦਾ ਰੂਪ ਦੇਖਣ ਲਈ ਕਦੇ ਬਰਾਂਡਡ ਕੱਪੜੇ ਪਹਿਨਣ ਵਾਲੇ ਸ਼ਖ਼ਸ ਦੀ ਲਾਸ਼ ਨੂੰ ਦੇਖਣਾ। ਭਲਾ! ਬੇਮੇਚ ਚਿੱਟੇ ਕਫ਼ਨ 'ਚ ਲਿਪਟੀ ਲਾਸ਼, ਕਿੰਝ ਕਹੇ ਕਿ ਕਫ਼ਣ ਤਾਂ ਮੇਚ ਹੀ ਨਹੀਂ ਆਉਂਦਾ। ਵੈਸੇ ਕਫ਼ਣ ਵੀ ਕੇਹੀ ਚੀਜ਼ ਏ ਜੋ ਖਰੀਦਦਾ ਉਹ ਪਾਉਂਦਾ ਨਹੀਂ, ਜਿਸ 'ਤੇ ਪਾਇਆ ਜਾਂਦਾ ਉਹ ਖ਼ੁਦ ਪਾ ਨਹੀਂ ਸਕਦਾ ਅਤੇ ਜਿਸਨੂੰ ਦਿਖਾਉਣ ਲਈ ਪਾਇਆ ਜਾਂਦਾ, ਉਹ ਤਾਂ ਦੇਖ ਹੀ ਨਹੀਂ ਸਕਦਾ। ਘੋਰ ਉਦਾਸੀ 'ਚ ਬੰਦਾ ਵੀ ਇਕ ਬੇ-ਕੱਫ਼ਣੀ ਲਾਸ਼ ਹੀ ਤਾਂ ਹੁੰਦਾ। ਤੁਰਦੀ ਫਿਰਦੀ। ਖੁਦ ਤੋਂ ਬੇਸੁੱਧ। ਸਿਵਿਆਂ ਵੱਲ ਨੂੰ ਤੁਰੀ ਜਾਂਦੀ।

ਬਸਤਾ ਉਦਾਸ ਹੋ ਜਾਵੇ ਤਾਂ ਇਸ ਵਿਚੋਂ ਕਿਤਾਬਾਂ ਅਤੇ ਕਾਪੀਆਂ ਗਾਇਬ। ਇਸ ਦਾ ਖਾਲੀਪਣ ਭਰਦੀਆਂ ਨੇ ਬੰਦੂਕਾਂ, ਬਾਰੂਦ ਅਤੇ ਬਰਬਾਦੀ। ਕਦੇ ਵੀ ਬਸਤੇ ਨੂੰ ਉਦਾਸ ਨਾ ਹੋਣ ਦਿਓ ਸਗੋਂ ਇਸ ਵਿਚ ਪਈਆਂ ਪੈਨਸਿਲਾਂ ਨਾਲ ਕੋਰੇ ਕਾਗਜ਼ਾਂ 'ਤੇ ਕੁਝ ਤਾਂ ਅਜੇਹਾ ਲਿਖੋ ਜੋ ਬੰਦੇ ਦਾ ਜਿਊਣ-ਸਬੱਬ ਬਣ ਜਾਣ।

ਸ਼ਬਦ ਉਦਾਸ ਹੋ ਜਾਣ ਤਾਂ ਤੁਹਾਡੇ ਅੰਦਰ ਇਕ ਕਬਰ ਉਗਦੀ ਜੋ ਹੌਲੀ-ਹੌਲੀ ਤੁਹਾਨੂੰ ਵੀ ਕਬਰ ਬਣਾ ਦਿੰਦੀ। ਇਸ ਤੋਂ ਪਹਿਲਾਂ ਕਿ ਸਾਡੇ ਅੰਦਰ ਕਬਰ ਉਗਣ ਲੱਗੇ ਕੁਝ ਤਾਂ ਆਪਣੀ ਰੂਹ ਵਰਗਾ ਸੱਚਾ-ਸੁਚਾ ਅਤੇ ਸੰਜੀਵ ਸ਼ਬਦ ਲਿਖੀਏ। ਯਾਦ ਰਹੇ ਬੰਦਾ ਲਿਖੇ ਹੋਏ ਸ਼ਬਦਾਂ ਦਾ ਗੁਲਾਮ ਹੁੰਦਾ ਪਰ ਉਹ ਅਣਲਿਖੇ ਸ਼ਬਦਾਂ ਦਾ ਹਮੇਸ਼ਾ ਬਾਦਸ਼ਾਹ ਹੁੰਦਾ। ਪਰ ਅਣਲਿਖੇ ਸ਼ਬਦਾਂ ਨਾਲ ਕੁਝ ਕੁ ਜਿਊਣ ਜੋਗਾ ਲਿਖ ਜਾਣਾ ਹੀ ਸ਼ੁਭ-ਕਰਮਨ ਦਾ ਰੂਪ ਧਾਰਦਾ।

ਦਰਿਆ ਉਦਾਸ ਹੋ ਜਾਵੇ ਤਾਂ ਇਸ ਵਿਚ ਬਰੇਤੇ ਉਗਦੇ। ਕੰਢਿਆਂ 'ਤੇ ਉਜਾੜ ਅਤੇ ਸੁੰਨਸਾਨ। ਦਰਿਆ ਤੇ ਰੁੱਸੇ ਕੰਢਿਆਂ ਨੂੰ ਮਿਲਾਉਣ ਵਾਲੇ ਪਾਣੀ ਦਾ ਤਰਲਾ ਏ ਕਿ ਕਦੇ ਵੀ ਦਰਿਆ ਨੂੰ ਉਦਾਸ ਨਾ ਹੋਣ ਦਿਓ। ਦਰਿਆ ਨਾ ਰਹੇ ਤਾਂ ਮਨੁੱਖੀ ਸਭਿਅਤਾ ਨੂੰ ਮਿਟਣ ਲੱਗਿਆਂ ਬਹੁਤੀ ਦੇਰ ਨਹੀਂ ਲੱਗਣੀ।

ਖੇਤ ਉਦਾਸ ਹੋ ਜਾਣ ਤਾਂ ਇਨ੍ਹਾਂ ਵਿਚ ਉਗਦੀਆਂ ਨੇ ਖੁਦਕੁਸ਼ੀਆਂ। ਬੰਨੇ ਬਣਦੇ ਨੇ ਕਬਰਾਂ ਅਤੇ ਆੜਾਂ ਵਿਚ ਵਗਦਾ ਏ ਆਪਣਿਆਂ ਦਾ ਲਹੂ। ਟਾਹਲੀ ਦੇ ਟਾਹਣ 'ਤੇ ਲਟਕਦੀ ਹੈ ਜੱਟ ਦੀ ਲਾਸ਼। ਇਸ ਤੋਂ ਪਹਿਲਾਂ ਕਿ ਬੰਦੇ ਜੰਮਣ ਵਾਲੀਆਂ ਜ਼ਮੀਨਾਂ ਮਾਤਮ ਪੈਦਾ ਕਰਨ ਲੱਗ ਪੈਣ, ਖੇਤਾਂ ਦਾ ਵਾਸਤਾ ਜ਼ਰੂਰ ਸੁਣਨਾ। ਇਨ੍ਹਾਂ ਦੀ ਹਿੱਕ 'ਚ ਸੁੱਚਮ ਦਾ ਬੀਜ ਬੀਜੋ ਤਾਂ ਕਿ ਇਸ ਵਿਚ ਉਗਣ ਵਾਲੀ ਬੰਦਿਆਈ ਤੇ ਚੰਗਿਆਈ ਭਰੇ ਭੜੋਲਿਆਂ ਦਾ ਵਰਦਾਨ ਬਣੇ।

ਖੂਹ ਉਦਾਸ ਹੋ ਜਾਣ ਤਾਂ ਖਾਮੋਸ਼ ਹੋ ਜਾਂਦਾ ਹੈ ਪਾੜਛੇ ਵਿਚ ਪੈਂਦੇ ਪਾਣੀ ਦਾ ਸੰਗੀਤ। ਪਾਣੀਆਂ ਲਈ ਜੰਗ ਵਾਲੀ ਮਾਨਸਿਕਤਾ ਆਪਣਿਆਂ ਦੇ ਸੀਰਮੇ ਪੀਣ ਨੂੰ ਕਾਹਲੀ ਅਤੇ ਇਸ ਕਾਹਲ ਵਿਚ ਬੰਦਾ ਆਪਾ ਹੀ ਗਵਾ ਬਹਿੰਦਾ। ਖੂਹਾਂ 'ਤੇ ਤਾਂ ਰੱਬ ਵੱਸਦਾ ਸੀ। ਉਸ ਰੱਬ ਨੂੰ ਮੋੜ ਲਿਆਵੋ ਅਤੇ ਆਪਣੀਆਂ ਤਰਜੀਹਾਂ ਨਾਲ ਤਦਬੀਰਾਂ ਸਿੰਝ ਕੇ ਮਾਣਮੱਤੀ ਜੀਵਨ-ਸ਼ੈਲੀ ਅਪਣਾਵੋ।

ਸੂਰਜ ਉਦਾਸ ਹੋ ਜਾਵੇ ਤਾਂ ਪਲੱਤਣਾਂ ਵਰਗਾ ਦਿਨ ਚੜ੍ਹਦਾ। ਮਰਨਾਊ ਜਹੀ ਪੀਲੀ ਧੁੱਪ ਹੀ ਹੁੰਦੀ ਜੋ ਧੁੰਦ ਅਤੇ ਸੀਤ ਤੋਂ ਤ੍ਰਿਹੰਦੀ, ਖੁਦ ਹੀ ਖੁਦਕੁਸ਼ੀ ਕਰ ਲੈਂਦੀ।

ਦਰਿਆ ਨੂੰ ਉਦਾਸ ਨਾ ਹੋਣ ਦਿਓ
ਬਰੇਤੇ ਜੀਰ ਜਾਣਗੇ ਦਰਿਆ
ਤੇ ਪਿਆਸ ਚੜ ਜਾਵੇਗੀ ਸੂਲੀ।

ਸ਼ਬਦਾਂ 'ਚ ਸਿੱਸਕੀ ਨਾ ਧਰੋ
ਵਰਕਿਆਂ ਤੇ ਉਗ ਪੈਣਗੀਆਂ ਘਰਾਲਾਂ
ਵਾਕਾਂ 'ਚ ਸਿੰਮ ਆਉਣੀ ਸਿੱਲ
ਤੇ ਲਿਖਤ ਦਾ ਜ਼ਰਜਰੀਪਣ
ਨਿਗਲ ਜਾਵੇਗਾ ਤਵਾਰੀਖ਼ੀ ਤਹਿਰੀਕ।

ਸੁਪਨੇ ਦੀ ਅੱਖ 'ਚ ਕਸੀਰ ਨਾ ਪਾਓ।
ਪੈਦਾ ਹੋਏ ਧੁੰਧਲਕੇ 'ਚ
ਸੰਦਲੀ ਪੈੜਾਂ ਦਾ ਰੁੱਸਿਆ ਸਰਿਨਾਵਾਂ
ਪੂੰਝ ਦੇਵੇਗਾ ਮੰਜ਼ਲ ਦੇ ਮੱਥੇ ਤੋਂ ਸ਼ਿਰਲੇਖ।

ਸੇਜ ਨੂੰ ਸੱਖਣੇਪਣ ਨਾ ਸਰਾਪੋ
ਸਿਲਵਟਾਂ ਦਾ ਦਰਦ
ਕਮਰੇ ਦੀ ਚੁੱਪ 'ਚ
ਗੁਣਗੁਣਾਵੇਗਾ ਮਾਤਮੀ ਸੁਰਾਂ।

ਕਮਰੇ ਨੂੰ ਖਾਮੋਸ਼ੀ ਨਾ ਵਣਜੋ
ਗੁੱਟਕਦੇ ਹਾਸਿਆਂ ਦੀ ਚੀਸ
ਕਮਰੇ ਦੀ ਫਿਜ਼ਾ ਨੂੰ ਲਾ ਦੇਵਗੀ ਰੋਣ
ਤੇ ਹਾਉਕਿਆਂ ਦਾ ਸੇਕ
ਸਾੜ ਕੇ ਰਾਖ਼ ਕਰੇਗਾ
ਰੀਝਾਂ ਦੇ ਕਪਾਹੀ ਫੁੱਲ।

ਘਰ ਨੂੰ ਕਮਰਿਆਂ 'ਚ ਤਕਸੀਮ ਨਾ ਕਰੋ
ਨਿੱਕੇ ਨਿੱਕੇ ਘੁਰਨਿਆਂ 'ਚ ਵੰਡਿਆਂ
ਘਰ ਦਾ ਪ੍ਰਤਾਪੀ ਸਰੂਪ
ਘਰ ਨੂੰ ਮਕਾਨ ਬਣਾ ਦੇਵੇਗਾ।

ਚੁੱਲ੍ਹੇ 'ਚ ਬਲਦੀ ਅੱਗ ਨਾ ਬੁਝਾਓ
ਤੌੜੀ ਵਿਚ ਰਿੱਝਦੇ ਸਾਗ ਦੀ ਮਹਿਕ
ਬਦਬੂ ਬਣ ਚੌਂਕੇ ਵਿਚ ਫੈਲੀ
ਤਾਂ ਜੀਆਂ ਦੇ ਰੱਜ ਨੇ
ਕਰ ਲੈਣੀ ਹੈ ਖੁਦਕੁਸ਼ੀ।

ਵਿਹੜੇ ਦੀ ਰੌਣਕ ਨੂੰ ਨਾ ਰੁਸਾਓ
ਅਜੇਹਾ ਨਾ ਹੋਵੇ
ਕਿ ਫੱਲੀਆਂ ਧ੍ਰੇਕਾਂ
ਜਵਾਨੀ ਦੀ ਦਹਿਲੀਜ਼ ਤੋਂ ਤਿੱਲਕ
ਫਿਜ਼ਾ ਦਾ ਰੁੱਦਨ ਬਣ ਜਾਣ।

ਅੰਬਰ 'ਚ ਗਹਿਰ ਨਾ ਚਿਤਾਰੋ
ਸੂਰਜ ਦੀ ਅੱਖ ਵਿਚ ਉਤਰਿਆ ਮੋਤੀਆ
ਕੁਦਰਤੀ ਰਹਿਮਤਾਂ ਲਈ ਵਰਜਣਾ ਬਣ
ਧਰਤ ਨੂੰ ਖੰਡਰਾਤ ਬਣਾ ਦੇਵੇਗਾ।

ਖ਼ਿਆਲਾਂ ਦੀ ਵਸੀਹਤਾ ਨਾ ਸੰਗੋੜੋ
ਆਪੋ ਆਪਣੇ ਖੋਲ 'ਚ ਸਿਮਟਿਆਂ
ਉਚੇਰੀ ਪਰਵਾਜ਼
ਤੇ ਨਿਰਾਲਾ ਅੰਦਾਜ਼
ਸੂਲੀ ਤੇ ਟੰਗੇ ਜਾਣਗੇ।

ਅੰਦਰਲੇ ਸਫ਼ਰ ਤੋਂ ਨਾ ਹੱਟਕੋ
ਬਾਹਰੀ ਸਫ਼ਰ ਦੀ ਤ੍ਰੇੜਾਂ
ਅੰਦਰੂਨੀ ਯਾਤਰਾ ਨੂੰ ਵਰਜ
ਅੰਤਰੀਵੀ ਸੰਤਾਪ ਬਣ ਜਾਣਗੀਆਂ।

ਆਪੇ ਦੇ ਸਨਮੁੱਖ ਹੋਣ ਤੋਂ ਨਾ ਘਬਰਾਵੋ
ਖੁਦ ਨੂੰ ਮਿਲ ਕੇ
ਪ੍ਰਾਪਤ ਸਕੂਨ ਤੋਂ ਵਿਰਵਾ ਹੋ
ਆਪਣੀਆਂ ਤਰਜ਼ੀਹਾਂ ਵੀ ਭੁੱਲ ਜਾਵੋਗੇ।

ਕਦੇ ਬਹੁਤੇ ਹੀ ਉਦਾਸ ਹੋਵੋ
ਤਾਂ ਖਿੜੀ ਬਹਾਰ
ਸੁੱਚੇ ਵਿਚਾਰ
ਚੱਜ-ਅਚਾਰ
ਦੁਮੇਲੜਾ-ਕਿਰਦਾਰ
ਤੇ ਸੁਖਨ ਸੰਸਾਰ
ਦੀ ਉਦਾਸੀ 'ਤੇ ਨਿਕਲ ਜਾਣਾ।

ਜੇ ਜ਼ਿਆਦਾ ਹੀ ਉਦਾਸ ਹੋਵੋ
ਤਾਂ ਬਾਬੇ ਦੀ ਉਦਾਸੀ ਦਾ ਧਿਆਨ ਧਰਨਾ
ਬਾਕੀ ਉਦਾਸੀਆਂ
ਬੇਅਰਥ, ਬੇਲੋੜੀਆਂ
ਬੇਮਤਲਬ, ਬੇਹੂਦਾ
ਤੇ ਬੇਗਾਨੀਆਂ ਹੋ ਜਾਣਗੀਆਂ।
ਤੁਸੀਂ ਖੁਦ ਹੀ
ਆਪਣੀ ਉਦਾਸੀ
ਉਦਾਸੀ ਦੇ ਰਾਹਗੀਰ
ਤੇ ਤਲਬ-ਤਸ਼ਬੀਹ ਬਣ ਜਾਵੋਗੇ।
ਅਜੇਹੀ ਉਦਾਸੀ 'ਤੇ ਜ਼ਰੂਰ ਨਿਕਲਣਾ।

ਉਦਾਸੀ ਦੀ ਸੰਘਣੀ ਧੁੰਦ ਨਾਲ ਜੀਵਨ ਰਾਹ ਦਿਸਣੋਂ ਹੀ ਹਟ ਜਾਂਦੇ। ਜਦ ਜ਼ਿੰਦਗੀ ਦੇ ਪਲ-ਪਲ ਨੂੰ ਜਿਊਣਾ ਮਜਬੂਰੀ ਬਣ ਜਾਵੇ ਤਾਂ ਸਾਹਾਂ ਦਾ ਸਾਥ ਵੀ ਸਾਥ ਦੇਣ ਤੋਂ ਕੰਨੀਂ ਕਤਰਾਵੇ।

ਜ਼ਿੰਦਗੀ ਇਕ ਸ਼ੀਸ਼ਾ। ਉਦਾਸ ਚਿਹਰਿਆਂ ਵਿਚੋਂ ਮਾਯੂਸੀ ਹੀ ਨਜ਼ਰ ਆਉਂਦੀ ਜਦ ਕਿ ਹੱਸਦੇ ਚਿਹਰੇ ਖੇੜਿਆਂ ਦੀ ਦਸਤਾਵੇਜ਼ ਹੁੰਦੇ। ਉਦਾਸੀ ਬਹੁਤ ਵੱਡੀ ਤਾਕਤ। ਕਈ ਵਾਰ ਉਦਾਸ ਪਲਾਂ ਵਿਚ ਅਜੇਹਾ ਕੂਹਣੀ ਮੋੜ ਕੱਟਦਾ ਕਿ ਬੰਦਾ ਖ਼ੁਦ ਵੀ ਹੈਰਾਨ ਹੁੰਦਾ ਕਿ ਉਦਾਸੀ ਨੂੰ ਇੰਝ ਵੀ ਉਲਥਾਇਆ ਜਾ ਸਕਦਾ। ਇਕ ਅਜੇਹਾ ਹੀ ਪਲ ਜੋ ਸਦਾ ਮੇਰੇ ਚੇਤਿਆਂ ਵਿਚ ਤਾਜ਼ਾ ਰਹਿੰਦਾ ਹੈ। ਜਦ ਮੈਂ ਉਸਨੂੰ ਚਿਤਵਦਾ ਤਾਂ ਹਲੂਣਿਆ ਜਾਂਦਾ ਹਾਂ। ਮੈਂ ਆਪਣੇ ਬਾਪ ਨਾਲ ਜੂਨ ਦੇ ਮਹੀਨੇ ਖੇਤਾਂ ਵਿਚ ਰੂੜੀ ਪਾ ਰਿਹਾ ਸਾਂ। ਜਦ ਮੇਰੇ ਜਮਾਤੀ ਨੇ ਦੱਸਿਆ ਕਿ ਤੂੰ ਪ੍ਰੈਪ ਵਿਚੋਂ ਫੇਲ੍ਹ ਹੋ ਗਿਆ ਏਂ ਤਾਂ ਮੇਰਾ ਬਾਪ ਇਕ ਦਮ ਉਦਾਸ ਹੋ ਗਿਆ। ਨਿਰਾਸ਼ਾ ਅਤੇ ਮਾਯੂਸੀ ਦੀ ਪਰਤ ਉਸਦੇ ਚਿਹਰੇ 'ਤੇ ਫੈਲ ਗਈ। ਉਸਦੇ ਦੀਦਿਆਂ ਵਿਚ ਉਤਰੀ ਸਿੱਲ੍ਹ ਨੂੰ ਦੇਖ ਕੇ ਮੇਰਾ ਮਨ ਵਲੂੰਧਰਿਆ ਗਿਆ। ਇਸ ਉਦਾਸ ਦ੍ਰਿਸ਼ ਨੇ ਮੇਰੇ ਮਨ ਨੂੰ ਕੇਹਾ ਹਲੂਣਾ ਦਿਤਾ ਕਿ ਮੈਂ ਮਨ ਵਿਚ ਬਾਪ ਦੇ ਨੈਣਾਂ ਵਿਚ ਖੁਸ਼ੀ ਦੇ ਹੰਝੂ ਲਿਆਉਣ ਦਾ ਪ੍ਰਣ ਕਰ ਲਿਆ ਅਤੇ ਉਦਾਸੀ ਦੀ ਪਰਤ ਵਿਚੋਂ ਮਿਲੀ ਦ੍ਰਿੜ੍ਹਤਾ ਹੀ ਸੀ ਕਿ ਪੇਂਡੂ ਜਵਾਕ ਨੇ ਐਮਐਸੀ ਤੇ ਪੀਐਚਡੀ ਵੀ ਕਰ ਲਈ। ਪੰਜਾਬ ਦੇ ਕਾਲਜਾਂ ਅਤੇ ਅਮਰੀਕਾ ਦੀ ਯੂਨੀਵਰਸਿਟੀ ਵਿਚ ਪਿਛਲੇ 48 ਸਾਲਾਂ ਤੋਂ ਫਿਜ਼ਿਕਸ ਪੜ੍ਹਾ ਰਿਹਾ ਹਾਂ। ਦਰਅਸਲ ਦੇਖਣਾ ਇਹ ਹੁੰਦਾ ਕਿ ਉਦਾਸੀ ਤੁਹਾਨੂੰ ਢਹਿੰਦੀਆਂ ਕਲਾਂ ਵੱਲ ਧਕੇਲਦੀ ਹੈ ਜਾਂ ਤੁਸੀਂ ਉਦਾਸ ਪਲਾਂ ਦੀ ਤਲੀ 'ਤੇ ਨਵੇਂ ਸੁਪਨਿਆਂ ਅਤੇ ਸਫਲਤਾਵਾਂ ਦਾ ਇਤਿਹਾਸ ਉਕਰਦੇ ਹੋ। ਉਦਾਸੀ ਸਿਰਜਣਾਤਮਿਕ ਵੀ ਅਤੇ ਕਿਰਿਆਤਮਿਕ ਵੀ। ਸਾਰਥਕ ਵੀ ਅਤੇ ਸਰੋਕਾਰੀ ਵੀ। ਨਕਾਰਾਤਮਕ ਵੀ ਅਤੇ ਸਕਾਰਾਤਮਕ ਵੀ। ਖੁਦ ਦਾ ਸਿਵਾ ਸੇਕਣ ਵੰਨੀਂ ਉਲਾਰ ਵੀ ਪਰ ਆਪਣੀ ਤਰਜੀਹਾਂ ਨੂੰ ਆਪਣੀ ਤਕਦੀਰ ਸਿਰਜਣ ਦਾ ਵੱਲ ਵੀ। ਇਹ ਤਾਂ ਬੰਦੇ 'ਤੇ ਨਿਰਭਰ ਕਿ ਉਸਦੀ ਮਾਨਸਿਕਤਾ ਨੇ ਕਿਹੜੀ ਤਦਬੀਰ ਨੂੰ ਆਪਣੀ ਤਸ਼ਬੀਹ ਬਣਾਉਣਾ।

ਮੈਂ ਅਕਸਰ ਜਦ ਉਦਾਸ ਹੁੰਦਾ ਤਾਂ ਸੋਚਦਾ ਕਿ ਮੈਂ ਕਿਉਂ ਉਦਾਸ ਹਾਂ? ਇਸਦੇ ਕੀ ਕਾਰਨ ਹਨ? ਇਸ ਉਦਾਸੀ ਵਿਚੋਂ ਮੈਂ ਕੀ ਲਾਹਾ ਖੱਟਾਂਗਾ ਜਾਂ ਕਿਹੜਾ ਘਾਟਾ ਪਵੇਗਾ? ਕਈ ਵਾਰ ਤਾਂ ਇਹ ਉਦਾਸੀ ਨਿਰਮੂਲ ਹੁੰਦੀ। ਖਾਹ-ਮਖਾਹ ਅਸੀਂ ਆਪਣੀਆਂ ਗਿਣਤੀਆਂ ਮਿਣਤੀਆਂ ਵਿਚ ਉਲਝੇ ਖੁਦ ਨੂੰ ਉਦਾਸੀ ਦੀ ਦਲਦਲ ਵਿਚ ਅਜੇਹਾ ਫਸਾ ਲੈਂਦੇ ਕਿ ਇਸ ਵਿਚੋਂ ਨਿਕਲਣਾ ਜੀਵਨ ਦਾ ਜੰਜਾਲ ਬਣ ਜਾਂਦਾ।

ਨਿਰਮੂਲ, ਬੇਵਜ੍ਹਾ ਅਤੇ ਅਕਾਰਥ ਜਾਪਦੀ ਉਦਾਸੀ ਨੂੰ ਆਪਣੇ ਨੇੜੇ ਨਾ ਫਟਕਣ ਦੇਵੋ। ਸਗੋਂ ਉਦਾਸੀ ਨੂੰ ਹੁਲਾਸ ਦਾ ਵਰਦਾਨ ਦਿਓ ਤਾਂ ਕਿ ਉਦਾਸੀ ਵਿਚ ਬੇਅਰਥ ਗਵਾਉਣ ਵਾਲੇ ਪਲਾਂ ਵਿਚ ਜੀਵਨ ਨੂੰ ਜੀਅ ਭਰ ਕੇ ਜੀਵੇ ਤਾਂ ਕਿ ਹਰ ਕੋਈ ਰਸ਼ਕ ਕਰੇ ਕਿ ਜ਼ਿੰਦਗੀ ਨੂੰ ਇੰਝ ਵੀ ਜੀਵਿਆ ਜਾ ਸਕਦਾ।

ਸਵੇਰੇ-ਸਵੇਰੇ ਬਿਰਖ ਤੋਂ ਜਦ ਪੰਛੀ ਉਡਾਰੀ ਮਾਰਦੇ ਤਾਂ ਬਿਰਖ ਕਦੇ ਵੀ ਉਦਾਸ ਨਹੀਂ ਹੁੰਦਾ ਕਿਉਂਕਿ ਉਸਨੂੰ ਪਤਾ ਹੁੰਦਾ ਕਿ ਸ਼ਾਮ ਪੈਂਦਿਆਂ ਹੀ ਇਨ੍ਹਾਂ ਨੇ ਆਲ੍ਹਣਿਆਂ ਵਿਚ ਪਰਤ ਆਉਣਾ।

ਬੱਚਿਆਂ ਨੂੰ ਸਕੂਲੇ ਤੋਰ ਕੇ ਮਾਂ ਕਦੇ ਵੀ ਉਦਾਸ ਨਹੀਂ ਹੁੰਦੀ ਸਗੋਂ ਉਹ ਛੁੱਟੀ ਦੇ ਵਕਤ ਬਾਹਰਲਾ ਬੂਹਾ ਖੋਲ੍ਹ ਕੇ ਆਉਂਦੇ ਬੱਚਿਆਂ ਨੂੰ ਲਈ ਬਾਹਾਂ ਫੈਲਾਈ ਖੜ੍ਹੀ ਹੁੰਦੀ।

ਬਾਹਰਲੇ ਗੇਟ ਨੂੰ ਜੰਦਰਾ ਲਾਉਣ 'ਤੇ ਘਰ ਉਦਾਸ ਹੋ ਜਾਂਦਾ ਕਿਉਂਕਿ ਉਸ ਨੂੰ ਖਦਸ਼ਾ ਹੁੰਦਾ ਕਿ ਕੀ ਪਤਾ ਹੱਥੀਂ ਜੰਦਰਾ ਲਾਉਣ ਵਾਲਿਆਂ ਨੇ ਆ ਕੇ ਬੂਹਾ ਖੋਲ੍ਹਣਾ ਜਾਂ ਉਸਦੀ ਅਗਲੀ ਪੀੜ੍ਹੀ ਜੰਦਰੇ ਖੋਲ੍ਹੇਗੀ ਜਾਂ ਸਿਰਫ਼ ਜੰਗਾਲ ਹੀ ਜੰਦਰੇ ਨੂੰ ਖਾ ਜਾਵੇਗਾ? ਸ਼ਾਇਦ ਅਜੇਹਾ ਉਦਾਸ ਪਲਾਂ ਦਾ ਹੀ ਖ਼ਿਆਲ ਆਉਂਦਾ ਕਿ ਮੈਂ ਘਰੋਂ ਪ੍ਰਦੇਸ ਨੂੰ ਤੁਰਨ ਲੱਗਿਆਂ ਕਦੇ ਵੀ ਹੱਥੀਂ ਘਰ ਨੂੰ ਜੰਦਰਾ ਲਾ ਕੇ ਨਹੀਂ ਆਉਂਦਾ ਅਤੇ ਜਦ ਵੀ ਮੈਂ ਆਪਣੇ ਘਰ ਪਰਤਦਾ ਹਾਂ ਤਾਂ ਮੇਰੇ ਜਾਣ ਤੋਂ ਪਹਿਲਾਂ ਘਰ ਦੇ ਬੂਹੇ ਖੁੱਲ੍ਹੇ ਹੁੰਦੇ ਹਨ। ਮੈਨੂੰ ਜਾਪਦਾ ਹੈ ਕਿ ਘਰ ਖੁੱਲ੍ਹੀਆਂ ਬਾਹਾਂ ਨਾਲ ਘਰ ਵਾਲਿਆਂ ਨੂੰ ਮਿਲ ਕੇ ਬਹੁਤ ਸਕੂਨ ਮਹਿਸੂਸ ਕਰਦਾ ਹੈ। ਖੁੱਲ੍ਹੇ ਬੂਹੀਂ ਪ੍ਰਦੇਸ ਜਾਣ ਅਤੇ ਵਾਪਸ ਪਰਤਣ ਵਾਲੇ ਲੋਕ ਕਦੇ ਵੀ ਘਰ ਤੋਂ ਦੂਰ ਨਹੀਂ ਹੁੰਦੇ ਕਿਉਂਕਿ ਪ੍ਰਦੇਸ ਵਿਚ ਰਹਿੰਦਿਆਂ ਵੀ ਖੁੱਲ੍ਹੇ ਦਰਾਂ ਵਾਲਾ ਘਰ ਉਨ੍ਹਾਂ ਦੇ ਅੰਦਰ ਵੱਸਦਾ ਹੈ।

ਵਾਸਤਾ ਈ! ਘਰ ਨੂੰ ਕਦੇ ਵੀ ਉਦਾਸ ਨਾ ਹੋਣ ਦਿਓ ਕਿਉਂਕਿ ਘਰ ਨੂੰ ਲੱਗਾ ਹੋਇਆ ਝੋਰਾ ਹੀ ਘਰ ਨੂੰ ਅੰਦਰੋਂ ਅੰਦਰੀਂ ਖਾ ਜਾਂਦਾ। ਘਰ ਪਹਿਲਾਂ ਮਕਾਨ ਬਣਦਾ ਅਤੇ ਫਿਰ ਹੌਲੀ ਹੌਲੀ ਬੇਅਬਾਦ ਜੂਹ ਦਾ ਤਿੜਕਿਆ ਬਿੰਬ ਬਣ ਕੇ, ਘਰ ਵਾਲਿਆਂ ਦੇ ਨਾਮ ਤੋਂ ਵੀ ਮੁਨਕਰ ਹੋ ਜਾਂਦਾ।

ਜੇ ਉਦਾਸੀ 'ਤੇ ਨਿਕਲਣ ਦਾ ਬਹੁਤਾ ਹੀ ਚਿੱਤ ਕਰੇ ਤਾਂ ਬਾਬੇ ਨਾਨਕ ਵਰਗੀ ਕਿਸੇ ਲੰਮੀ ਉਦਾਸੀ 'ਤੇ ਨਿਕਲਣਾ, ਤੁਹਾਡੇ ਲਈ ਉਦਾਸੀ ਦੇ ਅਰਥ ਬਦਲ ਜਾਣਗੇ। ਉਦਾਸ ਫਿਜ਼ਾ ਵਿਚ ਹਾਸਿਆਂ ਦੇ ਹੋਕਰੇ ਲਾਉਣ, ਕੁਮਲਾਈ ਸੋਚ ਵਿਚ ਬਹਾਰਾਂ ਦੇ ਸੁਪਨੇ ਉਗਾਉਣ ਅਤੇ ਬੁੱਝੇ ਹੋਏ ਦੀਦਿਆਂ ਵਿਚ ਚਮਕ ਪੈਦਾ ਕਰਨ ਅਤੇ ਹਟਕੋਰੇ ਭਰਦੇ ਚਿਰਾਗਾਂ ਨੂੰ ਆਲ਼ਿਆਂ ਵਿਚ ਡੰਗਣ ਵਾਲੇ ਲੋਕ ਸੁਰਖ ਪਲਾਂ ਦੀ ਨਿਸ਼ਾਨਦੇਹੀ ਹੁੰਦੇ ਜੋ ਸੰਧੂਰੀ ਵਕਤਾਂ ਦਾ ਮਾਣ ਬਣਦੇ। ਤੁਸੀਂ ਵੀ ਤਾਂ ਅਜੇਹਾ ਮਾਣ ਬਣ ਸਕਦੇ। ਫਿਰ ਐਵੇਂ ਕਾਹਤੋਂ ਉਦਾਸੀ ਵਿਚ ਝੂਰਦੇ ਹੋ।

# ਗੋ.ਲੇ ਕਬੂਤਰ

ਕਬੂਤਰ ਰੱਖਣ ਦੇ ਸ਼ੌਕੀਨ ਤਾਂ ਲਗਪਗ ਸਾਰੇ ਵਿਸ਼ਵ ਵਿਚ ਹੀ ਹਨ ਪਰ ਕਬੂਤਰਾਂ ਦੀ ਬਾਜ਼ੀ ਲਵਾਉਣ ਦਾ ਸ਼ੌਕ ਸ਼ਾਇਦ ਭਾਰਤ ਸਮੇਤ ਥੋੜ੍ਹੇ ਜਿਹੇ ਹੋਰ ਮੁਲਕਾਂ ਵਿਚ ਹੀ ਹੈ। ਸ਼ਾਇਦ ਮੌਸਮ ਦਾ ਸਾਜ਼ਗਾਰ ਨਾ ਰਹਿਣਾ ਜਾਂ ਕਬੂਤਰ ਛੱਡ ਕੇ ਘੰਟਿਆਂ ਬੱਧੀ ਉਡੀਕ ਵਿਚ ਬੈਠੇ ਰਹਿਣਾ ਬਹੁਤੇ ਮੁਲਕਾਂ ਦੇ ਵਾਸੀਆਂ ਦੇ ਵੱਸ ਦਾ ਰੋਗ



ਹਰਦੀਪ ਸਿੰਘ ਸੋਢੀ
ਫੋਨ: 480-794-0325

ਨਹੀਂ, ਪੰਜਾਬ ਵਿਚ ਵੀ ਹੁਣ ਇਹ ਖੇਡ ਸਿਰਫ ਮਾਲਵਾ ਖੇਤਰ ਵਿਚ ਹੀ ਰਹਿ ਗਈ ਹੈ। ਸ਼ਾਇਦ ਮੁਗ਼ਲਾਂ/ਤੁਰਕਾਂ ਰਾਹੀਂ ਇਹ ਸ਼ੌਕ ਭਾਰਤ ਵਿਚ ਆਇਆ ਸੀ। ਖ਼ੈਰ ਅਸਲ ਕਹਾਣੀ ਤਾਂ ਕਬੂਤਰਾਂ ਨੂੰ ਪਾਲਣ, ਉਨ੍ਹਾਂ ਵਿਚੋਂ ਚੰਗੀ ਨਸਲ ਦੇ ਕਬੂਤਰ ਅਲਿਹਦਾ ਕਰਨ, ਟ੍ਰੇਨਿੰਗ ਦੇਣ, ਕਸਰਤ ਕਰਾਉਣ ਦੀ ਹੈ, ਜੋ ਸਖ਼ਤ ਮਿਹਨਤ ਮੰਗਦੀ ਹੈ ਅਤੇ ਇਹ ਖਰਚੀਲਾ ਸ਼ੌਕ ਹੈ। ਕਿਸੇ ਸਮੇਂ ਕਬੂਤਰਾਂ ਨੂੰ ਸੰਦੇਸ਼ ਭੇਜਣ ਜਾਂ ਮੰਗਾਉਣ ਲਈ ਵੀ ਵਰਤਿਆ ਜਾਂਦਾ ਰਿਹਾ ਹੈ, ਜੋ ਹੋਰ ਵੀ ਕਠਿਨ ਕੰਮ ਸੀ ਪਰ ਇਹ ਸਭ ਚੰਗੀ ਅਤੇ ਸਮੇਂ ਸਿਰ ਦਿੱਤੀ ਖ਼ੁਰਾਕ ਅਤੇ ਟ੍ਰੇਨਿੰਗ ਨਾਲ ਹੀ ਸੰਭਵ ਹੈ। ਇਸ ਵਿਚ ਜਿੱਥੇ ਕਬੂਤਰਬਾਜ਼ ਨੂੰ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਥੇ ਕਬੂਤਰਾਂ ਨੂੰ ਵੀ ਸਖ਼ਤ ਇਮਤਿਹਾਨਾਂ ਵਿਚੋਂ ਲੰਘਣਾ ਪੈਂਦਾ ਹੈ। ਅੱਠ ਅੱਠ ਪਹਿਰ ਭੁੱਖੇ ਪਿਆਸੇ ਰਹਿਣਾ ਪੈਂਦਾ ਹੈ। ਦੂਜੇ ਪਾਸੇ ਉਹ ਕਬੂਤਰ ਵੀ ਹੁੰਦੇ ਹਨ ਜੋ ਹੱਥ ਵੇਖਣ ਵਾਲਿਆਂ ਵੱਲੋਂ ਦੱਸੇ ਬਾਜਰਾ ਤੇ ਚਾਵਲ ਸੁੱਟਣ ਵਾਲਿਆਂ ਦੀ ਮਿਹਨਤ ਸਦਕਾ ਅਸਲ ਕਬੂਤਰ ਬਣਨ ਦੀ ਥਾਂ ਗੋਲੇ ਕਬੂਤਰ ਬਣ ਜਾਂਦੇ ਹਨ ਅਤੇ ਮੰਦਰ, ਗੁਰਦੁਆਰੇ, ਮਸਜਿਦ ਅਤੇ ਚਰਚ ਦੇ ਗੁੰਬਦਾਂ ਨੂੰ ਵਿੱਠਾਂ ਨਾਲ ਦੂਸ਼ਿਤ ਕਰਦੇ ਹਨ। ਕੁਝ ਲੋਕ ਮੁਹੱਲੇ ਦੇ ਪਾਰਕ ਵਿਚ ਦਾਣੇ ਖਿਲਾਰ ਕੇ ਆਪਣੇ ਰਾਹੂ-ਕੇਤੂ ਦੀ ਦਸ਼ਾ ਸੁਧਾਰਨ ਦਾ ਯਤਨ ਕਰਦੇ ਕਰਦੇ ਗਵਾਂਢੀਆਂ ਦੇ ਬਨੇਰੇ ਲਬੇੜਨ ਵਿਚ ਕੋਈ ਕਸਰ ਨਹੀਂ ਛੱਡਦੇ। ਅਜਿਹੇ ਲੋਕ ਜਿੱਥੇ ਕੁਦਰਤੀ ਤੌਰ 'ਤੇ ਉੱਡ ਕੇ ਆਪਣਾ ਭੋਜਨ ਲੱਭਣ ਵਾਲੇ ਪੰਛੀਆਂ ਨੂੰ ਨਕਾਰਾ ਕਰਦੇ ਹਨ ਉਥੇ ਹਜ਼ਾਰਾਂ ਟਨ ਅਨਾਜ ਰੋਜ਼ਾਨਾ ਪੰਛੀਆਂ ਨੂੰ ਪਾਉਂਦੇ ਹਨ। ਪੰਛੀ ਜੋ ਹਵਾ ਵਿਚ ਉਡਾਰੀਆਂ ਮਾਰਦੇ ਸੋਹਣੇ ਲੱਗਣ ਦੀ ਸਮਰੱਥਾ ਰੱਖਦੇ ਹਨ, ਅਸੀਂ ਉਨ੍ਹਾਂ ਨੂੰ ਨਿਕੰਮੇ ਅਤੇ ਨਿਠੱਲੇ ਬਣਾਉਣ ਵਿਚ ਪੂਰਾ-ਪੂਰਾ ਯੋਗਦਾਨ ਪਾਉਂਦੇ ਹਾਂ। ਪਿੱਛੇ ਜਿਹੇ ਇੱਕ ਸੱਜਣ ਨੇ ਦੱਸਿਆ ਕਿ ਇੰਡੀਆ ਵਿਚ ਇੱਕ ਅਜਿਹਾ ਧਾਰਮਿਕ ਸਥਾਨ ਹੈ ਜਿੱਥੇ ਦਸ ਕੁਇੰਟਲ ਅਨਾਜ ਰੋਜ਼ਾਨਾ ਪੰਛੀਆਂ ਨੂੰ ਪਾਇਆ ਜਾਂਦਾ ਹੈ। ਸਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੇਖੋ ਥੜ੍ਹਾ ਸਾਹਿਬ ਨੇੜੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਲਿਖ ਕੇ ਲਾਇਆ ਹੋਇਆ ਹੈ ਕਿ ਪਵਿੱਤਰ ਸਰੋਵਰ ਦੀ ਸੁੱਚਤਾ ਨੂੰ ਕਾਇਮ ਰੱਖਣ ਵਾਸਤੇ ਕਬੂਤਰਾਂ ਨੂੰ ਦਾਣੇ ਨਾ ਪਾਓ ਪਰ ਹੈ ਮਜ਼ਾਲ ਕਿ ਅਸੀਂ ਕਿਸੇ ਦੀ ਮੰਨ ਲਈਏ, ਅਸੀਂ ਤਾਂ ਐਂ ਚੋਰੀ ਦਾਣੇ ਪਾਉਂਦੇ ਹਾਂ ਜਿਵੇਂ ਕਬੂਤਰਾਂ ਨੂੰ ਦਾਣਾ ਪਾਏ ਬਿਨਾਂ ਸਾਡਾ ਮੱਥਾ ਟੇਕਣਾ ਵਿਅਰਥ ਹੈ। ਉਹੀ ਕਬੂਤਰ ਸਰੋਵਰ ਉੱਪਰ ਦੀ ਉੱਡਦੇ ਸਮੇਂ ਵਿੱਠਾਂ ਪਵਿੱਤਰ ਸਰੋਵਰ ਵਿਚ ਕਰਦੇ ਹਨ, ਕੁਝ ਵੀਰ ਭੈਣਾਂ ਸਰੋਵਰ ਵਿਚ ਮੱਛੀਆਂ ਨੂੰ ਕੜਾਹ ਪ੍ਰਸ਼ਾਦ ਪਾ ਕੇ ਪੁੰਨ ਖੱਟਣ ਦੀ ਕੋਸ਼ਿਸ਼ ਕਰਦੇ ਹਨ ਲਿਹਾਜ਼ਾ ਇਥੇ ਵੀ ਲਿਖਿਆ ਹੋਇਆ ਹੈ ਕਿ ਸਾਧ ਸੰਗਤ ਜੀਓ ਮੱਛੀਆਂ ਨੂੰ ਕੜਾਹ ਪ੍ਰਸ਼ਾਦ ਨਾ ਪਾਇਆ ਜਾਵੇ ਪਰ ਕੌਣ ਸੁਣਦਾ ਹੈ? ਵੈਸੇ ਇਹ ਵਿਚਾਰਨ ਵਾਲੀ ਗੱਲ ਹੈ ਕਿ ਜੇ ਇੱਕ ਲੱਖ ਦੇ ਕਰੀਬ ਸ਼ਰਧਾਲੂ ਰੋਜ਼ਾਨਾ ਆਉਣ ਜਿਨ੍ਹਾਂ ਵਿਚੋਂ ਦਸ ਫੀਸਦੀ ਲੋਕ ਵੀ ਮੱਛੀਆਂ ਨੂੰ ਪ੍ਰਸ਼ਾਦ ਪਾਉਣ ਤਾਂ ਮੱਛੀਆਂ ਦੀ ਕਿੰਨੀ ਪੈਦਾਵਾਰ ਵਧੇਗੀ ਅਤੇ ਅਸੀਂ ਖ਼ੁਦ ਜਲ ਦੀ ਬੇਅਬਦੀ ਕਰਨ ਦੇ ਜ਼ਿੰਮੇਵਾਰ ਹੋਵਾਂਗੇ। ਹੁਣ ਗੱਲ ਫਿਰ ਗੋਲੇ ਕਬੂਤਰਾਂ ਦੀ ਕਰੀਏ ਕਿ ਜੇ ਕੁਝ ਕਬੂਤਰ ਲੰਬੀ ਅਤੇ ਉੱਚੀ ਉਡਾਣ ਭਰ ਸਕਦੇ ਹਨ ਤਾਂ ਬਾਕੀ ਲੋਕਾਂ ਦੇ ਬਨੇਰੇ ਕਿਉਂ ਗੰਦੇ ਕਰਦੇ ਹਨ? ਕੀ ਉਹ ਅੰਡੇ ਵਿਚੋਂ ਨਿਕਲਦੇ ਹੀ ਗੋ.ਲੇ ਹਨ? ਨਹੀਂ ਹਰਗਿਜ਼ ਨਹੀਂ ਉਨ੍ਹਾਂ ਨੂੰ ਗੋ.ਲੇ ਬਣਾਉਣ ਵਾਲੇ ਅਸੀਂ ਹਾਂ! ਜਦੋਂ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਪ੍ਰਮਾਤਮਾ ਪੱਥਰ ਦੇ ਅੰਦਰ ਵਸੇ ਕੀੜੇ ਨੂੰ ਵੀ ਭੋਜਨ ਦੇਂਦਾ ਹੈ ਤਾਂ ਅਸੀਂ ਕੌਣ ਹੁੰਦੇ ਹਾਂ ਕਬੂਤਰਾਂ ਨੂੰ ਪਾਲਣ ਵਾਲੇ? ਸੋਚਣ ਵਾਲੀ ਗੱਲ ਇਹ ਹੈ ਕਿ ਭਾਰਤ ਵਿਚ ਵੱਸਣ ਵਾਲੇ ਅੱਸੀ ਕਰੋੜ ਲੋਕ (ਲਗਭਗ ਅੱਧੀ ਜਨਸੰਖਿਆ) ਜਿਸ ਨੂੰ ਸਰਕਾਰਾਂ ਵਲੋਂ ਆਟਾ ਦਾਲ ਮੁਫ਼ਤ ਦਿੱਤਾ ਜਾ ਰਿਹਾ ਹੈ, ਕੀ ਅਜਿਹਾ ਕਰਕੇ ਸਰਕਾਰ ਉਨ੍ਹਾਂ ਨੂੰ ਗੋ.ਲੇ ਕਬੂਤਰ ਭਾਵ ਨਿਕੰਮੇ ਇਨਸਾਨ ਨਹੀਂ ਬਣਾ ਰਹੀ? ਜਿਸ ਨੂੰ ਬੈਠੇ ਬਿਠਾਏ ਖਾਣਾ, ਬਿਜਲੀ, ਗੈਸ ਆਦਿ ਮੁਫ਼ਤ ਮਿਲੇਗੀ ਉਹ ਕੰਮ ਕਰਨਾ ਛੱਡ ਕੇ ਬੱਚਿਆਂ ਨੂੰ ਪੜ੍ਹਾਉਣ ਦੀ ਲੋੜ ਤੋਂ ਕਿਨਾਰਾ ਕਰ ਲਵੇਗਾ ਤਾਂ ਸਮਾਜ ਕਿੱਧਰ ਚਲਾ ਜਾਵੇਗਾ? ਕੌਣ ਇਨ੍ਹਾਂ ਅਨਪੜ੍ਹ ਲੋਕਾਂ ਨੂੰ ਮੁੜ ਪੜ੍ਹਨ-ਲਿਖਣ ਲਾਵੇਗਾ ਅਤੇ ਕੀ ਉਹ ਲੋਕ ਇਸ ਇੱਕੀਵੀਂ ਸਦੀ ਵਿਚ ਬਾਕੀ ਲੋਕਾਂ ਨਾਲ ਰਲ ਕੇ ਤੁਰ

# ਮਾਂ ਨੂੰ ਯਾਦ ਕਰਦਿਆਂ...

ਲੰਘੀ ਦਸ ਜਨਵਰੀ ਨੂੰ ਮਾਂ ਸਾਥੋਂ ਵਿਛੜੀ ਨੂੰ ਛੇ ਸਾਲ ਹੋ ਗਏ ਹਨ। ਕੋਈ ਦਿਨ ਅਜਿਹਾ ਨਹੀਂ ਜਿਸ ਦਿਨ ਮਾਂ ਦੀ ਯਾਦ ਨਾ ਆਈ ਹੋਵੇ। ਮਰਿਆ ਨਾਲ ਮਰ ਤਾਂ ਨਹੀਂ ਹੁੰਦਾ ਪਰ ਉਨ੍ਹਾਂ ਦੀ ਯਾਦ ਦਿਲ ਵਿਚੋਂ ਕੱਢੀ ਵੀ ਨਹੀਂ ਜਾ ਸਕਦੀ। ਮਾਂ ਨੂੰ ਯਾਦ ਕਰਦਿਆਂ ਮਾਂ ਦੀਆਂ ਗੱਲਾਂ ਆਪਣੇ ਬੱਚਿਆਂ ਨਾਲ ਸਾਂਝੀਆਂ ਕਰਦਾ ਰਹਿੰਦਾ ਹਾਂ। ਬੱਚੇ ਵੀ ਦਾਦੀ ਕੋਲ ਰਹੇ ਹੋਣ ਕਰਕੇ ਉਸ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਦੇ ਹਨ। ਮਾਂ ਦੇ ਪੰਜ ਭਰਾ ਸਨ ਤੇ ਇੱਕ ਛੋਟੀ ਭੈਣ, ਹੁਣ ਬੱਸ ਦੋ ਭਰਾ ਹੀ ਜਿਉਂਦੇ ਜੀਅ ਹਨ। ਬਾਕੀ ਸਭ ਆਪਣੀ ਸਾਹਾਂ ਦੀ ਪੂੰਜੀ ਖਰਚ ਕੇ ਜਹਾਨੋਂ ਤੁਰ ਗਏ ਹਨ। ਮਾਂ ਨੂੰ ਭਰਾਵਾਂ ਦਾ ਬਹੁਤ ਸਹਾਰਾ ਸੀ, ਜਿਵੇਂ ਹਰੇਕ ਭੈਣ ਨੂੰ ਹੁੰਦਾ ਹੀ ਹੈ। ਮੇਰੇ ਮਾਮਿਆਂ ਦਾ ਮੈਨੂੰ ਵੀ ਬਹੁਤ ਸਹਾਰਾ ਰਿਹਾ ਹੈ। ਮਾਂ ਦੀ ਭੂਆ ਭੰਮੀਪੁਰੇ ਵਿਆਹੀ ਸੀ ਜਿਸ ਦੇ ਕੋਈ ਔਲਾਦ ਨਹੀਂ ਸੀ ਹੋਈ। ਮਾਂ ਤੋ ਛੋਟਾ ਮਾਮਾ ਮਾਂ ਦੀ ਭੂਆ ਆਪਣਾ ਪੁੱਤ ਬਣਾ ਕੇ ਲੈ ਗਈ ਸੀ। ਭੂਆ ਨੇ ਹੀ ਪੜ੍ਹਾਇਆ ਤੇ ਉਸ ਨੇ ਹੀ ਉਸ ਦਾ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916-273-2856**

ਵਿਆਹ ਕੀਤਾ। ਮਾਮੇ ਦਾ ਬਿਗਾਨੇ ਪਿੰਡ ਵਿਚ ਪੈਰ ਟਿਕਣਾ ਮੁਸ਼ਕਿਲ ਸੀ। ਸ਼ਰੀਕੇ ਵਾਲੇ ਮਾਮੇ ਨੂੰ ਬਹੁਤ ਤੰਗ ਕਰਦੇ ਸੀ, ਮੇਰੇ ਦੂਜੇ ਮਾਮੇ ਉਸ ਪਿਛੇ ਜਾ ਖੜਦੇ ਸੀ ਮਾਮਿਆਂ ਦੇ ਏਕੇ ਨੇ ਉਸ ਮਾਮੇ ਦੇ ਪੈਰ ਜਮਾ ਦਿੱਤੇ ਫਿਰ ਕੋਈ ਕਦੇ ਮਾਮੇ ਅਗੇ ਖੰਘਿਆਂ ਨਹੀਂ। ਮਾਮੇ ਨੇ ਆਪਣੇ ਭੂਆ ਤੇ ਫੁੱਫੜ ਦੀ ਮਾਂ-ਪਿਓ ਤੋ ਵੱਧ ਸੇਵਾ ਕੀਤੀ ਤੇ ਉਹ ਵਧੀਆ ਉਮਰ ਭੋਗ ਕੇ ਗਏ। ਮਾਂ ਮੇਰੀ ਅਨਪੜ੍ਹ ਸੀ, ਪਰ ਜੱਗ ਜਹਾਨ ਦੀ ਹਰ ਚੰਗੀ-ਮਾੜੀ ਦੀ ਸੋਝੀ ਰੱਖਦੀ ਸੀ। ਤੀਵੀਂ ਤੇ ਮਰਦ ਦਾ ਚਿਹਰਾ ਪੜ੍ਹ ਲੈਂਦੀ ਸੀ। ਸੁਭਾਅ ਦੀ ਅੜਬ ਸੀ। ਪਿਤਾ ਜੀ ਤੋਂ ਬਿਲਕੁਲ ਉਲਟ ਸੀ। ਅਸੀਂ ਹੁਣ ਵੀ ਪਿਤਾ ਜੀ ਤੋਂ ਪੁੱਛਦੇ ਆਂ ਕਿ ਮਾਂ ਤੁਹਾਡੇ ਨਾਲ ਐਨਾ ਲੜਦੀ ਸੀ, ਤੁਸੀਂ ਤਲਾਕ ਕਿਉਂ ਨਹੀਂ ਦਿੱਤਾ। ਪਿਤਾ ਜੀ ਹੱਸ ਕੇ ਦੱਸਣਾ, ਤੇਰੇ ਪੰਜਾਂ ਮਾਮਿਆਂ 'ਤੋਂ ਡਰ ਲੱਗਦਾ ਸੀ। ਉਨ੍ਹਾਂ ਨੇ ਮੈਨੂੰ ਪਾਣੀ ਪਿਆ-ਪਿਆ ਕੁੱਟਣਾ ਸੀ। ਪਿਤਾ ਜੀ ਦੀਆਂ ਗੱਲਾਂ ਤੋ ਪਤਾ ਲਗਦਾ ਸੀ ਕਿ ਭੈਣਾਂ ਨੂੰ ਭਰਾਵਾਂ ਦਾ ਕਿੰਨਾ ਹੌਸ਼ਲਾ ਹੁੰਦੈ। ਉਨ੍ਹਾਂ ਸਮਿਆਂ ਵਿਚ ਬੰਦੇ ਦੀ ਬਹੁਤ ਵੁੱਕਤ ਸੀ। ਹੁਣ ਦੇ ਮਸ਼ੀਨਰੀ ਯੁਗ ਨੇ ਬੰਦੇ ਦੀ ਕੀਮਤ ਨਾਬਰਾਬਰ ਕਰ ਦਿੱਤੀ ਹੈ। ਮਾਂ ਦੇ ਪੇਕੇ ਤੇ ਸਹੁਰੇ ਪਰਿਵਾਰ ਦੀ ਦੂਰੀ ਬੱਸ ਇੰਜ ਸੀ ਜਿਵੇਂ ਜਮੀਨ ਤੇ ਅਸਮਾਨ ਹੋਵੇ। ਆਹਮੋ-ਸਾਮ੍ਹਣੇ ਤਾਂ ਰਹਿੰਦੇ ਸੀ, ਪਰ ਦਿਲਾਂ ਦਾ ਮਿਲਾਪ ਕਦੇ ਨਹੀਂ ਹੋਇਆ। ਮੈਂ ਬਹੁਤਾ ਸਮਾਂ ਮਾਂ ਕੋਲ ਹੀ ਕੱਢਿਆ ਹੈ। ਮੈਂ ਜੋ ਵੀ ਹਾਂ ਮਾਂ ਦੀ ਬਦੌਲਤ ਹੀ ਹਾਂ। ਜੇ ਅੱਜ ਪਰਮਾਤਮਾ ਨੇ ਰੱਜਵਾਂ ਰਿਜ਼ਕ ਦਿੱਤਾ ਹੈ, ਕਾਰਾਂ ਕੋਠੀਆਂ, ਜਮੀਨ-ਜਾਇਦਾਦ ਦਿੱਤੀ ਹੈ, ਇਹ ਸਭ ਮਾਂ ਦੇ ਦਿਆਲੂ ਦਿਲ ਤੇ ਪੁੰਨ-ਦਾਨ ਦੀ ਹੀ ਬਦੌਲਤ ਹੈ। ਮੈਨੂੰ ਮਾਂ ਨੇ ਮਸਾਂ ਗੁਰੂ ਰਾਮਦਾਸ ਦੇ ਅਸਥਾਨ 'ਤੋਂ ਝੋਲੀ ਅੱਡ ਕੇ ਮੰਗਿਆ ਸੀ। ਐਨੀਆਂ ਅਰਦਾਸਾਂ ਤੋ ਬਾਅਦ ਮਿਲਿਆ ਪੁੱਤ ਹੋਣਾ ਤਾਂ ਮਾਂ ਦਾ ਲਾਡਲਾ ਚਾਹੀਦਾ ਸੀ, ਪਰ ਮਾਂ ਮੈਨੂੰ ਕੁੱਟਣ ਲੱਗੀ ਪੁਲਿਸ ਨੂੰ ਵੀ ਪਿੱਛੇ ਛੱਡ ਦਿੰਦੀ ਸੀ। ਜਿਵੇਂ ਕਹਿੰਦੇ ਨੇ ਕਿ ਧੀ-ਪੁੱਤ ਤੇ ਰੰਭਾਂ ਚੰਡਿਆ ਹੀ ਚੰਗਾ ਹੁੰਦਾ ਹੈ। ਮਾਂ ਦੀ ਗੁੱਸੇ ਵਾਲੀ ਭੱਠੀ ਦਾ ਸੇਕ ਝੱਲ ਕੇ ਮੈਂ ਪੂਰਾ ਤੇਜ਼-ਤਰਾਰ ਮਨੁੱਖ ਰੂਪੀ ਹਥਿਆਰ ਬਣਿਆ। ਮਾਂ ਖਾਣ-ਪੀਣ ਦੀ ਬਹੁਤ ਸ਼ੌਕੀਨ ਸੀ, ਕਰੁੱਤੀ ਸਬਜ਼ੀ ਬੇਸ਼ੱਕ ਮਹਿੰਗੀ ਮਿਲਦੀ ਸੀ, ਪਰ ਉਹ ਜਰੂਰ ਬਣਾਉਂਦੀ ਸੀ, ਖੋਇਆ ਪੰਜੀਰੀ ਦਾ ਰੌਲਾ ਤਾ ਉਹ ਚੜ੍ਹਦੇ ਕੱਤੇ ਹੀ ਪਾਉਣ ਲੱਗ ਜਾਦੀ ਸੀ। ਚੜ੍ਹਦੇ ਸਿਆਲ਼ ਹੀ ਮਾਂ ਮੁੱਲਾਪੁਰੋਂ ਕੱਚੀ ਮੂੰਗਫਲੀ ਲੈ ਆਉਂਦੀ ਸੀ। ਰਾਤ ਨੂੰ ਮਾਂ ਚੁੱਲੇ ਦੀ ਅੱਗ ਕੜਾਹੀਏ ਵਿਚ ਪਾ ਲਿਆਉਂਦੀ। ਮੈਂ ਤੇ ਮੇਰਾ ਛੋਟਾ ਭਰਾ ਤੇ ਮਾਂ ਉਸ ਅੱਗ ਵਿਚ ਮੂੰਗਫਲੀ ਭੁੰਨਦੇ ਤੇ ਗਰਮ ਗਰਮ ਚੱਬਦੇ ਹੁੰਦੇ। ਬਾਅਦ ਵਿਚ ਮਾਂ ਨੇ ਲਕੋ ਕੇ ਰੱਖੀ ਗੱਚਕ ਦੇ ਦੇਣੀ, ਸਿਆਲਾਂ ਦਾ ਮੇਵਾ ਹੁੰਦਾ ਸੀ। ਬਹੁਤ ਕੁੱਝ ਮਾਂ ਨੇ ਸਿਖਾਇਆ ਤੇ ਬਹੁਤ ਕੁੱਝ ਲੋਕਾਂ ਨੇ ਵੀ ਸਿਖਾ ਦਿੱਤਾ ਸੀ। ਦਿਲ ਦੀ ਨਿਡਰਤਾ ਤੇ ਹੌਂਸਲਾ ਮਾਂ ਨੇ ਮੇਰੇ ਅੰਦਰ ਕੁੱਟ ਕੁੱਟ ਭਰਿਆ।

ਕਈ ਵਾਰ ਮਾਂ ਦੀ ਮਮਤਾ ਯਾਦ ਆ ਜਾਂਦੀ ਹੈ, ਮੈਂ ਦਸਵੀਂ ਦੇ ਪੱਕੇ ਪੇਪਰਾਂ ਦੀ ਤਿਆਰੀ ਕਰਨੀ ਸੀ। ਮੇਰੇ ਕੋਲ ਸੋਲਾਂ ਨਾਵਲ ਪਏ ਸਨ। ਨਾਵਲਾਂ ਦਾ ਸ਼ੌਕ ਮੈਨੂੰ ਸਕੂਲੀ ਪੜ੍ਹਾਈ ਨਹੀਂ ਕਰਨ ਦਿੰਦਾ ਸੀ। ਮੈਂ ਸਾਰੇ ਨਾਵਲ ਕਿਸੇ ਨੂੰ ਫੜਾ ਦਿੱਤੇ, ਮਾਂ ਨੇ ਜਦ ਦੇਖਿਆ ਕਿ ਮੁੰਡੇ ਨੇ ਸਾਰੀਆਂ ਕਿਤਾਬਾਂ ਚੁਕਾ ਦਿੱਤੀਆਂ ਤਾਂ ਬੋਲੀ, ਵੇ! ਪੁੱਤ ਕਿਤਾਬਾਂ ਤਾਂ ਤੂੰ ਇਹਨੂੰ ਚੱਕਾ ਦਿੱਤੀਆਂ, ਕੀ ਪੜ੍ਹ ਕੇ ਪਾਸ ਹੋਵੇਂਗਾ, ਮੈਂ ਕਿਹਾ, ਮਾਂ ਇਹ ਕਿਤਾਬਾਂ ਪਾਸ ਕਰਾਉਣ ਵਾਲੀਆਂ ਨਹੀਂ, ਸਗੋਂ ਫੇਲ੍ਹ ਕਰਵਾਉਣ ਵਾਲੀਆਂ ਨੇ ਭੋਲੀ ਮਾਂ ਨੂੰ ਕੀ ਪਤਾ ਸੀ ਕਿਹੜੀਆਂ ਕਿਤਾਬਾਂ ਨੇ। ਜਦੋਂ ਮੈਂ ਪਾਸ ਹੋ ਗਿਆ ਤਾ ਕਹਿੰਦੀ ਕਿ ਲੱਗਦਾ ਨਹੀਂ ਸੀ ਕਿ ਤੂੰ ਪਾਸ ਹੋ ਜਾਵੇਂਗਾ। ਕਿਤਾਬਾਂ ਤਾਂ ਸਾਰੀਆਂ ਚੱਕਾ ਦਿਤੀਆਂ ਸਨ। ਮਾਂ ਨੇ ਪਾਲਿਆ ਤਾਂ ਮੈਨੂੰ ਹੋਰਾਂ ਬੱਚਿਆਂ ਦੀਆਂ ਮਾਵਾਂ ਵਾਂਗ ਹੀ ਹੈ, ਪਰ ਨਾਲ ਦੀ ਨਾਲ ਮੈਨੂੰ ਤਰਾਸ਼ਿਆ ਵੀ ਬਹੁਤ ਸੋਹਣਾ ਹੈ। ਜੱਗ ਦੇ ਸ਼ੀਸ਼ੇ ਮੂਹਰੇ ਸੰਪੂਰਨ ਮਰਦ ਪੇਸ਼ ਕਰਕੇ ਦਿਖਾਇਆ ਹੈ। ਮੈ ਗੱਭਰੂ ਹੋਇਆ ਤਾਂ ਮੈਨੂੰ ਵੀ ਬਾਹਰਲੇ ਦੇਸ਼ ਜਾਣ ਦੀ ਤਲਬ ਹੋਣ ਲੱਗੀ। ਪਰ ਮਾਂ ਨੇ ਚੜ੍ਹਦੀ ਉਮਰੇ ਕਬੀਲਦਾਰੀ ਦੀ ਨੱਥ ਪਾ ਕੇ ਮੈਨੂੰ ਗ੍ਰਹਿਸਥੀ ਗੱਡੇ ਨਾਲ ਬੰਨ੍ਹ ਲਿਆ। ਪਰ ਬਾਹਰਲੇ ਦੇਸ਼ ਜਾਣ ਦੀ ਤਮੰਨਾ ਅੰਦਰ ਸੀ ਜੋ ਕੁਝ ਸਮੇਂ ਲਈ ਆਸ ਦੀ ਲੋਈ ਨੇ ਲੁਕੋ ਰੱਖੀ, ਜਦੋਂ ਮਾਂ ਨੂੰ ਨੂੰਹ ਤੇ ਦੋ ਪੋਤੇ ਮਿਲ ਗਏ ਤਾਂ ਮਾਂ ਨੇ ਖੁਦ ਆਸ ਦੀ ਲੋਈ ਲਾਹ ਕੇ ਮੈਨੂੰ ਤਰੱਕੀ ਦੀ ਉਡਾਣ ਭਰਨ ਲਈ ਖੁੱਲ੍ਹਾ ਛੱਡ ਦਿੱਤਾ। ਇੱਕ ਗੱਲ ਹੋਰ ਯਾਦ ਆ ਗਈ- ਮੇਰਾ ਇੱਕ ਮਾਮਾ ਲਿਬੀਆ ਪੰਜ ਸਾਲ ਲਾ ਕੇ ਮੁੜਿਆ ਤਾਂ ਮੇਰੀ ਮਾਸੀ ਦਾ ਵਿਆਹ ਰੱਖ ਦਿੱਤਾ, ਉਦੋਂ ਮੇਰੀ ਉਮਰ ਦਸ ਸਾਲ ਸੀ, ਮੇਰੀ ਨਾਨੀ ਕਹਿਣ ਲੱਗੀ ਕਿ ਜਦੋ ਵੱਡੀ ਦਾ ਵਿਆਹ ਹੋਇਆ ਸੀ ਉਸ ਨੂੰ ਦਾਜ ਵਿਚ ਸਾਇਕਲ ਤੇ ਘੜੀ ਨਹੀਂ ਦਿੱਤੀ ਸੀ ਤੇ ਹੁਣ ਉਸ ਨੂੰ ਦੋਵੇਂ ਚੀਜ਼ਾਂ ਦੇਣੀਆਂ ਹਨ। ਮਾਮਿਆਂ ਨੇ ਹਾਂ ਕਰ ਦਿੱਤੀ। ਮਾਸੀ ਦਾ ਵਿਆਹ ਹੋ ਗਿਆ। ਅਸੀਂ ਸਾਰੇ ਵਾਪਿਸ ਆਪਣੇ ਪਿੰਡ ਆ ਗਏ ਪਰ ਮਾਂ ਉੱਥੇ ਹੀ ਰਹਿ ਪਈ। ਵਿਆਹ ਤੋਂ ਸੱਤਵੇਂ ਦਿਨ ਮਾਂ ਨੂੰ ਮੇਰਾ ਵੱਡਾ ਮਾਮਾ ਦੋ ਬਲਦਾਂ ਵਾਲੀ ਰੇਹੜੀ ਤੇ ਸਾਡੇ ਪਿੰਡ ਛੱਡਣ ਆਇਆ। ਰੇਹੜੀ ਦੀ ਇੱਕ ਵੱਖੀ ਨਾਲ ਏ ਵਨ ਸਾਈਕਲ ਬੰਨ੍ਹਿਆਂ ਹੋਇਆ ਸੀ। ਕੱਪੜਿਆਂ ਦੀਆਂ ਦੋ ਪੰਡਾਂ ਸਨ। ਵਿਆਹ ਦੀ ਭਾਜੀ ਦੇ ਦੋ ਪੀਪੇ ਸਨ। ਸਾਇਕਲ ਨੂੰ ਸ਼ਗਨਾਂ ਨਾਲ ਤੇਲ ਚੋ ਕੇ ਅੰਦਰ ਲਿਆਂਦਾ ਗਿਆ। ਸਾਇਕਲ ਦੇ ਹੈਂਡਲ ਨੂੰ ਸ਼ਗਨਾਂ ਦੇ ਗਾਨੇ ਤੇ ਫੁੱਲ ਬੰਨ੍ਹੇ ਹੋਏ ਸਨ। ਫਿਰ ਮੇਰੀ ਵਾਰੀ ਆਈ ਸਾਇਕਲ ਚਲਾਉਣ ਦੀ, ਮੈਂ ਸਾਰੇ ਪਿੰਡ ਨੂੰ ਆਪਣਾ ਨਵਾਂ ਸਾਈਕਲ ਦਿਖਾਇਆ। ਮੈਨੂੰ ਨਵੇਂ ਸਾਈਕਲ ਦਾ ਬਹੁਤ ਚਾਅ ਸੀ। ਕਈਆਂ ਨੂੰ ਤਾ ਦੋ ਵਾਰ ਵੀ ਦਿਖਾ ਦਿੱਤਾ ਸੀ। ਇਸ ਤਰ੍ਹਾਂ ਦਾ ਚਾਅ ਮੁੜ ਕੇ ਜਿੰਦਗੀ ਵਿਚ ਸ਼ਾਇਦ ਹੀ ਆਇਆ ਹੋਵੇ। ਮੈਨੂੰ ਸਾਇਕਲ ਚਲਾਉਂਦਾ ਦੇਖ ਕੇ ਮਾਂ ਬਹੁਤ ਖੁਸ਼ ਹੁੰਦੀ ਤੇ ਮਾਮੇ ਦਾ ਧੰਨਵਾਦ ਵੀ ਕਰਦੀ। ਹਰੇਕ ਤਿਉਹਾਰ ਦਾ ਮਾਂ ਨੂੰ ਬਹੁਤ ਚਾਅ ਹੁੰਦਾ। ਮਹੀਨੇ ਦਾ ਨਾਮ ਸੰਗਰਾਂਦ ਵਾਲੇ ਦਿਨ ਮਾਂ ਮੇਰੇ ਸੁੱਚੇ ਮੂੰਹ ਵਿਚੋਂ ਸੁਣਦੀ ਸੀ। ਕਈ ਵਾਰ ਮੈਂ ਜਾਣ-ਬੁੱਝ ਕੇ ਮਹੀਨੇ ਦਾ ਨਾਮ ਗਲਤ ਦੱਸ ਦਿੰਦਾ ਤਾ ਅੱਗਿਓਂ ਕਹਿੰਦੀ ਅੱਜ ਵਰ੍ਹੇ ਦਿਨਾਂ ਦਾ ਦਿਨ ਹੈ ਮੈਥੋਂਨ ਕੁੱਟ ਨਾ ਖਾ ਲਈਂ। ਫਿਰ ਮੈਂ ਡਰਦਾ ਸਹੀ ਮਹੀਨਾ ਦੱਸ ਦਿੰਦਾ। ਮਹੀਨੇ ਦਾ ਨਾਮ ਸੁਣ ਦੋਵੇਂ ਹੱਥ ਜੋੜ ਸਾਰੇ ਪਰਿਵਾਰ ਸਮੇਤ ਸਰਬੱਤ ਦਾ ਭਲਾ ਮੰਗਦੀ। ਮਾਂ ਮੈਨੂੰ ਉਦੋਂ ਬੜੀ ਪਿਆਰੀ ਲੱਗਦੀ ਜਦੋਂ ਮੁੱਖ 'ਚੋਂ ਮੇਰੀ ਲੰਮੀ ਉਮਰ ਦੀ ਅਰਦਾਸ ਕਰਦੀ। ਲੋਹੜੀ ਵਾਲੇ ਦਿਨ ਮਾਂ ਸਪੈਸਲ ਖੀਰ ਬਣਾ ਕੇ ਰੱਖਦੀ ਪਰ ਸਾਨੂੰ ਖਾਣ ਨਾ ਦਿੰਦੀ, ਕਹਿ ਦਿੰਦੀ ਸਵੇਰੇ ਜਿੰਨੀ ਮਰਜ਼ੀ ਖਾ ਲਓ, ਇਸ ਨੂੰ ਪੋਹ ਰਿਝੀ ਤੇ ਮਾਘ ਖਾਦੀ ਕਹਿਦੇ ਨੇ, ਮਾਂ ਦੀਆਂ ਬਹੁਤੀਆਂ ਗੱਲਾਂ ਤਾਂ ਹੁਣ ਸਮਝ ਆਈਆਂ ਨੇ। ਸੁਣਦੇ ਤਾਂ ਸੀ ਕਿ ਸਿਆਣੇ ਦਾ ਕਿਹਾ ਤੇ ਔਲੇ ਦਾ ਖਾਦਾ ਬਾਅਦ ਵਿਚ ਹੀ ਪਤਾ ਲੱਗਦਾ ਹੈ। ਮੇਰੇ ਬਚਪਨ ਵਿਚ ਬਹੁਤ ਵਾਰ ਇੰਜ ਵੀ ਹੋਇਆ ਕਿ ਮੈਂ ਮਾਂ ਦੀ ਕੁੱਟ ਤੋ ਤੰਗ ਆ ਕੇ ਖੁਦਕੁਸ਼ੀ ਕਰਨ ਲਈ ਮਾਂ ਨੂੰ ਕਈ ਵਾਰ ਡਰਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਚਾਲ ਵਿਚ ਮੈਂ ਹੀ ਹਾਰਦਾ ਸੀ, ਕਿਉਂਕਿ ਮਾਂ ਕਹਿ ਦਿੰਦੀ ਸੀ ਕਿ ਜਿਸ ਦਿਨ ਤੂੰ ਮਰਨਾ ਹੋਇਆ, ਮੈਨੂੰ ਦੱਸ ਦੇਵੀਂ, ਇਹ ਸੁਣ ਕੇ ਮੈਂ ਡਰ ਜਾਂਦਾ। ਇੱਕ ਵਾਰ ਕੀ ਹੋਇਆ ਕਿ ਮੈਂ ਬਿਜਲੀ ਦੀ ਤਾਰ ਦਾ ਸਿਰਾ ਸਿੱਲ ਕੇ ਆਪਣੇ ਕੜੇ ਨਾਲ ਲਪੇਟਿਆ ਤੇ ਦੂਜੇ ਸਿਰੇ ਨੂੰ ਪਲੰਗ ਵਿਚ ਲਾ ਕੇ ਖੁਦਕੁਸ਼ੀ ਕਰਨ ਲਈ ਮਾਂ ਨੂੰ ਡਰਾਉਣ ਲੱਗਾ ਤਾਂ ਮਾਂ ਕਹਿੰਦੀ, 'ਠਹਿਰ ਜਾ ਤੇਰਾ ਹੱਥ ਪਲੰਗ ਤੱਕ ਨਹੀਂ ਪਹੁੰਚਣਾ, ਮੈਂ ਆ ਕੇ ਲਾ ਦਿੰਦੀ ਹਾਂ। ਇਹ ਸੁਣ ਕੇ ਮੇਰੀ ਤਾ ਖੰਨਿਉ ਨਿਕਲ ਜਾਂਦੀ। ਜਦੋਂ ਮੈਂ ਬਾਹਰ ਜਾਣ ਦੇ ਚੱਕਰਾਂ ਵਿਚ ਪਿਆ ਕਦੇ ਮੁਹਾਲੀ, ਚੰਡੀਗੜ ਤੇ ਕਦੇ ਦਿੱਲੀ ਤੁਰਿਆ ਰਹਿੰਦਾ ਤਾਂ ਮਾਂ ਨੂੰ ਲੱਗਦਾ ਕਿ ਇਹਨੇ ਕਿਤੇ ਨਹੀਂ ਜਾਣਾ, ਬਸ ਆਵਾਰਾਗਰਦੀ ਕਰ ਕੇ ਆ ਜਾਂਦਾ ਹੈ। ਮੈਨੂੰ ਤੱਪਦੇ ਨੂੰ ਮਾਂ ਹੋਰ ਤਪਾ ਦਿੰਦੀ। ਇੱਕ ਸਾਲ ਤਾ ਮੈਂ ਇਟਲੀ ਜਾਣ ਵਾਸਤੇ ਏਜੰਟਾਂ ਮਗਰ ਰਿਹਾ, ਜਦੋਂ ਕੰਮ ਨਾ ਬਣਿਆ ਫਿਰ ਮੈਂ ਸ਼ਿੱਪ 'ਤੇ ਚੜ੍ਹਨ ਲਈ ਪਿੰਡ ਦੇ ਇੱਕ ਬੰਦੇ ਨਾਲ ਗੱਲ ਕੀਤੀ। ਪੂਰੇ ਇੱਕ ਸਾਲ ਬਾਅਦ ਸਾਨੂੰ ਏਜੰਟ ਨੇ ਮੁਹਾਲੀ ਬੁਲਾਇਆ, ਅਸੀਂ ਪੈਸੇ ਦੇ ਕੇ ਵਾਪਸ ਘਰ ਆ ਗਏ। ਉਸ ਦਿਨ ਮਾਂ ਗੁੱਸੇ ਵਿਚ ਮੈਨੂੰ ਬਹੁਤ ਬੋਲੀ, ਪਰ ਮੈਂ ਚੁੱਪ ਰਿਹਾ। ਮੇਰੀ ਚੰਗੀ ਕਿਸਮਤ ਉਸ ਸ਼ਾਮ ਹੀ ਏਜੰਟ ਦਾ ਫੋਨ ਆ ਗਿਆ ਕਿ ਤੁਸੀਂ ਮੁਹਾਲੀ ਆਓ, ਦਿੱਲੀ ਤੋਂ ਮਦਰਾਸ ਦੀਆਂ ਟਿਕਟਾਂ ਚੁੱਕੋ ਤੇ ਮਦਰਾਸ 'ਤੋਂ ਸ਼ਿੱਪ ਸਾਈਨ ਇਨ ਕਰ ਲਵੋ। ਮੇਰੀ ਤਾ ਪਹਿਲਾਂ ਹੀ ਫੁੱਲ ਤਿਆਰੀ ਸੀ, ਪਰ ਜਦੋਂ ਮਾਂ ਨੂੰ ਪਤਾ ਲੱਗਾ, ਲੱਗ ਗਈ ਪੁੱਤ ਪੁੱਤ ਕਰਨ , ਜਦੋਂ ਫਿਰ ਮੈਂ ਗਰੀਬੀ ਦਾ ਸੰਗਲ ਗਲੋ ਲਾਹੁਣ ਲਈ ਦਹਿਲੀਜ਼ ਤੋ ਬਾਹਰ ਪੈਰ ਪੁੱਟਣ ਲੱਗਿਆ ਤਾ ਮਾਂ ਨੇ ਦੋਵੇਂ ਬਾਹਾਂ ਖਿਲਾਰ ਕੇ ਮੈਨੂੰ ਬੁੱਕਲ ਵਿਚ ਲੈਣਾ ਚਾਹਿਆ ਪਰ ਮੈਂ ਕਿਹਾ ਕਿ ਮੈਨੂੰ ਜਾ ਲੈਣ ਦੇ, ਤੂੰ ਮੈਨੂੰ ਬਹੁਤ ਤੰਗ ਕਰਦੀ ਸੀ। ਮਾਂ ਦੀਆਂ ਬਾਹਾਂ ਖੁੱਲੀਆਂ ਹੀ ਰਹਿ ਗਈਆਂ, ਜੋ ਫਿਰ ਕਦੇ ਮੈਨੂੰ ਨਸੀਬ ਨਾ ਹੋਈਆਂ। ਮੈਂ ਰੋਂਦੀ ਨੂੰ ਛੱਡ ਤੁਰ ਪਿਆ। ਮੈਂ ਜ਼ਿੰਦਗੀ ਦੇ ਸੰਘਰਸ਼ ਵਿਚ ਕੁੱਦ ਪਿਆ ਤੇ ਮਾਂ ਨੇ ਅਰਦਾਸਾਂ ਸ਼ੁਰੂ ਕਰ ਦਿੱਤੀਆਂ। ਮੈਂ ਅਮਰੀਕਾ ਪਹੁੰਚ ਗਿਆ। ਇੱਥੇ ਆ ਕੇ ਹੋਰਾਂ ਵਾਂਗ ਸੰਘਰਸ਼ ਕੀਤਾ। ਪੇਪਰਾਂ ਦੀ ਲੜਾਈ ਲੜੀ, ਮਾਂ ਨੂੰ ਸਾਰੀਆਂ ਸੁੱਖ-ਸਹੂਲਤਾਂ ਦਿਖਾਈਆਂ। ਮਾਂ ਲੰਮਾ ਸਮਾਂ ਬੀਮਾਰ ਰਹੀ, ਚੰਗੇ ਡਾਕਟਰਾਂ ਕੋਲੋਂ ਤੇ ਵਧੀਆ ਹਸਪਤਾਲ ਵਿਚ ਮਾਂ ਨੂੰ ਇਲਾਜ ਲਈ ਰੱਖਿਆ, ਪਰ ਮੇਰੀ ਮਾੜੀ ਕਿਸਮਤ ਮੈਨੂੰ ਮਾਂ ਦੀਆਂ ਖੁੱਲ੍ਹੀਆਂ ਬਾਹਾਂ ਨਸੀਬ ਨਾ ਹੋਈਆਂ। ਜਦੋਂ ਗਿਆ ਤਾ ਮਾਂ ਦੀ ਫੋਟੋ ਕੰਧ ਨਾਲ ਟੰਗੀ ਮਿਲੀ, ਮੇਰੇ ਵਾਂਗ ਕੋਈ ਵੀ ਮਾਂ ਤੋਂ ਵਿਛੜੇ ਨਾ, ਸਭ ਦੀਆਂ ਮਾਂਵਾਂ ਸਲਾਮਤ ਰਹਿਣ, ਬੱਸ ਮਾਂ ਨੂੰ ਯਾਦ ਕਰਦਿਆਂ ਤੁਹਾਡੇ ਨਾਲ ਦਿਲ ਹੋਲਾ ਕਰ ਲਿਆ। ਰੱਬ ਰਾਖਾ।



## ਸਾਹਿਤ ਅਕੈਡਮੀ ਬਨਾਮ ਉਡੀਕ ਘਰ

# (ਹਰਿਆਣੇ ਦੇ ਪੰਜਾਬੀ ਲੇਖਕਾਂ ਦੀ ਦਾਸਤਾਨ)

ਆਮ ਹੀ ਕਹਾਵਤ ਹੈ ਕਿ 'ਰੱਬ ਦੇ ਘਰ ਦੇਰ ਹੈ ਹਨੇਰ ਨਹੀਂ'

ਪਰ! ਬਦਕਿਸਮਤੀ ਇਹ ਹੈ ਕਿ ਹਰਿਆਣੇ ਦੇ ਪੰਜਾਬੀ ਲੇਖਕਾਂ ਦੇ ਸੰਦਰਭ ਵਿਚ ਇਹ ਕਹਾਵਤ ਸਾਰਥਕ ਹੁੰਦੀ ਨਹੀਂ ਜਾਪਦੀ। ਹਰਿਆਣੇ ਵਰਗੇ ਹਿੰਦੀ ਸੂਬੇ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਕਿਸੇ ਵੇਲੇ 'ਹਰਿਆਣਾ ਪੰਜਾਬੀ ਸਾਹਿਤ ਅਕੈਡਮੀ' ਦੀ ਸਿਰਜਣਾ ਕੀਤੀ ਗਈ ਸੀ। ਇਸ ਅਕੈਡਮੀ ਲਈ ਹਰਿਆਣਾ ਸਰਕਾਰ ਵੱਲੋਂ ਬਕਾਇਦਾ ਫੰਡ (ਪੈਸਾ) ਜਾਰੀ ਕੀਤਾ ਜਾਂਦਾ ਸੀ। ਸਟਾਫ਼ ਦੀ ਭਰਤੀ ਕੀਤੀ ਗਈ ਸੀ ਅਤੇ ਡਿਪਟੀ ਡਾਇਰੈਕਟਰ ਅਤੇ ਚੇਅਰਮੈਨ ਨਿਯੁਕਤ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਪੰਜਾਬੀ ਮਾਸਿਕ



**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 90414-98009**

ਸਾਹਿਤਕ ਰਸਾਲਾ 'ਸ਼ਬਦ ਬੂੰਦ' ਵੀ ਪ੍ਰਕਾਸ਼ਤ ਕੀਤਾ ਜਾਂਦਾ ਸੀ। ਜਿਸ ਵਿਚ ਹਰਿਆਣੇ ਦੇ ਪੰਜਾਬੀ ਲੇਖਕਾਂ ਅਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਵਿਦਿਆਰਥੀਆਂ ਤੇ ਖੋਜਾਰਥੀਆਂ ਦੇ ਲੇਖ ਪ੍ਰਕਾਸ਼ਤ ਹੁੰਦੇ ਸਨ।

ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਹਰ ਸਾਲ ਇਨਾਮਾਂ ਦਾ ਐਲਾਨ ਵੀ ਕੀਤਾ ਜਾਂਦਾ ਸੀ। ਇਸ ਲਈ ਲੇਖਕਾਂ ਤੋਂ ਉਨ੍ਹਾਂ ਦੀਆਂ ਪ੍ਰਕਾਸ਼ਤ ਹੋਈਆਂ ਪੰਜਾਬੀ ਪੁਸਤਕਾਂ ਦੀ ਮੰਗ ਕੀਤੀ ਜਾਂਦੀ ਸੀ। ਫੇਰ ਇਨ੍ਹਾਂ ਪੁਸਤਕਾਂ ਦੇ ਆਧਾਰ 'ਤੇ ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਇਨਾਮਾਂ ਦਾ ਐਲਾਨ ਕੀਤਾ ਜਾਂਦਾ ਸੀ। ਹਰਿਆਣੇ ਦੇ ਪੰਜਾਬੀ ਸਾਹਿਤ ਵਿਚ ਨਿਰੰਤਰ ਕੰਮ ਕਰਨ ਵਾਲੇ ਲੇਖਕਾਂ ਨੂੰ ਵੱਡੇ ਅਵਾਰਡ ਵੀ ਦਿੱਤੇ ਜਾਂਦੇ ਸਨ। ਪਰ! ਹੁਣ ਇਹ ਸਭ ਬੀਤੇ ਵੇਲੇ ਦੀਆਂ ਬਾਤਾਂ ਹੋ ਗਈਆਂ ਹਨ। ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਨੂੰ 'ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕੈਡਮੀ' ਵਿਚ ਮਰਜ਼ ਕਰ ਦਿੱਤਾ ਗਿਆ ਹੈ। ਹੁਣ ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕੈਡਮੀ ਦੇ ਅੰਦਰ ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਉਰਦੂ ਭਾਸ਼ਾਵਾਂ ਦੇ (ਵੱਖ- ਵੱਖ ਵਿਭਾਗ) ਬਣਾ ਦਿੱਤੇ ਗਏ ਹਨ। ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਦਾ ਸਟਾਫ਼ ਵੀ ਇਨ੍ਹਾਂ ਵਿਭਾਗਾਂ ਵਿਚ ਵੰਡ ਦਿੱਤਾ ਗਿਆ ਹੈ। ਪੰਜਾਬੀ ਵਿਭਾਗ ਲਈ ਖ਼ੌਰੇ! ਦੋ ਸਟਾਫ਼ ਮੈਂਬਰ ਹੀ ਰਹਿ ਗਏ ਹਨ।

ਹਰ ਮਹੀਨੇ ਪ੍ਰਕਾਸ਼ਤ ਹੋਣ ਵਾਲਾ ਪੰਜਾਬੀ ਸਾਹਿਤਕ ਰਸਾਲਾ 'ਸ਼ਬਦ ਬੂੰਦ' ਹੁਣ ਤਿਮਾਹੀ (ਤਿੰਨ ਮਹੀਨਿਆਂ) ਬਾਅਦ ਪ੍ਰਕਾਸ਼ਤ ਕੀਤਾ ਜਾਣ ਲੱਗਾ ਹੈ। ਉਹ ਵੀ ਸਮੇਂ ਸਿਰ ਪਾਠਕਾਂ ਤੀਕ ਨਹੀਂ ਪਹੁੰਚ ਪਾਉਂਦਾ। ਇਸ ਲਈ ਪਾਠਕਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ ਕਿਉਂਕਿ ਤਿੰਨ ਮਹੀਨੇ ਬਾਅਦ ਵੀ ਜਦੋਂ ਪੰਜਾਬੀ ਰਸਾਲਾ ਨਹੀਂ ਮਿਲਦਾ ਤਾਂ ਪਾਠਕਾਂ ਦਾ ਰੁਝਾਨ ਘਟ ਹੀ ਜਾਂਦਾ ਹੈ। ਖ਼ੈਰ, ਹਰਿਆਣਾ ਸਰਕਾਰ ਨੇ ਜੁਲਾਈ- 2024 ਵਿਚ ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਇਨਾਮਾਂ ਦਾ ਐਲਾਨ ਕੀਤਾ ਸੀ। ਕਾਬਿਲੇ ਗ਼ੌਰ ਹੈ ਕਿ ਇਹ ਇਨਾਮ ਸਾਲ- 2017 ਤੋਂ ਲੈ ਕੇ ਸਾਲ- 2022 ਤਕ ਦੇ ਐਲਾਨ ਕੀਤੇ ਗਏ ਸਨ। ਭਾਵ ਸੱਤ ਸਾਲ ਦੇ ਲੰਮੇ ਇੰਤਜ਼ਾਰ ਦੇ ਬਾਅਦ ਇਹ ਇਨਾਮ ਐਲਾਨੇ ਗਏ ਸਨ। ਪਰ! ਬਦਕਿਸਮਤੀ ਇਹ ਹੈ ਕਿ ਇਨ੍ਹਾਂ ਇਨਾਮਾਂ ਦੇ ਐਲਾਨ ਨੂੰ ਵੀ ਹੁਣ ਡੇਢ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਹੁਣ (ਜਨਵਰੀ- 2026) ਵਿਚ ਇਹ ਲੇਖ ਲਿਖੇ ਜਾਣ ਤਕ (ਸਾਲ-2017) ਵਾਲੇ ਇਨਾਮ ਪੰਜਾਬੀ ਲੇਖਕਾਂ ਨੂੰ ਨਹੀਂ ਦਿੱਤੇ ਗਏ। ਹਾਲਾਂਕਿ ਇਨ੍ਹਾਂ ਇਨਾਮਾਂ ਦੀ ਰਾਸ਼ੀ (ਪੈਸਾ) ਮਾਰਚ- 2025 ਵਿਚ ਪੰਜਾਬੀ ਲੇਖਕਾਂ ਦੇ ਬੈਂਕ ਖ਼ਾਤਿਆਂ ਵਿਚ ਪਾ ਦਿੱਤੀ ਗਈ ਸੀ। ਪਰ! ਇਨਾਮ ਨਹੀਂ ਵੰਡੇ ਗਏ। ਇੱਥੇ ਖ਼ਾਸ ਗੱਲ ਇਹ ਵੀ ਹੈ ਕਿ ਜਿਨ੍ਹਾਂ ਲੇਖਕਾਂ ਨੂੰ ਸਾਹਿਤ ਅਕੈਡਮੀ ਵੱਲੋਂ ਇਨਾਮ ਮਿਲ ਜਾਂਦਾ ਹੈ ਉਨ੍ਹਾਂ ਨੂੰ ਹਰਿਆਣਾ ਰੋਡਵੇਜ਼ ਦੀਆਂ ਸਰਕਾਰੀ ਬੱਸਾਂ ਵਿਚ ਮੁਫ਼ਤ ਯਾਤਰਾ ਲਈ ਬੱਸ ਪਾਸ ਮਿਲ ਜਾਂਦਾ ਹੈ। ਪਰ! ਇਨ੍ਹਾਂ ਇਨਾਮਾਂ ਦੇ ਨਾ ਮਿਲਣ ਕਰਕੇ ਪੰਜਾਬੀ ਲੇਖਕਾਂ ਨੂੰ ਇਹ ਸਹੂਲਤ ਵੀ ਪ੍ਰਦਾਨ ਨਹੀਂ ਕੀਤੀ ਗਈ। ਹੁਣ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਹੜੇ ਲੇਖਕ ਨੂੰ ਸਾਲ- 2017 ਦਾ ਇਨਾਮ ਐਲਾਨ ਹੋਇਆ ਹੈ, ਉਸਨੂੰ ਸਾਲ- 2026 ਤਕ ਨਾ ਤਾਂ ਇਨਾਮ ਮਿਲਿਆ ਹੈ ਅਤੇ ਨਾ ਹੀ ਮੁਫ਼ਤ ਬੱਸ ਪਾਸ ਦੀ ਸਹੂਲਤ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹਰਿਆਣੇ ਅੰਦਰ ਪੰਜਾਬੀ ਜ਼ਬਾਨ ਪ੍ਰਤੀ ਵਕਤ ਦੀਆਂ ਸਰਕਾਰਾਂ ਅਤੇ ਅਹੁਦੇਦਾਰ ਕਿੰਨੇ ਕੁ ਸੰਜੀਦਾ ਹਨ?

ਇੱਥੇ ਖ਼ਾਸ ਅਤੇ ਨਮੋਸ਼ੀ ਭਰੀ ਗੱਲ ਇਹ ਹੈ ਕਿ ਇਨ੍ਹਾਂ ਇਨਾਮਾਂ ਨੂੰ ਉਡੀਕਦਿਆਂ ਕਈ ਬਜ਼ੁਰਗ ਲੇਖਕ ਤਾਂ ਰੱਬ ਨੂੰ ਪਿਆਰੇ ਵੀ ਹੋ ਗਏ ਹਨ। ਪਰ! ਸਮੇਂ ਦੀਆਂ ਸਰਕਾਰਾਂ ਅਤੇ ਉੱਚੇ ਅਹੁਦੇ 'ਤੇ ਬੈਠੇ ਅਹੁਦੇਦਾਰਾਂ ਦੇ ਕੰਨਾਂ 'ਤੇ ਜੂੰ ਤਕ ਨਹੀਂ ਸਰਕੀ। ਇਸ ਸਥਿਤੀ ਵਿਚ ਪੰਜਾਬੀ ਜ਼ਬਾਨ ਦਾ ਪ੍ਰਚਾਰ-ਪ੍ਰਸਾਰ ਕਿੰਞ ਹੋ ਸਕਦਾ ਹੈ? ਇਹ ਵਿਚਾਰਨ ਵਾਲੀ ਗੱਲ ਹੈ। ਜਦੋਂ ਵੋਟਾਂ ਨੇੜੇ ਆਉਂਦੀਆਂ ਹਨ ਤਾਂ ਉਦੋਂ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀ ਹਿਤੈਸ਼ੀ ਹੋਣ ਦਾ ਡਰਾਮਾ ਸ਼ੁਰੂ ਕਰ ਦਿੰਦੀਆਂ ਹਨ। ਪਰ! ਵੋਟਾਂ ਤੋਂ ਬਾਅਦ ਪੰਜਾਬੀ ਜ਼ਬਾਨ ਦਾ ਮੁੱਦਾ ਫੇਰ ਪੰਜ ਸਾਲਾਂ ਲਈ ਠੰਢੇ ਬਸਤੇ ਵਿਚ ਸੁੱਟ ਦਿੱਤਾ ਜਾਂਦਾ ਹੈ। ਪਿਛਲੇ ਦਸ-ਪੰਦਰਾਂ ਸਾਲਾਂ ਤੋਂ ਇੰਞ ਦਾ ਵਰਤਾਰਾ ਹੀ ਦੇਖਣ ਨੂੰ ਮਿਲ ਰਿਹਾ ਹੈ।

ਹਰਿਆਣੇ ਦੇ ਪੰਜਾਬੀ ਲੇਖਕ ਸਮੇਂ-ਸਮੇਂ 'ਤੇ ਆਵਾਜ਼ ਉਠਾਉਂਦੇ ਰਹਿੰਦੇ ਹਨ। ਪਰ! ਅਜੇ ਤਕ ਇਹ ਮੁੱਦਾ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਇਸ ਬਾਰੇ ਨਾ ਤਾਂ ਸਰਕਾਰ ਦਾ ਕੋਈ ਨੁਮਾਇੰਦਾ ਖੁੱਲ੍ਹ ਕੇ ਬੋਲਦਾ ਹੈ ਅਤੇ ਨਾ ਹੀ ਸਾਹਿਤ ਅਕੈਡਮੀ ਦਾ। ਲੇਖਕਾਂ ਵਿਚ ਸਮਾਂ ਬਤੀਤ ਹੋਣ ਦੇ ਨਾਲ-ਨਾਲ ਬੇਚੈਨੀ ਅਤੇ ਨਮੋਸ਼ੀ ਦਾ ਆਲਮ ਵਧਦਾ ਜਾ ਰਿਹਾ ਹੈ। ਉਹ (ਲੇਖਕ) ਇਨਾਮਾਂ ਦੇ ਐਲਾਨ ਤੋਂ ਲੈ ਕੇ ਹੁਣ ਤਕ ਸਬਰ ਦਾ ਘੁੱਟ ਭਰ ਕੇ ਬੈਠੇ ਰਹੇ ਹਨ। ਪਰ! ਹੁਣ ਡੇਢ ਸਾਲ ਦਾ ਲੰਮਾ ਸਮਾਂ ਵੀ ਬਤੀਤ ਹੋ ਗਿਆ ਹੈ ਪਰ! ਸਰਕਾਰ ਇਨਾਮ ਵੰਡਣ ਲਈ ਸਮਾਂ ਹੀ ਨਹੀਂ ਦੇ ਪਾ ਰਹੀ ਅਤੇ ਸਾਹਿਤ ਅਕੈਡਮੀ ਕੋਈ ਸਮਾਂ ਸੀਮਾ ਨਿਰਧਾਰਤ ਨਹੀਂ ਕਰ ਰਹੀ ਕਿ ਇਸ ਸਮੇਂ ਦੇ ਅੰਦਰ ਇਨਾਮ ਵੰਡ ਦਿੱਤੇ ਜਾਣਗੇ ਤਾਂ ਕਿ ਲੇਖਕਾਂ ਨੂੰ ਕੁਝ ਤਸੱਲੀ ਅਤੇ ਹੌਸਲਾ ਹੋ ਸਕੇ।

ਹਰਿਆਣੇ ਦੇ ਪੰਜਾਬੀ ਲੇਖਕ ਅਜੇ ਵੀ ਇਸ ਉਮੀਦ ਵਿਚ ਸਾਹਿਤ ਸਿਰਜਣਾ ਦੇ ਖ਼ੇਤਰ ਵਿਚ ਤਨਦੇਹੀ ਨਾਲ ਕਾਰਜ ਕਰ ਰਹੇ ਹਨ ਕਿ ਕਦੇ ਤਾਂ ਉਨ੍ਹਾਂ ਦੀ ਮਿਹਨਤ ਦਾ ਮੁੱਲ ਸਰਕਾਰਾਂ ਪਾਉਣਗੀਆਂ। ਪਰ ਕਦੋਂ? ਇਹ ਅਜੇ ਭਵਿੱਖ ਦੀ ਕੁੱਖ਼ ਵਿਚ ਹੈ।

ਜਿਉਂਦੇ-ਵੱਸਦੇ ਰਹੋ ਸਾਰੇ।

# ਕੁਝ ਪਲ ਲੇਖਿਕਾ ਰਣਜੀਤ ਪਵਾਰ ਨਾਲ

ਰਣਜੀਤ ਪਵਾਰ ਅੰਗਰੇਜ਼ੀ ਦੀਆਂ ਚਾਰ ਕਿਤਾਬਾਂ ਦੇ ਰਚੇਤਾ ਹਨ- Dusk Over the Mustard Fields, Living A Good Life, Women in Maharaja Ranjit Singh's Life and Legends and Folktales of Punjab ਪਿਛਲੀਆਂ ਦੋ ਪ੍ਰਕਾਸ਼ਨ ਵਿਚ ਹਨ। ਉਨ੍ਹਾਂ ਦੇ ਲੇਖ ਕੌਮੀ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਹਨ। ਉਨ੍ਹਾਂ ਕਈ ਖੇਤਰਾਂ ਵਿਚ ਯੋਗਦਾਨ ਪਾਇਆ ਹੈ। ਉਨ੍ਹਾਂ ਆਪਣਾ ਪੇਸ਼ਾਵਰ ਸਫ਼ਰ ਬਤੌਰ ਮਨੋਵਿਗਿਆਨਕ ਲੈਕਚਰਾਰ ਵਜੋਂ ਸ਼ੁਰੂ ਕੀਤਾ ਸੀ। ਉਸ ਤੋਂ ਬਾਅਦ ਪੰਜਾਬ ਸਰਕਾਰ ਵਿਚ ਉੱਚ ਅਹੁਦੇ 'ਤੇ ਰਹੇ। ਸੇਵਾ-ਮੁਕਤ ਹੋਣ ਉਪਰੰਤ ਮਨੋਵਿਗਿਆਨਕ ਕਾਊਂਸਲਿੰਗ ਅਤੇ ਪੌਡਕਾਸਟਿੰਗ ਕਰਦੇ ਹਨ। ਵਾਤਾਵਰਣ, ਸਮਾਜੀ ਨਿਆਂ ਤੇ ਪੇਂਡੂ ਸਿੱਖਿਆ ਦੇ ਉਪਰਾਲਿਆਂ ਨਾਲ ਵੀ ਜੁੜੇ ਹੋਏ ਹਨ।



**ਕੁਲਦੀਪ ਧਨੌਲਾ**
**ਫੋਨ: 94642-91023**

'ਰੈਣ ਭਈ ਚਹੁੰ ਦੇਸ' 1947 ਵਿਚ ਸਾਂਝੇ ਪੰਜਾਬ ਦੇ ਉਜਾੜੇ ਤੋਂ ਪਹਿਲੇ ਪੇਂਡੂ ਲੋਕ ਜੀਵਨ ਤੇ ਸਭਿਆਚਾਰਕ ਨੂੰ ਦਰਸਾਉਂਦੀ ਤੇ ਮੁਲਕ ਦੀ ਤਕਸੀਮ ਦੌਰਾਨ ਵਾਪਰੀਆਂ ਅਸਲ ਘਟਨਾਵਾਂ ਤੋਂ ਪ੍ਰੇਰਿਤ ਕਹਾਣੀ ਹੈ। ਜ਼ੈਲਦਾਰ ਕੇਹਰ ਸਿੰਘ ਦੀ ਧੀ ਨਿੰਮੋਂ ਦੀ ਨਿੱਜੀ ਕਹਾਣੀ ਨੂੰ ਲੇਖਿਕਾ ਨੇ ਦੇਸ਼ ਵੰਡ ਦੇ ਦਰਦਨਾਕ ਦੌਰ ਨਾਲ ਪਰੋਇਆ ਹੈ।

ਨਿੰਮੋਂ ਦਾ ਵਿਆਹ ਫ਼ੌਜੀ ਅਫ਼ਸਰ ਹੁਕਮ ਸਿੰਘ ਨਾਲ ਕਰ ਦਿੱਤਾ ਜਾਂਦਾ ਹੈ, ਪਰ ਇਹ ਪੇਂਡੂ ਕੁੜੀ ਉਸ ਦੇ ਫ਼ੌਜੀ (ਅੰਗਰੇਜ਼ੀ) ਸਾਹਬੀ ਠਾਠ-ਬਾਠ ਨਾਲ ਮੇਲ ਨਹੀਂ ਖਾਂਦੀ। ਇਕ ਛੋਟੇ ਜਿਹੇ ਪੰਜਾਬੀ ਪਿੰਡ ਦੀ ਸੁਰੱਖਿਅਤ ਜ਼ਿੰਦਗੀ ਤੋਂ ਅਚਾਨਕ ਫ਼ੌਜੀ ਵਰਗ ਦੇ ਚਮਕਦਾਰ ਜਗਤ ਵਿਚ ਦਾਖਲ ਹੋਣ ਦੇ ਨਾਲ ਨਿੰਮੋਂ 'ਮੇਮ ਸਾਹਿਬ' ਬਣਨ ਦੇ ਸੰਘਰਸ਼ ਨਾਲ ਜੂਝਦੀ ਹੈ। ਪਿਤ੍ਰਸੱਤਾ ਦੀ ਹਾਵੀ ਸਮਾਜਿਕ ਪ੍ਰਣਾਲੀ ਵਿਚ ਔਰਤਾਂ ਆਪਣੀ ਹੋਂਦ ਬਰਕਰਾਰ ਰੱਖਣ ਲਈ ਕਿਹੜੇ ਨੈਤਿਕ ਮਾਪਦੰਡ ਰੱਖਣ? ਨਿੰਮੋਂ ਦੀ ਸ਼ਖ਼ਸੀ ਕਹਾਣੀ ਦੇ ਨਾਲ-ਨਾਲ ਇਹ ਬਿਰਤਾਂਤ ਬਰਤਾਨਵੀ ਹਿੰਦੁਸਤਾਨੀ ਫ਼ੌਜ, ਉਸ ਦੇ ਰੀਤੀ-ਰਿਵਾਜ, ਹਿੰਦੁਸਤਾਨੀ ਅਫ਼ਸਰ ਤੇ ਲੋਕਾਂ ਵੱਲ ਅੰਗਰੇਜ਼ਾਂ ਦਾ ਰੰਗ ਭੇਦ ਤੇ ਜ਼ਿਆਦਤੀ ਦੀ ਝਾਕੀ ਵੀ ਵਿਖਾਉਂਦਾ ਹੈ। ਪੇਸ਼ ਹਨ ਉਨ੍ਹਾਂ ਨਾਲ ਹੋਈ ਮੁਲਾਕਾਤ ਦੇ ਕੁਝ ਅੰਸ਼:-

ਤੁਹਾਡਾ ਜਨਮ ਕਿੱਥੇ ਹੋਇਆ?

-ਮੇਰਾ ਜਨਮ ਪਿਤਾ ਕਰਨਲ ਦਲਜੀਤ ਸਿੰਘ, ਮਾਤਾ ਸ੍ਰੀਮਤੀ ਹਰਸ਼ਰਨ ਕੌਰ ਦੇ ਘਰ ਦਿੱਲੀ ਵਿਖੇ ਹੋਇਆ। ਅਸੀਂ ਚਾਰ ਭੈਣ-ਭਰਾ ਹਾਂ। ਦੋ ਭੈਣਾਂ ਵੱਡੀਆਂ ਅਤੇ ਭਰਾ ਛੋਟਾ ਤੇ ਮੈਂ ਤੀਜੇ ਨੰਬਰ ਉੱਤੇ ਸੀ।

ਦਾਦਕੇ-ਨਾਨਕਿਆਂ ਵਿਚੋਂ ਕਿਸ ਦਾ ਸਾਹਿਤ ਵੱਲ ਝੁਕਾਓ ਸੀ?

-ਮੇਰੇ ਦਾਦਾ ਸ. ਹਜ਼ਾਰਾ ਸਿੰਘ ਬਰਮਾ ਵਿਚ ਇੰਜੀਨੀਅਰ ਸਨ ਤੇ ਉਨ੍ਹਾਂ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ, ਉਨ੍ਹਾਂ ਤੋਂ ਮੇਰੇ ਪਿਤਾ ਜੀ ਨੂੰ ਪੜ੍ਹਨ ਦਾ ਸ਼ੌਕ ਪਿਆ, ਜਿਸ ਕਾਰਨ ਘਰ ਵਿਚ ਕਿਤਾਬਾਂ, ਮੈਗਜ਼ੀਨਾਂ ਵੱਡੀ ਤਾਦਾਦ ਵਿਚ ਪਈਆਂ ਰਹਿੰਦੀਆਂ ਸਨ। ਜਦੋਂ ਮੇਰੀ ਸੁਰਤ ਸੰਭਲੀ, ਤਾਂ ਮੈਂ ਆਪਣੇ ਪਿਤਾ ਜੀ ਨੂੰ ਕਿਤਾਬਾਂ ਵਿਚ ਘਿਰੇ ਹੀ ਵੇਖਿਆ। ਉਨ੍ਹਾਂ ਵੱਲੋਂ ਦਿੱਤੀ ਗਈ ਸਿੱਖਿਆ ਨੇ ਮੇਰਾ ਸਾਹਿਤ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਜੋੜ ਦਿੱਤਾ। ਦੂਜੇ ਪਾਸੇ ਮਾਤਾ ਜੀ ਦਾ ਵੀ ਧਾਰਮਿਕ ਕਿਤਾਬਾਂ-ਪੜ੍ਹਨ ਵੱਲ ਝੁਕਾਅ ਸੀ। ਮਾਪਿਆਂ ਦੇ ਰੁਝਾਨ ਦਾ ਅਸਰ ਬੱਚਿਆਂ ਉੱਤੇ ਜ਼ਰੂਰ ਪੈਂਦਾ ਹੈ। ਸੋ ਇਸ ਕਰਕੇ ਮੇਰਾ ਬਚਪਨ ਵਿਚ ਵਾਹ-ਵਾਸਤਾ ਗੁੱਡੀਆਂ, ਪਟੋਲਿਆਂ ਦੀ ਥਾਂ ਕਿਤਾਬਾਂ ਨਾਲ ਵਧੇਰੇ ਪਿਆ ਹੋਣ ਕਾਰਨ ਮੇਰੀ ਰੁਚੀ ਪੜ੍ਹਨ-ਲਿਖਣ ਵੱਲ ਹੋ ਗਈ। ਮੈਂ ਤੀਜੀ ਕਲਾਸ ਵਿਚ ਪੜ੍ਹਦੀ ਨੇ ਸਕੂਲ ਦੀ ਪੱਤ੍ਰਿਕਾ ਲਈ ਛੋਟੀਆਂ-ਛੋਟੀਆਂ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਜਦੋਂ ਬਾਲਪਣ ਵਿਚ ਮੈਂ ਆਪਣੀਆਂ ਕਵਿਤਾਵਾਂ ਇਕ ਮੈਗਜ਼ੀਨ ਨੂੰ ਭੇਜੀਆਂ ਤਾਂ ਐਡੀਟਰ ਸਾਹਿਬਾਨ ਵੱਲੋਂ ਮੈਨੂੰ ਇਕ ਚਿੱਠੀ ਭੇਜੀ ਗਈ ਕਿ ਬੇਟਾ ਇਸ ਵਿਚ ਛੋਟੇ ਬੱਚਿਆਂ ਦੀਆਂ ਰਚਨਾਵਾਂ ਨਹੀਂ ਛਪਦੀਆਂ, ਭਾਵੇਂ ਉਨ੍ਹਾਂ ਇਹ ਚਿੱਠੀ ਰਚਨਾਵਾਂ ਨਾ ਛਾਪਣ ਬਾਰੇ ਲਿਖੀ ਸੀ ਪਰ ਇਸ ਚਿੱਠੀ ਨੇ ਮੇਰਾ ਹੌਸਲਾ ਹੋਰ ਵਧਾਇਆ।

'ਰੈਣ ਭਈ ਚਹੁੰ ਦੇਸ' (Dusk Over the Mustard Fields) ਕਿਵੇਂ ਹੋਂਦ ਵਿਚ ਆਈ?

-ਮੇਰੇ ਨਾਨਕਿਆਂ ਦਾ ਘਰ ਸਾਨ੍ਹੇਵਾਲ (ਲੁਧਿਆਣਾ) ਵਿਚ ਇਕ ਥੇਹ ਉੱਤੇ ਸਥਿਤ ਸੀ। ਬਚਪਨ ਵਿਚ ਮਿੱਟੀ ਵਿਚ ਖੇਡਦੇ ਹੋਏ ਸਾਨੂੰ ਕਈ ਵਾਰ ਸਿੱਕੇ ਅਤੇ ਪੁਰਾਣੀਆਂ ਚੀਜ਼ਾਂ ਮਿਲ ਜਾਂਦੀਆਂ ਸਨ, ਜੋ ਸਾਡੇ (ਉਸ ਸਮੇਂ ਬੱਚਿਆਂ ਵਿਚ) ਲਈ ਰਹੱਸ ਸੀ। ਇਸ ਸਥਾਨ ਉੱਤੇ ਬਣੇ ਰਾਣੀ ਦੇ ਮਹਿਲ ਨੂੰ ਅੰਗਰੇਜ਼ ਹਕੂਮਤ ਨੇ ਢਾਹ ਦਿੱਤਾ ਸੀ। ਇਥੇ ਬੈਠ ਕੇ ਅਸੀਂ ਆਪਣੀ ਨਾਨੀ ਜੀ ਤੋਂ 1947 ਦੀ ਵੰਡ ਦੀਆਂ ਕਹਾਣੀਆਂ ਸੁਣਦੇ ਸੀ। ਬੇਬੇ ਜੀ ਦੱਸਦੇ ਕਿ ਉਨ੍ਹਾਂ ਦੀ ਸਹੇਲੀ ਸਕੀਨਾ ਦੀ ਜਵਾਨ ਕੁੜੀ ਨੂੰ ਨਾਲ ਦੇ ਪਿੰਡ ਦੇ ਕਿਸੇ ਬਦਮਾਸ਼ ਨੇ ਚੁੱਕ ਕੇ ਲੁਕੋ ਲਿਆ। ਉਹ ਧੀ ਲਈ ਮੱਛੀ ਵਾਂਗ ਤੜਫ਼ਦੀ ਵੰਡ ਦੌਰਾਨ ਪਾਕਿਸਤਾਨ ਚਲੀ ਜਾਂਦੀ ਹੈ ਪਰ ਆਪਣੀ ਧੀ ਨੂੰ ਲੱਭਣ ਲਈ ਉਹ ਸਾਨ੍ਹੇਵਾਲ ਗੇੜੇ 'ਤੇ ਗੇੜਾ ਮਾਰਦੀ ਰਹੀ। ਅੰਤ ਜਦੋਂ ਮਾਂ-ਧੀ ਦਾ ਮੇਲ ਹੁੰਦਾ ਹੈ ਤਾਂ ਉਦੋਂ ਤਕ ਉਹ ਇਕ ਨੂੰਹ ਅਤੇ ਦੋ ਬੱਚਿਆਂ ਦੀ ਮਾਂ ਬਣ ਗਈ ਸੀ। ਜਦੋਂ ਮਾਂ ਉਸ ਨੂੰ ਪਾਕਿਸਤਾਨ ਲਿਜਾਣਾ ਚਾਹੁੰਦੀ ਹੈ ਤਾਂ ਉਹ ਆਖਦੀ ਹੈ, "ਅੰਮਾ, ਮੈਂ ਆਪਣੇ ਬੱਚਿਆਂ ਨੂੰ ਓਹੀ ਦਰਦ ਕਿਵੇਂ ਦੇ ਸਕਦੀ ਹਾਂ, ਜੋ ਮੈਂ ਆਪਣੀ ਮਾਂ ਤੋਂ ਵੱਖ ਹੋਣ ਵੇਲੇ ਝੱਲਿਆ ਸੀ।"

ਇਹੋ ਜਿਹੇ ਕਈ ਕਿੱਸੇ ਮੈਂ ਬੇਬੇ ਜੀ ਤੋਂ ਸੁਣੇ। ਸਾਨ੍ਹੇਵਾਲ ਵਿਚ ਪੰਜਾਬੀ ਪੇਂਡੂ ਸੱਭਿਆਚਾਰ ਦੀਆਂ ਝਲਕੀਆਂ ਵੀ ਦੇਖੀਆਂ। ਇਹ ਯਾਦਾਂ ਮੇਰੇ ਜ਼ਿਹਨ ਵਿਚ ਵੱਸ ਗਈਆਂ ਤੇ ਮੈਂ ਇਨ੍ਹਾਂ ਨੂੰ ਕਲਮਬੰਦ ਕੀਤਾ।

ਤੁਸੀਂ ਇਸ ਨੂੰ ਮਾਤ ਭਾਸ਼ਾ ਵਿਚ ਕਿਉਂ ਨਹੀਂ ਲਿਖਿਆ?

-ਪਿਤਾ ਜੀ ਦੇ ਫ਼ੌਜ ਵਿਚ ਹੋਣ ਕਾਰਨ ਸਾਡੀ ਪੜ੍ਹਾਈ ਕਾਨਵੈਂਟ ਸਕੂਲਾਂ ਵਿਚ ਹੋਈ। ਇਨ੍ਹਾਂ ਸਕੂਲਾਂ ਦਾ ਸਿਲੇਬਸ ਇੰਗਲੈਂਡ ਤੋਂ ਆਉਣ ਕਾਰਨ ਇਹ ਨਿਰੋਲ ਅੰਗਰੇਜ਼ੀ ਵਿਚ ਹੁੰਦਾ ਸੀ, ਜਿਸ ਦਾ ਖੇਤਰੀ ਭਾਸ਼ਾ ਨਾਲ ਕੋਈ ਤੁਅੱਲਕ ਨਹੀਂ ਹੁੰਦਾ ਸੀ, ਪਰ ਮਾਪਿਆਂ ਵੱਲੋਂ ਘਰ ਵਿਚ ਪੰਜਾਬੀ ਬੋਲਣ ਤੇ ਗੁਟਕਾ ਸਾਹਿਬ ਤੋਂ ਪਾਠ ਸਿੱਖਣ ਕਾਰਨ ਪੰਜਾਬੀ ਨਾਲ ਨਾਤਾ ਜੁੜਿਆ ਰਿਹਾ। ਇਸ ਤਰ੍ਹਾਂ ਸਕੂਲਾਂ ਵਿਚ ਪੰਜਾਬੀ ਨਾ ਪੜ੍ਹਨ ਦੇ ਬਾਵਜੂਦ ਮੈਂ ਘਰ ਵਿਚ ਹੀ ਇਸ ਨੂੰ ਬੋਲਣਾ ਤੇ ਪੜ੍ਹਨਾ ਸਿੱਖਿਆ। ਪਰ ਸਾਹਿਤ ਰਚਨਾ ਲਈ ਮੇਰੀ ਪੰਜਾਬੀ ਵਿਚ ਪਕੜ ਨਹੀਂ ਹੈ।

ਕਿਸ ਸਾਹਿਤਕਾਰ ਦੀ ਲਿਖਤ ਪ੍ਰੇਰਨਾ ਸਰੋਤ ਬਣੀ?

-ਜਿੱਥੇ ਮੈਂ ਅੰਗਰੇਜ਼ੀ ਦੇ ਪ੍ਰਸਿੱਧ ਲੇਖਕ ਪੜ੍ਹੇ, ਉਥੇ ਪੰਜਾਬੀ ਦੇ ਗਿਆਨੀ ਗੁਰਦਿੱਤ ਸਿੰਘ (ਮੇਰਾ ਪਿੰਡ), ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਸਮੇਤ ਹੋਰਨਾਂ ਅਨੇਕਾਂ ਲੇਖਕਾਂ ਦੀਆਂ ਲਿਖਤਾਂ ਪੜ੍ਹੀਆਂ। ਨਾਵਲਕਾਰ ਜਸਵੰਤ ਕੰਵਲ ਨਾਲ ਤਾਂ ਮੁਲਾਕਾਤ ਕਰਨ ਦਾ ਮੌਕਾ ਵੀ ਮਿਲਿਆ ਸੀ।

ਪਾਤਰ ਉਸਾਰੀ ਦਾ ਵੱਲ ਕਿਵੇਂ ਆਇਆ?

-ਜਿਸ ਤਰ੍ਹਾਂ ਫ਼ਿਲਮੀ ਕਲਾਕਾਰ ਆਪਣੇ ਕਿਰਦਾਰ ਦਾ ਰੂਪ ਧਾਰ ਲੈਂਦਾ ਹੈ, ਉਸੇ ਤਰ੍ਹਾਂ ਜਦੋਂ ਮੈਂ ਲਿਖਣ ਬੈਠਦੀ ਹਾਂ ਤਾਂ ਰਚੇ ਜਾ ਰਹੇ ਕਿਰਦਾਰ ਦੇ ਜ਼ਿਹਨ ਵਿਚ ਸ਼ਾਮਲ ਹੋਣ ਦਾ ਯਤਨ ਕਰਦੀ ਹਾਂ। ਉਸ ਵੇਲੇ ਮੇਰਾ ਆਪਣਾ ਵਜੂਦ ਖ਼ਤਮ ਹੋ ਜਾਂਦਾ ਹੈ। ਮੈਂ ਪੈਂਦੀ, ਸੌਂਦੀ ਤੇ ਵਹਿੰਦੀ ਹਰ ਵਕਤ ਡਾਇਰੀ ਅਤੇ ਪੈੱਨ ਨਾਲ ਰੱਖਦੀ ਹਾਂ, ਜਿਸ ਸਮੇਂ ਵੀ ਮਨ ਵਿਚ ਕੋਈ ਖ਼ਿਆਲ ਆਉਂਦਾ ਹੈ, ਡਾਇਰੀ 'ਤੇ ਝਰੀਟ ਲੈਂਦੀ ਹਾਂ। ਕਈ ਵਾਰ ਤਾਂ ਰਾਤਾਂ ਨੂੰ ਉੱਠ-ਉੱਠ ਕੇ ਵੀ ਲਿਖਿਆ ਹੈ ਪਰ ਜ਼ਿਆਦਾਤਰ ਸਵੇਰੇ ਦੀ ਚਾਹ ਪੀਣ ਬਾਅਦ ਮੈਂ ਲਿਖਣ ਬੈਠ ਜਾਂਦੀ ਹਾਂ।

ਤੁਸੀਂ ਅੰਗਰੇਜ਼ੀ ਦੀਆਂ ਚਾਰਪੁਸਤਕਾਂ ਪਾਠਕਾਂ ਦੀ ਝੋਲੀ ਪਾ ਚੁੱਕੇ ਹੋ। ਕੀ ਬਾਕੀ ਤਿੰਨਾਂ ਨੂੰ ਵੀ ਪੰਜਾਬੀ ਵਿਚ ਛਪਵਾਉਣ ਦਾ ਯਤਨ ਕਰੋਗੇ?

-ਜੀ ਹਾਂ, ਜ਼ਰੂਰ। ਇਹ ਵੀ ਸਾਰੀਆਂ ਪੰਜਾਬ ਨਾਲ ਤੁਅੱਲਕ ਰੱਖਦੀਆਂ ਹਨ।

ਇਸ ਵਿਚ ਜੋ ਬੇਔਲਾਦ ਔਰਤਾਂ ਤੇ ਡੇਰਿਆਂ ਬਾਰੇ ਲਿਖਿਆ ਹੈ, ਕੀ ਉਹ ਸੱਚ ਹੈ?

-ਮਰਦ ਪ੍ਰਧਾਨ ਸਮਾਜ ਹੋਣ ਕਾਰਨ ਮੁੱਢ ਕਦੀਮ ਤੋਂ ਔਲਾਦ ਨਾ ਹੋਣ ਦਾ ਦੋਸ਼ ਔਰਤ ਉੱਤੇ ਹੀ ਮੜ੍ਹਿਆ ਜਾਂਦਾ ਹੈ। ਇਹ ਕੰਮ ਰਾਜੇ-ਮਹਾਰਾਜਿਆਂ ਦੇ ਸਮੇਂ ਵੀ ਚਲਦਾ ਸੀ। ਜਿਵੇਂ ਨਿੰਮੋਂ ਦੀ ਮਾਂ ਚਿੰਤੀ ਕਹਿੰਦੀ ਹੈ, 'ਮੂਰਖੇ, ਮੈਂ ਤੈਨੂੰ ਕਿਵੇਂ ਸਮਝਾਵਾਂ ਕਿ ਜ਼ਨਾਨੀਆਂ ਨੂੰ ਵਸਣ ਲਈ ਕੀ-ਕੀ ਕਰਨਾ ਪੈਂਦਾ ਹੈ। ਪਾਪ-ਪੁੰਨ ਕਹਿਣ ਦੀਆਂ ਗੱਲਾਂ ਨੇ। ਘਰੋਂ ਉੱਜੜਨਾ ਸਭ ਤੋਂ ਵੱਡਾ ਪਾਪ ਹੈ। ਜ਼ਨਾਨੀ ਲਈ ਸੱਖਣੀ ਕੁੱਖ ਸਭ ਤੋਂ ਵੱਡਾ ਪਾਪ ਹੈ। ਚਾਹੇ ਨੁਕਸ ਮਰਦ ਵਿੱਚ ਹੀ ਹੋਵੇ, ਪਰ ਉਹ ਆਪਣੀ ਗ਼ਲਤੀ ਮੰਨਣ ਨੂੰ ਤਿਆਰ ਨਹੀਂ ਹੁੰਦੇ। ਤੀਵੀਆਂ ਦੀ ਕਾਹਦੀ ਇੱਜ਼ਤ ਹੈ? ਔਲਾਦ ਨਾ ਹੋਣ ਕਰਕੇ ਬੜੀ ਵਾਰ ਉਸ ਦਾ ਮਰਦ ਦੂਜਾ ਵਿਆਹ ਕਰਵਾ ਲੈਂਦਾ ਸੀ। ਆਪਣਾ ਘਰ ਬਚਾਉਣ ਖ਼ਾਤਰ ਕਈ ਔਰਤਾਂ ਚੁੱਪ-ਚੁਪੀਤੇ ਸਾਧ ਦੇ ਡੇਰੇ ਜਾ ਕੇ ਔਲਾਦ ਦਾ ਉਪਰਾਲਾ ਕਰਦੀਆਂ ਸਨ। ਕਈ ਵਾਰ ਰਾਣੀਆਂ-ਮਹਾਰਾਣੀਆਂ ਵੀ ਆਪਣਾ ਵੰਸ਼ ਅੱਗੇ ਵਧਾਉਣ ਲਈ ਅਜਿਹੇ ਹੀਲੇ-ਵਸੀਲੇ ਕਰਦੀਆਂ ਸਨ।

ਘਰ ਦੇ ਰੁਝੇਵਿਆਂ ਵਿਚੋਂ ਕਿਵੇਂ ਸਮਾਂ ਕੱਢਦੇ ਹੋ?

-ਜ਼ਰੂਰੀ ਘਰੇਲੂ ਕੰਮ ਤਾਂ ਨਿਪਟਾਉਣੇ ਹੀ ਹੁੰਦੇ ਨੇ। ਪਰ ਉਨ੍ਹਾਂ ਦੇ ਇਲਾਵਾ ਮੇਰਾ ਬਹੁਤਾ ਸਮਾਂ ਪੜ੍ਹਨ-ਲਿਖਣ ਵਿਚ ਹੀ ਗੁਜ਼ਰਦਾ ਹੈ।

ਭਾਸ਼ਾ ਵਿਭਾਗ, ਪੰਜਾਬ ਵੱਲੋਂ ਕੋਈ ਹਾਂ-ਪੱਖੀ ਹੁੰਗਾਰਾ?

-ਮੇਰੀ ਰੁਚੀ ਪੰਜਾਬ ਦੀਆਂ ਇਤਿਹਾਸਕ ਤੇ ਵਿਰਾਸਤੀ ਇਮਾਰਤਾਂ ਬਾਰੇ ਲਿਖਣ ਦੀ ਹੈ, ਜੋ ਢਹਿ-ਢੇਰੀ ਹੋ ਰਹੀਆਂ ਹਨ। ਇਨ੍ਹਾਂ ਬਾਰੇ ਨਾ ਪੰਜਾਬ ਸਰਕਾਰ, ਨਾ ਪੁਰਾਤਤਵ ਵਿਭਾਗ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੰਭੀਰ ਹੈ। ਮੈਂ ਆਪਣੀ ਰੁਚੀ ਸਬੰਧੀ ਭਾਸ਼ਾ ਵਿਭਾਗ ਨੂੰ ਲਿਖਿਆ ਸੀ ਕਿ ਪਰ ਓਧਰੋਂ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ। ਮੇਰੀ ਅਪੀਲ ਹੈ ਕਿ ਕੋਈ ਸੰਸਥਾ ਇਨ੍ਹਾਂ ਬਾਰੇ ਉਪਰਾਲਾ ਕਰੇ। ਇਸ ਵਿਚ ਕਾਫ਼ੀ ਗਰਾਊਂਡ ਪੱਧਰ 'ਤੇ ਰਿਸਰਚ ਦੀ ਲੋੜ ਹੈ, ਜਿਸ 'ਤੇ ਕਾਫ਼ੀ ਖਰਚਾ ਹੋਵੇਗਾ। ਇਸ ਕਰਕੇ ਇਹ ਕਿਸੇ ਇਕ ਲਿਖਾਰੀ ਦੇ ਵਸ ਦੀ ਗੱਲ ਨਹੀਂ।



ਨਵੇਂ ਉੱਭਰ ਰਹੇ ਲਿਖਾਰੀਆਂ ਲਈ ਕੋਈ ਸੰਦੇਸ਼?

-ਮੈਂ ਆਪਣੇ ਆਪ ਨੂੰ ਸੰਦੇਸ਼ ਦੇਣ ਯੋਗ (ਹੱਸਦਿਆਂ) ਤਾਂ ਸਮਝਦੀ ਨਹੀਂ ਪ੍ਰੰਤੂ ਮੈਂ ਏਨਾ ਜ਼ਰੂਰ ਸੋਚਦੀ ਤਾਂ ਕਿ ਅਜਿਹਾ ਲਿਖਿਆ ਜਾਵੇ ਜੋ ਸਾਂਭਣਯੋਗ ਤੇ ਇਤਿਹਾਸਕ ਹੋਵੇ, ਜਿਸ ਤੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇੱਕ ਬਿਹਤਰ ਸਮਝ ਦੀ ਸ੍ਰਿਸ਼ਟੀ ਕਰ ਸਕਣ ਤੇ ਪੰਜਾਬ ਤੇ ਪੰਜਾਬੀਅਤ ਨੂੰ ਜਾਣ ਸਕਣ।

ਸਰਕਾਰੀ ਡਿਊਟੀ ਦੇ ਨਾਲ-ਨਾਲ ਸਾਹਿਤ ਨਾਲ ਕਿਵੇਂ ਜੁੜੇ ਰਹੇ?

-ਅਸੀਂ ਇੱਕੋ ਵੇਲੇ ਕਈ ਕੰਮ ਕਰਦੇ ਹਾਂ। ਆਪਣੀ ਨੌਕਰੀ, ਪਰਿਵਾਰ ਦੀ ਦੇਖ-ਭਾਲ। ਨੌਕਰੀ ਦੌਰਾਨ ਲਿਖਣ ਦਾ ਸਮਾਂ ਕੱਢਣਾ ਮੁਮਕਿਨ ਨਹੀਂ ਸੀ ਪਰ ਮੈਂ ਪੜ੍ਹਨਾ ਜਾਰੀ ਰੱਖਿਆ। ਟਰੇਨਿੰਗ, ਵਰਕਸ਼ਾਪ ਕਰਦੀ ਰਹੀ ਤੇ ਉਨ੍ਹਾਂ ਲਈ ਮਨੋਵਿਗਿਆਨ 'ਤੇ ਲਿਖਦੀ ਰਹੀ।

ਤੁਸੀਂ ਆਪਣੇ ਘਰੇ ਪੁਰਾਣੇ ਦਰਵਾਜ਼ੇ ਕਿਉਂ ਲਾ ਰੱਖੇ ਹਨ?

-ਮੈਨੂੰ ਵਿਰਾਸਤੀ ਚੀਜ਼ਾਂ ਸਾਂਭਣ ਅਤੇ ਇਨ੍ਹਾਂ ਬਾਰੇ ਲਿਖਣ ਦਾ ਸ਼ੌਕ ਹੈ। ਇਸੇ ਵਜ੍ਹਾ ਕਰਕੇ ਇਹ ਦਰਵਾਜ਼ੇ (ਹੱਥ ਕਰਕੇ) ਰਾਜਸਥਾਨ ਤੋਂ ਮੈਂ ਖ਼ੁਦ ਲਿਆਂਦੇ ਸਨ।

ਤੁਹਾਡੇ ਬੱਚਿਆਂ ਵਿਚੋਂ ਕਿਸੇ ਦਾ ਸਾਹਿਤ ਵੱਲ ਰੁਝਾਨ ਹੈ?

-ਮੇਰੀ ਇੱਕੋ ਇਕ ਬੇਟੀ ਵਕੀਲ ਹੈ। ਉਹਦਾ ਵੀ ਪੜ੍ਹਨ-ਲਿਖਣ ਨਾਲ ਗਹਿਰਾ ਵਾਸਤਾ ਹੈ।

# ਗੱਲ ਹੋਵੇ ਜੇ ਕਮਾਲ! ਬਣਦੀ ਉਹ ਮਿਸਾਲ!!

> ਜਿਲ੍ਹਾ ਹੁਸ਼ਿਆਰ ਪੁਰ ਦੇ ਗੜ੍ਹਸ਼ੰਕਰ ਸ਼ਹਿਰ ਲਾਗਲੇ ਪਿੰਡ ਪਾਲ੍ਹੇਵਾਲ਼ ਕੁਟੀਆ ਵਿਚ ਰਹਿੰਦੇ ਹੁੰਦੇ ਸਨ ਸੰਤ ਗਿਆਨਾ ਨੰਦ ਜੋ ਹਮੇਸ਼ਾਂ ਭਗਵੇਂ ਰੰਗ ਦੀ ਗਿਲਤੀ ਪਹਿਨਦੇ ਸਨ। ਦੇਸੀ ਜੜ੍ਹੀ-ਬੂਟੀਆਂ ਦੀਆਂ ਦਵਾਈਆਂ ਬਣਾਉਣ ਦਾ ਸ਼ਰਫ ਵੀ ਹਾਸਲ ਸੀ ਉਨ੍ਹਾਂ ਨੂੰ। ਸੂਰਤ ਪੱਖੋਂ ਤਾਂ ਉਹ ਸਨ ਘੋਨ-ਮੋਨ, ਪਰ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਚੰਗੇ ਜਾਣੂ ਹੋਣ ਕਰਕੇ ਦੂਰ-ਦੂਰ ਦੇ ਸਿੱਖ ਸਮਾਗਮਾਂ ਵਿਚ ਵੀ ਉਨ੍ਹਾਂ ਨੂੰ ਬੁਲਾਇਆ ਜਾਂਦਾ ਸੀ। ਮੇਰਾ ਉਨ੍ਹਾਂ ਨਾਲ ਅਕਸਰ ਮੇਲ਼-ਮਿਲਾਪ ਹੁੰਦਾ ਰਹਿੰਦਾ ਸੀ। ਪਿਆਰ ਨਾਲ ਉਹ ਮੈਨੂੰ 'ਤ੍ਰੈ-ਨੇਤਰ ਸਿੰਘ' ਕਹਿ ਕੇ ਬੁਲਾਇਆ ਕਰਦੇ ਸਨ।



> ਸਾਡੇ ਪਿੰਡ ਆਇਆਂ ਕੋਈ ਗੱਲ ਚੱਲੀ ਤੋਂ ਉਨ੍ਹਾਂ ਮੈਨੂੰ ਆਪਣੀ ਇਕ ਅਜੀਬ ਜਿਹੀ ਹੱਡ-ਬੀਤੀ ਸੁਣਾਈ। ਇੰਗਲੈਂਡ ਰਹਿੰਦੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਪਿਆਰ ਸਤਿਕਾਰ ਨਾਲ ਉਨ੍ਹਾਂ ਨੂੰ ਆਪਣੇ ਕੋਲ ਯੂ.ਕੇ. ਬੁਲਾਇਆ। ਉੱਥੇ ਜਾ ਕੇ ਸੰਤ ਜੀ ਨੂੰ ਪਤਾ ਲੱਗਾ ਕਿ ਉਹ ਸ਼ਰਧਾਲੂ ਉੱਥੇ ਸ਼ਰਾਬ ਦਾ ਕਾਰੋਬਾਰ ਕਰਦੇ ਹਨ। ਜਿਵੇਂ ਸਾਧ ਬਾਬਿਆਂ ਦੇ ਸ਼ਰਧਾਲੂ ਜਨ, ਨਿਜੀ ਕਾਰੋਬਾਰ ਵਿਚ ਬਣਦੇ ਉਤਪਾਦ ਆਪਣੇ ਸੰਤਾਂ ਨੂੰ ਵਰਤਣ ਲਈ ਭੇਟ ਕਰਕੇ ਜਿਆਦਾ ਪ੍ਰਸੰਨ ਹੁੰਦੇ ਹਨ, ਤਿਵੇਂ ਇਹ ਇੰਗਲੈਂਡੀਏ ਸ਼ਰਧਾਲੂ ਬਾਬੇ ਗਿਆਨਾ ਨੰਦ ਨੂੰ ਸ਼ਰਾਬ ਦੀ ਪੇਸ਼ਕਸ਼ ਕਰਨ ਲੱਗੇ!

**ਤਰਲੋਚਨ ਸਿੰਘ ਦੁਪਾਲ ਪੁਰ**
**ਫੋਨ: 001-408-905-5517**

> ਸੰਤ ਕਹਿੰਦੇ ਮੈਂ ਉਨ੍ਹਾਂ ਨੂੰ 'ਕੋਈ ਅਕਲ ਨੂੰ ਹੱਥ ਮਾਰੋ!' ਕਹਿ ਕੇ ਵਰਜਿਆ ਵੀ ਪਰ ਉਹ ਸ਼ਰਾਬ ਪੀਣ ਬਾਰੇ ਕਈ ਤਰ੍ਹਾਂ ਦੀਆਂ ਦਲੀਲਾਂ ਦੇਣ ਲੱਗ ਪਏ। ਕਦੇ ਕੋਈ ਬੋਤਲ ਮੇਰੇ ਮੋਹਰੇ ਰੱਖ ਕੇ ਕਿਹਾ ਕਰਨ ਕਿ ਇਹ ਸ਼ਰਾਬ ਨਹੀਂ ਜੌਆਂ ਦਾ ਅਰਕ ਹੀ ਹੈ। ਗਰਮੀਆਂ 'ਚ ਜੌਆਂ ਦੇ ਸੱਤੂ ਵੀ ਸਾਰੇ ਪੀ ਲੈਂਦੇ ਹਨ, ਇਸ 'ਪਾਣੀ' ਨੂੰ ਵੀ ਸੱਤੂ ਹੀ ਸਮਝੋ। ਕਦੇ ਕਿਸੇ ਹੋਰ ਰੰਗ ਦੀ ਬੋਤਲ ਮੇਰੇ ਅੱਗੇ ਰੱਖ ਕੇ ਕਹਿਣ ਕਿ ਇਹਨੂੰ ਤਾਂ ਇੱਥੇ ਆਪਣੀਆਂ ਬੀਬੀਆਂ ਵੀ ਪੀ ਲੈਂਦੀਆਂ ਹਨ! ਤੁਸੀਂ ਇਹ ਤਾਂ ਛਕ ਕੇ ਦੇਖੋ?

> ਮੇਰੇ ਵਲੋਂ ਪੱਕਾ ਇਨਕਾਰ ਕਰੀ ਜਾਣ 'ਤੇ ਉਹ ਇਕ ਦਿਨ ਥੋੜਾ ਝੁੰਜਲਾ ਕੇ ਕਹਿਣ ਲੱਗੇ ਕਿ ਸੰਤ ਜੀ ਤੁਸੀਂ ਸਾਡੀ ਸ਼ੌਪ 'ਤੇ ਚੱਲ ਕੇ ਦੇਖਿਓ ਸਾਡੇ ਕੋਲੋਂ ਰਾਗੀ-ਢਾਡੀ ਅਤੇ ਕਈ 'ਜਥੇਦਾਰ' ਵੀ ਫਲਾਣੇ ਬਰਾਂਡ ਦੀ ਸ਼ਰਾਬ ਲੈਣ ਆਉਂਦੇ ਹਨ। ਜੇ ਉਹ ਧਾਰਮਿਕ ਪ੍ਰਚਾਰਕ ਲੋਕ ਕਿਤੇ ਥੋੜੀ-ਬਹੁਤ ਸ਼ਰਾਬ ਪੀ ਲੈਂਦੇ ਹਨ, ਤਾਂ ਸਾਡੀ 'ਸ਼ਰਧਾ ਪੂਰੀ ਕਰਦਿਆਂ' ਤੁਹਾਡੇ ਦੋ ਘੁੱਟ ਪੀਣ ਨਾਲ ਕੀ ਗੁਨਾਹ ਹੋ ਚੱਲਿਆ ਐ ਭਲਾ? ਗਿਆਨਾ ਨੰਦ ਕਹਿੰਦੇ ਉਨ੍ਹਾਂ ਮੂੰਹੋਂ ਇਹ ਗੱਲ ਸੁਣ ਕੇ ਮੈਂ ਹੱਸਦਿਆਂ ਕਿਹਾ-

> 'ਬਸ ਬਸ ਬਸ...ਭਾਈ ਸਿੱਖੋ, ਮੈਂ ਇਸੇ ਕਰਕੇ ਹੀ ਨਹੀਂ ਪੀਂਦਾ ਕਿ ਕੋਈ ਇੱਕ-ਅੱਧ ਧਾਰਮਿਕ ਪ੍ਰਚਾਰਕ ਐਸਾ ਵੀ ਹੋਣਾ ਹੀ ਚਾਹੀਦਾ ਹੈ ਕਿ ਜਿਹਦੀ 'ਨਾ ਪੀਂਦਾ ਹੋਣ ਦੀ' ਮਿਸਾਲ ਦਿੱਤੀ ਜਾ ਸਕੇ? ਬਈ ਅਜਿਹਾ ਵੀ ਕੋਈ ਚਾਹੀਦਾ ਈ ਐ ਕਿ ਨਹੀਂ?'

> ਦੂਸਰੀ ਨਿਗੂਣੀ ਜਿਹੀ 'ਕਮਾਲ' ਮੇਰੇ ਨਿੱਜ ਨਾਲ ਸਬੰਧਤ ਹੈ-ਸਾਡੇ ਪਿੰਡ ਲਾਗੇ ਵਗਦੇ ਸਤਲੁਜ ਦਰਿਆ ਵੱਲ੍ਹ ਦੇ ਪਾਸੇ 'ਫਲਾਹੀਆਂ' ਨਾਮ ਦੀ ਝਿੜੀ (ਜੋ ਕਿਸੇ ਸਮੇਂ ਪਸ਼ੂਆਂ ਦੀ ਖੁਲ੍ਹੀ ਚਰਾਂਦ ਹੁੰਦੀ ਸੀ) ਵਿਚ ਪੰਜਾਂ ਪੀਰਾਂ ਦੀ ਇਕ ਕਬਰ ਹੈ। ਬਜ਼ੁਰਗ ਦੱਸਦੇ ਹੁੰਦੇ ਸਨ ਕਿ ਸੰਨ ਸੰਤਾ਼ਲੀ ਤੋਂ ਪਹਿਲਾਂ ਦੁਪਾਲ ਪੁਰ ਰਹਿੰਦੇ ਕਈ ਮੁਸਲਿਮ ਪਰਿਵਾਰਾਂ 'ਚੋਂ ਅਰਾਈਂ ਪਰਿਵਾਰ ਇੱਥੇ ਜੁਮੇਂ ਨੂੰ ਕਵਾਲੀਆਂ ਗਾਉਂਦੇ ਹੁੰਦੇ ਸਨ। ਸਾਡੇ ਬਚਪਨ ਵੇਲੇ ਤਾਂ ਉਹ ਬੇਅਬਾਦ ਜਿਹੀ ਹੁੰਦੀ ਸੀ, ਪਰ ਹੌ਼ਲੀ ਹੌ਼ਲੀ ਲੋਕੀਂ ਉੱਥੇ ਮੱਥਾ ਟੇਕਣ ਲੱਗ ਪਏ। ਸਾਡੇ ਦੇਖਦੇ-ਦੇਖਦੇ ਉੱਥੇ ਇਕ 'ਮਜੌਰ' ਵੀ ਬਹਿ ਗਿਆ, ਜੋ ਹਰੇਕ ਸਾਲ 'ਸੱਭਿਆਚਾਰਕ ਮੇਲਾ' ਵੀ ਕਰਾਉਣ ਲੱਗ ਪਿਆ ਕਬਰ ਉੱਤੇ।




> ਦੇਖਾ-ਦੇਖੀ ਸਾਡੇ ਪਿੰਡ ਦੇ ਬਹੁਤੇ ਲੋਕਾਂ ਵਾਂਗ ਵੀਰਵਾਰ ਜਾਂ ਸ਼ੁੱਕਰਵਾਰ ਵਾ਼ਲੇ ਦਿਨ ਇਕ ਉਹ ਪਰਿਵਾਰ ਵੀ ਪੰਜਾਂ ਪੀਰਾਂ ਦੇ ਮੱਥਾ ਟੇਕਣ ਜਾਣ ਲੱਗ ਪਿਆ, ਜਿਸ ਟੱਬਰ ਦਾ ਇਕ ਨੌਜਵਾਨ ਮੁੰਡਾ ਮੇਰੇ ਛੋਟੇ ਭਰਾ ਦਾ ਹਮਜਮਾਤੀ ਸੀ। ਇਸੇ ਕਾਰਨ ਉਹਦੀ ਸਾਡੇ ਨਾਲ ਚੰਗੀ ਬਹਿਣੀ-ਉੱਠਣੀ ਸੀ। ਉਹ ਮੁੰਡਾ ਅਕਸਰ ਸਾਡੇ ਨਾਲ ਗੁਰਮਤਿ ਜਾਂ ਗੁਰਬਾਣੀ ਬਾਰੇ ਵੀ ਸਵਾਲ-ਜਵਾਬ ਕਰਦਾ ਰਹਿੰਦਾ ਸੀ। ਉਹਦੇ ਘਰ ਦੇ ਦੂਸਰੇ ਜੀਅ ਤਾਂ ਗਾਹੇ-ਬਗਾਹੇ ਪੰਜੀਂ ਪੀਰੀਂ 'ਚਿਰਾਗ਼' ਵਗੈਰਾ ਕਰਨ ਚਲੇ ਜਾਂਦੇ ਪਰ ਉਹ ਨਹੀਂ ਸੀ ਕਦੇ ਉੱਥੇ ਜਾਂਦਾ!

> ਇਸੇ ਦੌਰਾਨ ਕੁੱਝ ਅਰਸੇ ਬਾਅਦ ਸਾਡੇ ਪਿੰਡ ਦੇ ਇਕ ਹੋਰ ਕਹਿੰਦੇ-ਕਹਾਉਂਦੇ 'ਸਿੱਖ ਪਰਿਵਾਰ' ਨੇ ਵੀ ਪੰਜ ਪੀਰਾਂ ਦੀ ਕਬਰ 'ਤੇ ਜਾਣਾ ਸ਼ੁਰੂ ਕਰ ਦਿੱਤਾ! ਫਲਾਹੀਆਂ ਵਾ਼ਲੀ ਕਬਰ ਦੇ ਨਵੇਂ-ਨਵੇਂ ਸ਼ਰਧਾਲੂ ਬਣੇ ਇਸ 'ਸਿੱਖ ਪਰਿਵਾਰ' ਦੀ ਮਿਸਾਲ ਦਿੰਦਿਆਂ ਉਸ ਮੁੰਡੇ ਦੇ ਘਰਵਾਲਿਆਂ ਨੇ ਕਿਹਾ ਕਿ ਕਾਕਾ ਦੇਖ ਲੈ ਫਲਾਣਿਆਂ ਦਾ ਟੱਬਰ ਵੀ ਚਿਰਾਗ਼ ਕਰਨ ਲੱਗ ਪਿਆ ਐ! ਹੁਣ ਤਾਂ ਤੂੰ ਸਾਡੇ ਨਾਲ ਪੰਜੀ ਪੀਰੀਂ ਚੱਲਿਆ ਕਰ ਮੱਥਾ ਟੇਕਣ?

> ਉਸ ਮੁੰਡੇ ਨੇ ਸਾਡੇ ਘਰੇ ਆ ਕੇ ਮੈਨੂੰ ਦੱਸਿਆ! ਕਹਿੰਦਾ ਭਾਅ ਜੀ, ਮੈਂ ਤੁਹਾਡਾ ਨਾਂ ਲੈ ਕੇ ਆਪਣੇ ਘਰਦਿਆਂ ਨੂੰ ਕਿਹਾ ਕਿ ਜਿਸ ਦਿਨ ਬੀਰੇ ਹੁਣਾਂ ਦੇ ਘਰ ਦੇ ਉੱਥੇ ਜਾਣ ਲੱਗ ਪਏ, ਫੇਰ ਮੈਨੂੰ ਦੱਸਿਓ, ਮੈਂ ਵੀ ਜਰੂਰ ਚਲਾ ਜਾਇਆ ਕਰਾਂਗਾ ਤੁਹਾਡੇ ਨਾਲ!!

> 'ਤਦ ਮੈਂ ਦੇਖ ਅਚੰਭਤ ਹੋਇਆ।
> ਸਿੱਖਾਂ ਦੀ ਕਿਸਮਤ ਪਰ ਰੋਇਆ।
> ਦੇਖੋ ਯਾਰੋ ਇਹ ਗੁਰ ਪੰਥ।
> ਗੁਣਦਾ ਮੂਲ ਨਾ ਗੁਰੂ ਗ੍ਰੰਥ।
> ਜਗ੍ਹਾ ਜਗ੍ਹਾ ਪਰ ਭਟਕਤ ਐਸੇ।
> ਭੁੱਖਾ ਕਾਗ ਕੁਰੰਗ ਪਰ ਜੈਸੇ।'
> -ਗਿਆਨੀ ਦਿੱਤ ਸਿੰਘ ਲਿਖਤ ਕਿਤਾਬ 'ਗੁੱਗਾ ਗਪੌੜਾ ਤੇ ਸੁਲਤਾਨ ਪੁਆੜਾ' ਸਫਾ-45

## ਜ਼ਰਦ ਰੁੱਤ ਦਾ ਹਲਫ਼ੀਆ ਬਿਆਨ...

# ਹਰਮੀਤ ਵਿਦਿਆਰਥੀ ਦੀ ਕਲਾਤਮਕ ਤੇ ਪ੍ਰਭਾਵਸ਼ਾਲੀ ਸਿਰਜਣਾ!!

ਪੰਜਾਬੀ ਸਾਹਿਤ ਜਗਤ ਦੇ ਸਮਰੱਥ ਸ਼ਾਇਰ, ਯਾਰਾਂ ਦੇ ਯਾਰ ਅਤੇ ਮੁਹੱਬਤੀ ਰੂਹ ਵਾਲੇ 'ਹਰਮੀਤ ਵਿਦਿਆਰਥੀ' ਦੇ ਖ਼ੂਬਸੂਰਤ ਕਾਵਿ ਸੰਗ੍ਰਹਿ 'ਜ਼ਰਦ ਰੁੱਤ ਦਾ ਹਲਫ਼ੀਆ ਬਿਆਨ' ਨੂੰ ਪੜ੍ਹਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਕਿ ਉਹ ਸਿਰਫ਼ ਕਵਿਤਾ ਲਿਖਣ ਲਈ ਹੀ... ਕਵਿਤਾ ਨਹੀਂ ਲਿਖਦਾ। ਕਵਿਤਾ ਦੀ ਰੂਹ ਉਸ ਨਾਲ ਗਲਵੱਕੜੀਆਂ ਪਾਉਂਦੀ ਹੈ। ਉਸ ਦੀ ਰੂਹ ਨੂੰ ਵੰਗਾਰਦੀ ਤੇ ਝੰਜੋੜਦੀ ਵੀ ਹੈ ਅਤੇ ਸ਼ਬਦਾਂ 'ਚ ਪਰੋ ਹੋਣ ਲਈ ਪ੍ਰੇਰਦੀ ਹੋਈ 'ਸ਼ੁੱਧ' ਕਵਿਤਾ ਦਾ ਰੂਪ ਧਾਰਨ ਕਰ ਲੈਂਦੀ



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਹੈ। ਹਰਮੀਤ ਕਵਿਤਾ ਵਿਚੋਂ ਕਵਿਤਾ ਨੂੰ ਮਰਨ ਨਹੀਂ ਦਿੰਦਾ ਅਤੇ ਨਾ ਹੀ ਲਫ਼ਜ਼ਾਂ ਦਾ ਗਲ਼ਾ ਘੁੱਟਦਾ ਹੈ। ਉਸ ਦੀ ਕਲਾਤਮਕ ਤੇ ਪ੍ਰਭਾਵਸ਼ਾਲੀ ਸ਼ਾਇਰੀ ਬੋਲਦੀ ਹੈ ਅਤੇ ਪਾਠਕ ਨੂੰ ਵੀ ਗੱਲੀਂ ਲਾਉਂਦੀ ਹੈ! ਕਵਿਤਾ, ਕਵੀ, ਅਤੇ ਪਾਠਕ ਦੀ ਰੂਹ ਦਾ ਸੰਗਮ ਇੱਕ ਕ੍ਰਿਸ਼ਮਈ ਕਾਫ਼ਲਾ ਬਣ ਤੁਰਦਾ ਹੈ। ਸ਼ਾਇਦ ਨਹੀਂ, ਯਕੀਨਨ ਹੀ ਇਸ ਕਾਰਨ ਹਰਮੀਤ ਸ਼ਾਇਰੀ ਦੇ ਅੰਗ-ਸੰਗ ਜਿਉਂਦਾ ਹੈ... ਅਤੇ ਇੰਜ ਕਾਫ਼ਲੇ ਚੱਲਦੇ ਰਹਿੰਦੇ ਹਨ।

**ਹਰਮੀਤ ਵਿਦਿਆਰਥੀ ਅਤੇ ਉਸ ਦਾ ਸਾਹਿਤਕ ਸੰਸਾਰ**

ਅਸਲ ਵਿਚ, ਜਾਣੇ-ਅਣਜਾਣੇ ਇਨਸਾਨ ਸਾਰੀ ਉਮਰ ਕੁਝ ਨਾ ਕੁਝ ਸਿੱਖਦਾ ਅਤੇ ਜਾਣਦਾ ਰਹਿੰਦਾ ਹੈ। ਪਰ ਸੱਚ ਇਹ ਵੀ ਹੈ ਬਹੁਤੇ ਲੋਕ ਖ਼ੁਦ ਦੇ ਮਨ ਦੀ ਸੰਤੁਸ਼ਟੀ ਵਾਸਤੇ 'ਵਿਦਿਆਰਥੀ ਜਾਂ ਸਿਖਿਆਰਥੀ' ਨਾਲੋਂ 'ਵਿਦਵਾਨ' ਬਣਨਾ ਜਾਂ ਕਹਾਉਣਾ ਵੱਧ ਚਾਹੁੰਦੇ ਹਨ। ਬਹੁਤ ਹੀ ਟਾਵੇਂ-ਵਿਰਲੇ ਹਨ ਜੋ ਨਿਰਸੰਦੇਹ ਵਿਦਵਾਨ ਹੁੰਦਿਆਂ ਵੀ ਵਿਦਿਆਰਥੀਆਂ ਵਾਂਗ ਵਿਚਰਦੇ ਹਨ। 'ਹਰਮੀਤ ਵਿਦਿਆਰਥੀ' ਨੂੰ ਜਾਨਣ ਪਹਿਚਾਨਣ ਵਾਲੇ ਇਸ ਦੇ ਜਿਉਂਦੇ-ਜਾਗਦੇ ਗਵਾਹ ਹਨ ਕਿ ਉਹ ਸਾਹਿਤਕ ਖੇਤਰ ਵਿਚ ਬੁਲੰਦੀਆਂ ਸਰ ਕਰਨ ਦੇ ਬਾਵਜੂਦ ਵੀ ਆਪਣੇ 'ਨਾਂਅ' ਵਾਂਗ ਵਿਚਰਦੇ ਹਨ, ਜੋ ਉਨ੍ਹਾਂ ਦੇ ਵਡੱਪਣ ਅਤੇ ਮਾਨਸਿਕ ਸੰਤੁਸ਼ਟੀ ਦੀ ਨਿਸ਼ਾਨਦੇਹੀ ਕਰਦਾ ਹੈ। ਭੁਲੇਖੇ ਨਾਲ ਅਤੇ ਜਵਾਨੀ ਵੇਲਿਆਂ ਦਾ ਵਿਦਿਆਰਥੀ 'ਤਖ਼ੱਲਸ' ਉਨ੍ਹਾਂ ਨੂੰ ਬਹੁਤ ਰਾਸ ਆਇਆ ਅਤੇ ਆ ਰਿਹਾ ਹੈ। ਹਰਮੀਤ ਵਿਦਿਆਰਥੀ ਦੇ ਜਾਣ-ਪਹਿਚਾਣ ਵਾਲਿਆਂ ਦਾ ਵੱਡਾ ਕਾਫ਼ਲਾ ਹੋਰ ਵੀ ਵਿਸ਼ਾਲ ਬਣ ਰਿਹਾ ਹੈ।

ਚੜ੍ਹਦੀ ਜਵਾਨੀ ਤੋਂ ਸ਼ੁਰੂ ਹੋਇਆ ਹਰਮੀਤ ਦਾ ਸਾਹਿਤਕ ਸਫ਼ਰ ਅੱਜ ਵੀ ਪੂਰੇ ਜੋਬਨ 'ਤੇ ਹੈ। 22 ਕੁ ਸਾਲ ਦੀ ਉਮਰ ਵਿਚ ਤਾਂ ਉਨ੍ਹਾਂ ਨੇ ਆਪਣਾ ਪਹਿਲਾ ਕਾਵਿ ਸੰਗ੍ਰਹਿ 'ਆਪਣੇ ਖ਼ਿਲਾਫ਼' ਪਾਠਕਾਂ ਦੇ ਹੱਥੀਂ ਪਹੁੰਚਾ ਵੀ ਦਿੱਤਾ ਸੀ। ਪੰਜਾਬੀ ਸਾਹਿਤ ਜਗਤ ਵਿਚ 4 ਕਾਵਿ ਸੰਗ੍ਰਹਿਆਂ ਨਾਲ ਸੰਵੇਦਨਸ਼ੀਲ, ਅਰਥਪੂਰਨ ਅਤੇ ਨਿੱਗਰ ਯੋਗਦਾਨ ਪਾ ਕੇ ਵੀ ਉਹ ਖ਼ੁਦ ਨੂੰ ਆਪਣੇ ਨਾਂਅ ਵਾਂਗਰ ਵਿਦਿਆਰਥੀ ਹੀ ਕਹਿੰਦੇ ਨੇ। 'ਉਧੜੀ ਹੋਈ ਮੈਂ' ਕਾਵਿ ਸੰਗ੍ਰਹਿ ਦਾ ਸ਼ਾਹਮੁਖੀ ਵਿਚ ਅਨੁਵਾਦ ਵੀ ਹੋ ਚੁੱਕਾ ਹੈ। ਕਵਿਤਾ ਤੋਂ ਇਲਾਵਾ 5 ਪੁਸਤਕਾਂ ਸੰਪਾਦਿਤ ਵੀ ਕਰ ਚੁੱਕੇ ਹਨ। ਹਰਮੀਤ ਵਿਦਿਆਰਥੀ ਦੀ ਲੇਖਣੀ ਵਿਚ ਕਾਹਲਾਪਣ ਨਹੀਂ ਹੈ। ਸਹਜ ਅਤੇ ਸਹਿਜ ਨਾਲ ਜੀਵਨ ਜਾਚ ਵਰਗੀ ਸਿਰਜਣਾ ਸਿਰਜਦੇ ਹਨ ਜਿਸ ਵਿਚ ਅਜੋਕੇ ਮਨੁੱਖੀ ਸੰਸਕਾਰਾਂ ਅਤੇ ਸਮਾਜ ਵਿਚ ਆਏ ਨਿਘਾਰ ਨੂੰ ਜਾਨਣ, ਪਹਿਚਾਨਣ ਅਤੇ ਉਭਾਰਨ ਦੇ ਨਾਲ ਹੀ ਸਕਾਰਾਤਮਕ ਸੰਦੇਸ਼ ਵੀ ਸ਼ਾਮਲ ਹੁੰਦੇ ਹਨ।

ਆਪਣੀ ਲੇਖਣੀ ਬਾਰੇ ਖ਼ੁਦ ਦੇ ਸਵੈ-ਕਥਨ ਨੂੰ ਵੀ ਕਾਵਿਕ ਅੰਦਾਜ਼ ਵਿਚ ਇੰਜ ਸਾਂਝਾ ਕਰਦੇ ਨੇ ਹਰਮੀਤ ਵਿਦਿਆਰਥੀ ਜੀ...

'ਕਵਿਤਾ ਲਿਖਣਾ ਮੇਰੇ ਲਈ
ਕੋਈ ਬਹੁਤ ਜ਼ਰੂਰੀ ਕਾਰਜ ਨਹੀਂ
ਸਗੋਂ ਕਵਿਤਾ ਪੜ੍ਹਨਾ ਸੁਣਨਾ ਮਾਣਨਾ
ਤੇ ਕਵਿਤਾ ਵਰਗਾ ਜੀਉਣ ਦਾ ਆਹਰ
ਬਹੁਤ ਮਹੱਤਵਪੂਰਨ ਹੈ...'

ਹਰਮੀਤ ਵਿਦਿਆਰਥੀ ਸਿਰਫ਼ ਕਵੀ ਹੀ ਨਹੀਂ, ਬਲਕਿ, ਉਹ ਕਈ ਸਭਾਵਾਂ, ਸੰਪਾਦਨ ਅਤੇ ਪ੍ਰਕਾਸ਼ਨ ਦੀਆਂ ਗਤੀਵਿਧੀਆਂ ਨਾਲ ਵੀ ਜੁੜੇ ਹੋਏ ਹਨ। ਕਵੀ ਦਰਬਾਰਾਂ ਅਤੇ ਵੱਡੇ ਸਮਾਗਮਾਂ ਦੇ ਕਾਰਜਾਂ ਨੂੰ ਹਲਾਸ਼ੇਰੀ ਅਤੇ ਨਿਪੁੰਨਤਾ ਨਾਲ ਸਿਰੇ ਚਾੜ੍ਹਦੇ ਨੇ।

ਉਸ ਦੇ ਸਮਕਾਲੀ ਗ਼ਜ਼ਲਗੋ/ਕਵੀ ਤ੍ਰੈਲੋਚਨ ਲੋਚੀ ਦੀਆਂ ਪਾਰਖੂ ਨਜ਼ਰਾਂ ਵਿਚ... 'ਹਰਮੀਤ ਵਿਦਿਆਰਥੀ ਕਵਿਤਾ ਦੇ ਲੰਮੇ ਪੈਂਡਿਆਂ ਦਾ ਪਾਂਧੀ ਹੈ...।'

ਹਰਮੀਤ ਦੀ ਜਾਣ ਪਹਿਚਾਣ ਵਾਲੇ ਇਸ ਗੱਲ ਦੀ ਵੀ ਗਵਾਹੀ ਭਰਦੇ ਹਨ ਕਿ ਇਹ ਯਾਰਾਂ ਦਾ ਯਾਰ, ਮਿਠਬੋਲੜਾ, ਮਿਲਣਸਾਰ, ਮੁਹੱਬਤੀ ਅਤੇ ਵਧੀਆ ਇਨਸਾਨ ਹੈ ਜੋ ਸਮਾਜ ਨੂੰ ਖ਼ੂਬਸੂਰਤ ਬਣਾਉਣ ਨੂੰ ਆਪਣਾ ਫ਼ਰਜ਼ ਸਮਝਦਾ ਹੈ। ਇਸ ਦੀ ਝਲਕ ਇਸ ਕਾਵਿ ਸੰਗ੍ਰਹਿ ਵਿਚ ਸ਼ਾਮਲ ਸ਼ਾਇਰੀ ਵਿਚੋਂ ਪਾਠਕਾਂ ਨੂੰ ਮਿਲ ਜਾਂਦੀ ਹੈ।

**ਜ਼ਰਦ ਰੁੱਤ ਦੀਆਂ ਨਜ਼ਮਾਂ ਦਾ ਹਲਫ਼ੀਆ ਬਿਆਨ...**

ਮੈਨੂੰ ਬਹੁਤੀ ਵਾਰ ਇੰਜ ਲੱਗਦਾ ਰਹਿੰਦਾ ਹੈ ਕਿ ਕਵਿਤਾ ਦੀ ਅਹਿਮੀਅਤ ਇਸ ਦੇ 'ਛੋਟੇ-ਵੱਡੇ' ਆਕਾਰ ਜਾਂ 'ਬੰਦ-ਖੁੱਲ੍ਹੇ' ਹੋਣ ਦੀ ਬਜਾਏ ਇਸ ਦੀ ਰੂਹ ਦੇ ਧੁਰ ਅੰਦਰ ਵੱਸੇ ਭਾਵਾਂ ਅਤੇ ਨਜ਼ਰੀਏ ਉੱਪਰ ਟਿਕਦੀ ਹੈ। ਕਵਿਤਾ ਸੁਹਿਰਦ ਮਨੁੱਖੀ ਜਜ਼ਬਿਆਂ, ਖ਼ਿਆਲਾਂ ਅਤੇ ਭਾਵਨਾਵਾਂ ਦਾ ਆਪ-ਮੁਹਾਰਾ ਪ੍ਰਵਾਹ ਹੁੰਦਾ ਹੈ।

ਚੇਤਨਾ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਤ 135 ਪੰਨਿਆਂ ਦੇ ਕਾਵਿ ਸੰਗ੍ਰਹਿ 'ਜ਼ਰਦ ਰੁੱਤ ਦਾ ਹਲਫ਼ੀਆ ਬਿਆਨ' ਵਿਚ ਹਰਮੀਤ ਨੇ 65 ਵਿਭਿੰਨ ਰੰਗਾਂ-ਰਸਾਂ ਨਾਲ ਭਰਪੂਰ ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਸਮਾਜ ਨੂੰ ਹਲੂਣਦੀ ਅਤੇ ਸੇਧ ਦਿੰਦੀ ਇਸ ਖ਼ੂਬਸੂਰਤ ਪੁਸਤਕ ਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਹਰਮੀਤ ਵਿਦਿਆਰਥੀ ਦੇ ਕੋਮਲ ਤੇ ਸੰਵੇਦਨਸ਼ੀਲ ਕਾਵਿ ਮਨ ਦੇ ਦਰਸ਼ਨ ਦੀਦਾਰ ਵੀ ਹੋ ਜਾਂਦੇ ਹਨ। ਇਸ ਪੁਸਤਕ ਦੇ 'ਜ਼ਰਦ' ਟਾਈਟਲ ਤੋਂ ਹੀ ਇਸ ਵਿਚ ਸ਼ਾਮਲ ਸ਼ਾਇਰੀ ਦਾ ਅੰਦਾਜ਼ਾ ਹੋ ਜਾਂਦਾ ਹੈ।

'ਕਵਿਤਾ ਵਾਂਗਰ ਜੀਉਣ' ਵਾਲੇ ਹਰਮੀਤ ਵਿਦਿਆਰਥੀ ਦੇ ਸੰਵੇਦਨਸ਼ੀਲ ਮਨ ਨੇ ਇਸ ਸੰਗ੍ਰਹਿ ਦਾ ਸਮਰਪਣ ਖ਼ੁਦ ਦੀ ਰੂਹ ਅੰਦਰਲੀਆਂ ਅਤੇ ਬਾਹਰਲੀਆਂ 'ਜ਼ਰਦ' ਰੁੱਤਾਂ ਦੇ ਨਾਮ ਕੀਤਾ ਹੈ। ਇਨ੍ਹਾਂ ਜ਼ਰਦ ਰੁੱਤਾਂ ਵਿਚੋਂ ਫੁੱਟੇ ਅਨੁਭਵਾਂ, ਅਹਿਸਾਸਾਂ ਅਤੇ ਖ਼ਿਆਲਾਂ ਦੇ ਚਸ਼ਮੇ ਨੇ ਲਫ਼ਜ਼ਾਂ ਅਤੇ ਨਜ਼ਮਾਂ ਦਾ ਰੂਪ ਲੈ ਕੇ ਖ਼ੁਦ ਦੇ ਹਲਫ਼ੀਆ ਬਿਆਨ ਦੇ ਦਿੱਤੇ ਹਨ, ਜਿਸ ਨੂੰ ਵਕਤ ਨੇ ਆਪ ਜਿਹੇ ਸੁਹਿਰਦ ਪਾਠਕਾਂ ਦੀ ਕਚਹਿਰੀ ਵਿਚ ਤਸਦੀਕ ਕਰ ਦੇਣਾ ਹੈ।

ਜੀਵਨ ਜਿਉਂਦਿਆਂ, ਹਰੇਕ ਮਨੁੱਖ ਜ਼ਿੰਦਗੀ ਦੇ ਸਮਾਜਿਕ, ਸੱਭਿਆਚਾਰਕ, ਰਾਜਨੀਤਕ, ਆਰਥਿਕ ਤੇ ਧਾਰਮਿਕ ਤਾਣੇ-ਬਾਣੇ ਦੀਆਂ ਤੰਦਾਂ ਵਿਚ ਵਿਚਰਦਾ ਹੈ। ਸੰਵੇਦਨਸ਼ੀਲ ਮਨ ਕਦੇ ਵੀ ਆਪਣੇ ਤੀਸਰੇ ਨੇਤਰ ਨੂੰ ਬੰਦ ਨਹੀਂ ਹੋਣ ਦਿੰਦਾ, ਬਲਕਿ, ਅੰਤਰੀਵ ਅਤੇ ਬਾਹਰੀ ਰੁੱਤਾਂ ਨੂੰ ਦੇਖਦਾ, ਜਾਣਦਾ, ਮਾਣਦਾ, ਅਤੇ ਹੰਢਾਉਂਦਾ ਵੀ ਹੈ। ਪੁਸਤਕ ਅਜਿਹੇ ਹੀ ਰੰਗਾਂ-ਰਸਾਂ ਦੀ ਸਾਂਝ ਪਾਉਂਦਿਆਂ ਪਾਠਕ ਨੂੰ ਖ਼ੁਦ ਦੇ ਅੰਦਰ ਝਾਕਣ ਲਈ ਪ੍ਰੇਰਿਤ ਕਰਦੀ ਹੈ!

ਇਸ ਪੁਸਤਕ ਦੀ ਸ਼ੁਰੂਆਤ ਇੱਕ ਸੰਵੇਦਨਸ਼ੀਲ ਰਚਨਾ 'ਅੰਜ ਕੱਲ੍ਹ' ਨਾਲ ਕੀਤੀ ਹੈ ਜੋ ਅਜੋਕੇ ਮਨੁੱਖ ਦੇ ਦੂਹਰੇ-ਤੀਹਰੇ ਕਿਰਦਾਰ ਦੀ ਤ੍ਰਾਸਦੀ ਨੂੰ ਬਿਆਨ ਕਰਦੀ ਹੈ।

ਜੁਗਤ ਸਿੱਖ ਰਿਹਾ ਹਾਂ
'ਦਿਓ ਕੱਦ' ਦਿਸਦੇ
'ਬੌਣਿਆਂ' ਦੀਆਂ ਨਿਗਾਹਾਂ 'ਚ ਕੱਦਾਵਰ ਬਣੇ ਰਹਿਣ ਦੀ
ਸਨਮਾਨਾਂ ਲਈ
ਹਰ ਕਿਸਮ ਦੀ
ਜ਼ਿਲਤ ਸਹਿਣ ਦੀ
ਤੇ ਹਰ ਹੀਲੇ
ਜੋ ਮੈਂ ਨਹੀਂ ਹਾਂ
'ਉਹ' ਦਿਸਦੇ ਰਹਿਣ ਦੀ

'ਮੈਂ, ਜੋ ਮੈਂ ਨਹੀਂ' ਤੇ 'ਮੈਨੂੰ ਮਾਫ਼ ਕਰਿਓ' ਕਵਿਤਾਵਾਂ ਵੀ ਕੁਝ ਇੰਜ ਹੀ ਕਹਿ ਰਹੀਆਂ ਹਨ...

ਮੈਂ ਆਪਣੇ ਖ਼ੌਫ਼ ਨੂੰ
ਆਪਣੇ ਅੰਦਰ ਕਿਤੇ
ਡੂੰਘਾ ਛਿਪਾਉਣ ਵਾਸਤੇ
ਉੱਚੀ ਉੱਚੀ ਬੋਲਦਾ ਹਾਂ

ਮੈਂ ਜੋ ਵੀ ਹਾਂ
ਉਹ ਦਿਸਣ ਤੋਂ ਤ੍ਰਹਿੰਦਾ
ਜੋ ਨਹੀਂ ਹਾਂ
ਇਹ ਹੋਣ ਦੀ
ਬੇਕਾਰ ਕੋਸ਼ਿਸ਼ ਕਰਦਾ ਹਾਂ...

ਮੈਂ ਬੇਈਮਾਨ ਨਹੀਂ ਹਾਂ
ਸੱਚਮੁੱਚ ਨਹੀਂ ਹਾਂ
ਹਾਂ
ਜੋ ਨਹੀਂ ਹਾਂ
ਉਹ ਦਿਸਦੇ ਰਹਿਣ ਦੀ
ਲਾਲਸਾ ਨੂੰ
ਕਤਲ ਨਹੀਂ ਕਰ ਸਕਿਆ...

ਇਨਸਾਨ ਦੇ ਸੁਪਨਿਆਂ ਦਾ ਹੀ ਮਰ ਜਾਣਾ ਜਾਂ ਖ਼ੁਦ ਦੇ ਅੰਤਰੀਵ ਨੂੰ ਫਰੋਲਦਿਆਂ, ਜਾਣਦਿਆਂ, ਅਤੇ ਸੁਣਦਿਆਂ ਵੀ ਅਣਜਾਣ ਬਣੇ ਰਹਿਣਾ ਕਿਸੀ ਜਿਉਂਦੀ ਲਾਸ਼ ਦੇ ਤੁਰਨ-ਫਿਰਨ ਦੇ ਸਮਾਨ ਜਿਹਾ ਹੀ ਹੁੰਦਾ ਹੈ। 'ਰੁਕਿਓ ਜ਼ਰਾ' ਕਵਿਤਾਵਾਂ ਵਿਚ ਹਰਮੀਤ ਵਿਦਿਆਰਥੀ ਪਾਠਕ ਦੀ ਰੂਹ ਅਤੇ ਜ਼ਮੀਰ ਨੂੰ ਝੰਜੋੜਦਾ ਹੈ।

ਰੁਕਿਓ ਜ਼ਰਾ
ਸੁਪਨਿਆਂ ਨੂੰ
ਤਹਿ ਕਰ ਕੇ
ਸਿਰਹਾਣੇ ਰੱਖ ਲਵਾਂ...


ਰੁਕਿਓ ਜ਼ਰਾ
ਸੋਚ ਲਵਾਂ
ਬਲਾਤਕਾਰ 'ਤੇ ਕਵਿਤਾ ਲਿਖਣੀ ਹੈ
ਜਾਂ ਮਾਸੂਮ ਬੱਚੀ ਦੇ ਹੱਥਾਂ ਵਿਚ
ਹਥਿਆਰ ਦੇਣਾ ਹੈ
ਜੋ ਹੋ ਰਿਹਾ ਹੈ
ਦੁਰ ਦੁਰਾਡੇ...
ਉਸ 'ਤੇ ਸ਼ਰਮਸਾਰ ਹੋਣਾ ਹੈ
ਖ਼ੁਦ 'ਤੇ ਖ਼ੁਦਾ ਦੀ ਰਹਿਮਤ ਕੀ ਹੋਈ ਕਿ ਬੰਦਾ ਖ਼ੁਦ ਨੂੰ ਖ਼ੁਦਾ ਹੀ ਸਮਝ ਬੈਠਾ...।

ਅਜੋਕੇ ਬੰਦੇ ਦੀ ਇਹੀ ਫ਼ਿਤਰਤ ਹੈ। ਬੰਦਿਆਂ ਦੀ ਭੀੜ ਵਿਚੋਂ ਬੰਦੇ ਨੂੰ ਲੱਭਣਾ ਮੁਸ਼ਕਲ ਹੋ ਰਿਹਾ ਹੈ। ਹਰ ਕੋਈ ਖ਼ੁਦ ਨੂੰ ਖ਼ੁਦਾ ਤੋਂ ਵੀ ਵੱਡਾ ਮਹਿਸੂਸ ਕਰਦਾ ਹੈ। ਖ਼ੂਬਸੂਰਤ ਕਵਿਤਾ 'ਹੁਜਰਾ' ਦੀਆਂ ਪ੍ਰਭਾਵਸ਼ਾਲੀ ਲਾਈਨਾਂ ਖ਼ੁਦ ਬ ਖ਼ੁਦ ਬੜਾ ਕੁਝ ਕਹਿ ਰਹੀਆਂ ਹਨ।

ਫ਼ਕੀਰ ਨੇ
ਹੁਜਰੇ ਦੇ ਸਾਹਮਣਿਓਂ ਲੰਘਦੇ
ਸਿਰ 'ਤੇ ਪੰਡਿਆਂ ਦੀ
ਪੰਡ ਚੁੱਕੀ ਜਾਂਦੇ ਮਜ਼ਦੂਰ ਨੂੰ
ਆਵਾਜ਼ ਦਿੱਤੀ
'ਥੱਕ ਗਿਆ ਹੋਵੇਂਗਾ
ਆ, ਕੁਝ ਦੇਰ ਮੇਰੇ ਹੁਜਰੇ ਵਿਚ ਆਰਾਮ ਕਰ ਲੈ'

'ਤੇਰਾ ਹੁਜਰਾ!'
ਮਜ਼ਦੂਰ ਨੇ ਸਹਿਜ ਭਾਅ ਕਿਹਾ
'ਜੇ ਇਹ ਹੁਜਰਾ ਤੇਰਾ ਹੈ
ਤਾਂ ਇੱਕ ਗੱਲ ਸਮਝ ਲੈ
ਫ਼ਕੀਰੀ ਦਾ ਘਰ
ਤੇਰੇ ਤੋਂ ਬਹੁਤ ਦੂਰ ਹੈ'

ਬਾਬੇ ਨਾਨਕ ਨੂੰ ਅਸੀਂ ਮੰਨਦੇ ਤਾਂ ਬਹੁਤ ਹਾਂ, ਉਸ ਦੇ ਨਾਂਅ ਨੂੰ ਵੀ ਆਪਣੇ ਫਾਇਦੇ ਲਈ ਸਹਿਜੇ ਈ ਵਰਤ ਲੈਂਦੇ ਹਾਂ, ਪਰ ਬਦਕਿਸਮਤੀ ਨੂੰ ਉਸ ਦੀ ਕਹੀ ਹੋਈ ਗੱਲ ਜਾਂ ਦਿੱਤੀ ਹੋਈ ਸਿੱਖਿਆ ਨੂੰ ਨਹੀਂ ਮੰਨਦੇ ਅਤੇ ਨਾ ਹੀ ਮੰਨਣ ਨੂੰ ਤਿਆਰ ਹੀ ਹਾਂ। ਸਦੀਆਂ ਬੀਤਣ ਬਾਅਦ ਵੀ ਉਸ ਹੀ ਭੰਬਲਭੂਸੇ ਵਿਚ ਫਸੇ ਹਾਂ ਜਿੱਥੋਂ ਕੱਢਣ ਲਈ ਬਾਬਾ ਨਾਨਕ ਜ਼ੋਰ ਲਾ ਕੇ ਤੁਰ ਗਿਆ। 'ਹਨੇਰੇ ਵਿਚ ਘਿਰੀ ਪੂਰਨਮਾਸ਼ੀ' ਵਿਚ ਹਰਮੀਤ ਵਿਦਿਆਰਥੀ ਨੇ ਅਜੋਕੇ ਸਮੇਂ ਦੇ ਸੱਚ ਦਾ ਚਿੱਠਾ ਫਰੋਲਿਆ ਹੈ।



ਅਜਬ ਵਰਤਾਰਾ ਸੀ
ਮਰਦਾਨਾ
ਬਾਹਰ ਜੋੜਿਆਂ ਵਾਲੇ
ਰੱਖਣੇ ਕੋਲ ਬੈਠਾ ਸੀ
ਅੰਦਰ ਗਿਆ
ਡੰਡੌਤ ਕਰ ਮੁੜ ਰਿਹਾ
ਕੌਡਾ ਰਾਖਸ਼ ਮੱਥੇ ਲੱਗਦਾ ਹੈ
ਬਾਬਰ ਲਹਿਰਾ ਰਿਹਾ ਚੌਰ ਸੀ
ਅੰਦਰ ਮੇਰਾ ਨਾਨਕ ਨਹੀਂ
ਕੋਈ ਹੋਰ ਸੀ...

ਦੋਸਤੋ, ਸ਼ੀਸ਼ਾ ਵੀ ਬੜੀ ਭਿਆਨਕ ਸ਼ੈਅ ਹੈ ਜੋ ਸੱਚ ਨੂੰ ਦਿਖਾਉਣ ਤੋਂ ਕਦੇ ਵੀ ਨਹੀਂ ਖੁੰਝਦਾ! ਸ਼ਾਇਦ ਆਪਣਾ ਧਰਮ ਨਿਭਾਉਂਦਾ ਹੈ। ਪਰ ਉਸ ਦੇ ਉਲਟ ਸ਼ੀਸ਼ੇ ਦੇ ਅੱਗੇ ਖੜ੍ਹਾ ਸ਼ਖ਼ਸ ਸ਼ੀਸ਼ੇ ਨੂੰ ਹੀ ਦੋਸ਼ ਦਿੰਦਿਆਂ ਖ਼ੁਦ ਦੀਆਂ ਖ਼ਾਮੀਆਂ ਤੋਂ ਸੁਰਖ਼ਰੂ ਹੋ ਜਾਂਦਾ ਹੈ। ਮਨ ਦੀ ਤਸੱਲੀ ਕਰ ਲੈਂਦਾ ਹੈ ਜਾਂ ਫਿਰ ਸ਼ੀਸ਼ੇ ਸਾਹਮਣੇ ਜਾਣ ਤੋਂ ਈ ਡਰਦਾ ਰਹਿੰਦਾ ਹੈ ਕਿ ਕਿਤੇ ਸੱਚ ਦਾ ਪਤਾ ਹੀ ਨਾ ਲੱਗ ਜਾਵੇ। ਜੀਵਨ ਜਿਉਂਦਿਆਂ, ਅਸੀਂ ਬਹੁਤ ਕੁਝ ਜਾਣਦਿਆਂ ਵੀ ਅਣਜਾਣ ਬਣੇ ਰਹਿੰਦੇ ਹਾਂ। 'ਸ਼ੀਸ਼ੇ ਸਾਹਵੇਂ' ਕਵਿਤਾ ਨੂੰ ਪੜਦਿਆਂ... ਪਾਠਕ ਖ਼ੁਦ ਨੂੰ ਸ਼ੀਸ਼ੇ ਮੂਹਰੇ ਖੜ੍ਹਾ ਮਹਿਸੂਸ ਕਰਦਾ ਹੈ।

ਸਾਰੇ ਰੰਗ ਬਦਰੰਗ ਹੋ ਗਏ
ਦੋਸ਼ ਕਿਸ ਦੇ ਸਿਰ ਧਰੀਏ
ਅਸੀਂ ਸਾਜ਼ਿਸ਼ੀ ਪਲਾਂ 'ਤੇ
ਇਲਜ਼ਾਮ ਲਾਉਂਦੇ ਰਹੇ
ਖ਼ੁਦ ਹੀ ਖ਼ੁਦ ਨੂੰ ਭੋਲੇ ਕਹਿ ਕੇ
ਖਹਿੜਾ ਛੁਡਵਾਉਂਦੇ ਰਹੇ
ਅੰਦਰਲਾ ਸੱਚ ਜਾਣਦੇ ਸਾਂ
ਇਸੇ ਲਈ ਸ਼ੀਸ਼ੇ ਸਾਹਵੇਂ ਜਾਣੋਂ
ਡਰਦੇ ਰਹੇ...

ਇਨਸਾਨ ਆਪਣੇ ਪਦਾਰਥਾਂ ਦੇ ਵਾ-ਵਰੋਲਿਆਂ ਵਿਚ ਹੀ ਘੁੰਮਦਾ ਰਹਿੰਦਾ ਹੈ। 'ਮੇਰਾ ਕੁਝ ਵੀ ਨਹੀਂ ਹੈ' ਵਿਚ ਹਰਮੀਤ ਵਿਦਿਆਰਥੀ ਇਨਸਾਨ ਦੇ ਵਜੂਦ ਬਾਰੇ ਕਿੱਡਾ ਵੱਡਾ ਸੱਚ ਕਹਿ ਗਿਆ! ਬਹੁਤ ਪਿਆਰੀਆਂ ਤੇ ਮਨ ਨੂੰ ਟੁੰਬਦੀਆਂ ਸਤਰਾਂ ਦਾ ਕਮਾਲ ਦੇਖੋ...

ਥੋੜ੍ਹਾ ਹਵਾ ਦਾ
ਥੋੜ੍ਹਾ ਮਿੱਟੀ ਦਾ
ਥੋੜ੍ਹਾ ਪਾਣੀ ਦਾ
ਮੈਂ ਪਤਾ ਨਹੀਂ
ਕਿਸ ਕਿਸ ਸ਼ੈਅ ਦਾ ਬਣਿਆ ਹੋਇਆ ਹਾਂ
ਸੱਚ ਹੈ
ਮੇਰੇ ਕੋਲ ਮੇਰਾ ਕੁਝ ਵੀ ਨਹੀਂ ਹੈ...

'ਸੰਤਾਲੀ ਦੇ ਉਜਾੜੇ' ਦਾ ਜ਼ਿਕਰ ਆਰ-ਪਾਰ ਦੇ ਪੰਜਾਬੀਆਂ ਨੂੰ ਧੁਰ ਅੰਦਰੋਂ ਝੰਜੋੜ ਜਾਂਦਾ ਹੈ ਅਤੇ ਨਾਲ ਦੀ ਨਾਲ ਹੈਵਾਨੀਅਤ ਦੇ ਕਲੰਕ ਨੂੰ ਵੀ ਯਾਦ ਕਰਾ ਜਾਂਦਾ ਹੈ। ਹਰਮੀਤ ਨੇ ਵੀ ਇਸ ਜੜ੍ਹਾਂ ਵਾਲੇ ਰਿਸਦੇ ਜ਼ਖ਼ਮ ਦੇ ਦਰਦ ਨੂੰ 'ਨਹੀਂ ਇਹ ਕੋਈ ਨਜ਼ਮ ਨਹੀਂ' ਰਚਨਾ ਵਿਚ ਬਾਖ਼ੂਬੀ ਬਿਆਨ ਕੀਤਾ ਹੈ।

ਅੱਜ ਸਵੇਰ ਦਾ
ਦਾਦਾ ਗੁਰਦਿੱਤ ਸਿੰਘ ਬਹੁਤ ਯਾਦ ਆ ਰਿਹੈ
ਉਹ ਇਹਨਾਂ ਦਿਨਾਂ ਨੂੰ
'ਹੱਲਿਆਂ ਦੇ ਦਿਨ' ਆਖਦਾ ਸੀ...
ਆਖਦਾ ਹੁੰਦਾ ਸੀ
'ਉਜਾੜੇ ਦਾ ਭਲਾ ਕਾਹਦਾ ਜਸ਼ਨ?'

ਆਜ਼ਾਦੀ ਦੇ ਪ੍ਰਵਾਨੇ-ਹੱਸਦੇ ਹੱਸਦੇ ਸੂਲੀ ਚੜ੍ਹ ਜਾਂਦੇ ਨੇ ਅਤੇ ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਦਾ ਫਾਇਦਾ ਹਮੇਸ਼ਾ ਮੌਕਾ ਪ੍ਰਸਤੀਆਂ ਦੇ ਹਿੱਸੇ ਆਉਂਦਾ ਹੈ। ਇਨ੍ਹਾਂ ਸ਼ਹੀਦਾਂ ਦੁਆਰਾ ਪਾਈਆਂ ਪੈੜਾਂ 'ਤੇ ਕੌਣ ਤੁਰੇ? 'ਯਾਰ ਭਗਤ ਸਿੰਘ...!' ਕਵਿਤਾ ਦੀਆਂ ਕੁਝ ਸਤਰਾਂ ਖ਼ੁਦ ਬ ਖ਼ੁਦ ਬੋਲ ਰਹੀਆਂ ਹਨ...

ਭਗਤ ਸਿਆਂ...!
ਤੂੰ ਸ਼ਹੀਦ ਏਂ ਆਜ਼ਮ ਹੀ ਰਹਿ
ਤੇਰੀ ਪੂਜਾ ਕਰਾਂਗੇ
ਤੈਨੂੰ ਯਾਰ ਬਣਾਉਣ ਦਾ
ਬੜਾ ਨੁਕਸਾਨ ਹੈ
ਯਾਰ ਬਣ ਕੇ ਤੇਰੇ ਨਾਲ ਤੁਰਨਾ ਪਵੇਗਾ
ਤੇਰੇ ਸੰਗ ਤੁਰਨਾ ਹੀ ਤਾਂ
ਸਭ ਤੋਂ ਮੁਸ਼ਕਲ ਹੈ

ਮਾਂ ਬੋਲੀ ਜਾਂ ਭਾਸ਼ਾ ਇੱਕ ਛੋਟਾ ਜਿਹਾ ਸ਼ਬਦ ਹੈ ਜੋ ਆਪਣੇ ਅੰਦਰ ਬੜੇ ਡੂੰਘੇ ਅਰਥ ਸਮਾਈ ਬੈਠਾ ਹੈ। ਮਾਂ ਬੋਲੀ ਮਨੁੱਖੀ ਸੱਭਿਅਤਾ ਅਤੇ ਸੱਭਿਆਚਾਰ ਦੇ ਅਨਮੋਲ ਖ਼ਜ਼ਾਨੇ ਦੀ ਨਿਸ਼ਾਨੀ ਹੁੰਦੀ ਹੈ। ਪੰਜਾਬੀ ਖੋਜ ਗੜ੍ਹ, ਕਸੂਰ ਦੇ ਸੰਸਥਾਪਕ ਅਤੇ ਪੰਜਾਬੀ ਬੋਲੀ ਤੇ ਵਿਰਸੇ ਦੇ ਨਾਮੀ ਕਾਰਕੁੰਨ 'ਇਕਬਾਲ ਕੈਸਰ' ਦੇ ਨਾਂਅ ਲਿਖੀ ਕਵਿਤਾ 'ਲਫ਼ਜ਼ਾਂ ਦਾ ਸਾਕ' ਵਿਚ ਹਰਮੀਤ ਵਿਦਿਆਰਥੀ ਸੱਚੋ-ਸੱਚ ਕਹਿ ਰਿਹਾ ਹੈ ਕਿ ਮਨੁੱਖੀ ਵੰਡੀਆਂ ਦੇ ਬਾਵਜੂਦ ਵੀ ਬੋਲੀ ਅਤੇ ਲਫ਼ਜ਼ਾਂ ਦੀ ਸਾਂਝ ਦੇ ਗਹਿਰੇ ਰਿਸ਼ਤੇ ਆਰ-ਪਾਰ ਦੇ ਪੰਜਾਬੀਆਂ ਨੂੰ ਆਪਸ ਵਿਚ ਜੋੜੀ ਰੱਖਦੇ ਹਨ।

ਇਕਬਾਲ ਕੈਸਰ!
ਸਾਡੀ ਬੋਲੀ
ਸਾਨੂੰ ਜੋੜੀ ਰੱਖਿਆ
ਲਫ਼ਜ਼ਾਂ ਦੇ ਸਾਕ 'ਚ ਰਲ ਕੇ
ਸਾਕ ਮਿੱਟੀ ਦਾ
ਹੋਰ ਵੀ ਗੂੜ੍ਹਾ ਹੋ ਗਿਆ

'ਸਭ ਤੋਂ ਖ਼ਤਰਨਾਕ ਹੁੰਦਾ ਏ ਸਾਡੇ ਸੁਪਨਿਆਂ ਦਾ ਮਰ ਜਾਣਾ'... ਦਗਦੀਆਂ ਅੱਖਾਂ ਵਾਲੇ ਇਨਕਲਾਬੀ ਕਵੀ ਅਵਤਾਰ ਪਾਸ਼ ਦਾ ਅਨੇਕਾਂ ਧੜਕਦਿਆਂ ਹਿਰਦਿਆਂ ਵਿਚ ਅੱਜ ਵੀ ਵਾਸਾ ਹੈ। ਪਾਸ਼ ਸਿਰਫ਼ ਇੱਕ ਨਾਮ ਨਹੀਂ, ਬਲਕਿ, ਸੋਚ, ਵਿਚਾਰਧਾਰਾ ਤੇ ਅਹਿਸਾਸ ਹੈ ਜੋ ਜਾ ਕੇ ਵੀ ਨਹੀਂ ਗਿਆ...। ਪਾਸ਼ ਨੂੰ ਚੇਤੇ ਕਰਦਿਆਂ' ਕਵਿਤਾ ਰਾਹੀਂ ਹਰਮੀਤ ਵਿਦਿਆਰਥੀ ਨੇ ਉਸ ਨੂੰ ਜਨਮ ਦਿਨ 'ਤੇ ਬੜੇ ਕਲਾਤਮਕ ਅੰਦਾਜ਼ ਨਾਲ ਯਾਦ ਕੀਤਾ...

ਪਾਸ਼
ਤੇਰੀਆਂ ਦਗਦੀਆ ਅੱਖਾਂ ਤੋਂ
ਅੱਖ ਬਚਾ ਕੇ
ਜਨਮ ਦਿਨ ਮੁਬਾਰਕ ਆਖਦਾਂ...

ਦੋਸਤੋ, ਹਰਮੀਤ ਵਿਦਿਆਰਥੀ ਦੀ ਇਸ ਲਾਜਵਾਬ ਪੁਸਤਕ ਵਿਚ ਹੋਰ ਬਹੁਤ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਸ਼ਾਇਰੀ ਸ਼ਾਮਲ ਹੈ ਜੋ ਪਾਠਕ ਦੇ ਮਨ 'ਚ ਚਿਰਜੀਵੀ ਅਸਰ ਛੱਡਦੀ ਜਾਂਦੀ ਹੈ। ਪੁਸਤਕ 'ਚ ਸ਼ਾਮਲ ਹਰੇਕ ਰਚਨਾ ਦਾ ਜ਼ਿਕਰ ਕਰਨਾ ਮੁਮਕਿਨ ਨਹੀਂ। 'ਧਰਤ ਪੁੱਤਰਾਂ ਦਾ ਫੈਸਲਾ', 'ਰੂਹ ਦਾ ਚੋਲਾ', 'ਕੁਕਨੂਸ', 'ਚੱਲ ਤੁਰ', 'ਨੁਮਾ ਜ਼ਿੰਦਾਬਾਦ', 'ਕਾਇਆ ਕਲਪ', 'ਪਾਪ ਦੀ ਜੰਞ ਦੇ ਜਾਂਞੀ', 'ਮੁਹੱਬਤ', 'ਪਗਡੰਡੀਆਂ', 'ਜੀਣ ਦੇ ਅਰਥ', 'ਖੜੋਤ ਤੋਂ ਬਾਅਦ' ਅਤੇ 'ਪਾਠਕ ਨਾਲ ਸੰਵਾਦ' ਰਚਨਾਵਾਂ ਵੀ ਪਾਠਕ ਦਾ ਧਿਆਨ ਖਿੱਚਦੀਆਂ ਹਨ।

ਮੈਨੂੰ ਇਹ ਪੁਸਤਕ ਬੜੀ ਚੰਗੀ ਲੱਗੀ। ਆਸ ਕਰਦਾ ਹਾਂ ਆਪ ਜਿਹੇ ਸੁਹਿਰਦ ਪਾਠਕ ਵੀ ਇਸਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਹਰਮੀਤ ਵਿਦਿਆਰਥੀ ਦੇ ਅਗਲੇ ਅਤੇ ਅਗਲੇਰੇ ਸਾਹਿਤਕ ਸਫ਼ਰ ਲਈ ਮੇਰੀਆਂ ਸ਼ੁੱਭ ਕਾਮਨਾਵਾਂ ਵਿਚ ਸ਼ਾਮਲ ਹੋਵੋਗੇ। ਜ਼ਿੰਦਗੀ ਜ਼ਿੰਦਾਬਾਦ।

# ਰਾਜੇਸ਼ ਸ਼ਰਮਾ ਦੀ ਹਿੰਦੀ ਕਾਵਿ-ਪੁਸਤਕ, 'ਦੇਖਨਾ ਹੋਗਾ' 'ਤੇ ਇਕ ਨਜ਼ਰ

ਮੈਨੂੰ ਕਵਿਤਾ ਭਾਵੇਂ ਇਹ ਪੰਜਾਬੀ, ਹਿੰਦੀ, ਉਰਦੂ ਜਾਂ ਅੰਗਰੇਜ਼ੀ ਵਿਚ ਹੋਵੇ ਜਾਂ ਇਨ੍ਹਾਂ ਭਾਸ਼ਾਵਾਂ ਵਿਚ ਅਨੁਵਾਦ ਹੋਵੇ, ਪੜ੍ਹਨੀ, ਲਿਖਣੀ ਅਤੇ ਉਸ ਬਾਰੇ ਲਿਖਣਾ ਜਾਂ ਗੱਲ ਕਰਨੀ ਅੱਛੀ ਲਗਦੀ ਹੈ। ਫਿਰ ਰਾਜੇਸ਼ ਹੋਰਾਂ ਵਾਂਗ ਇਨ੍ਹਾਂ ਦੀ ਕਵਿਤਾ ਵੀ ਬਹੁਤ ਕਰੀਬੀ ਜਾਪਦੀ ਹੈ, ਸੋ ਇਹ ਮੈਨੂੰ ਉਨ੍ਹਾਂ ਦੀ ਇਸ ਕਾਵਿ-ਰਚਨਾ ਦੇ ਹੋਰ ਵੀ ਨੇੜੇ ਲੈ ਜਾਂਦੀ ਹੈ। ਰਾਜੇਸ਼ ਭਾਵੇਂ ਅੰਗਰੇਜ਼ੀ ਦੇ ਪ੍ਰੋਫੈਸਰ ਅਤੇ ਲੇਖਕ ਰਹੇ ਹਨ, ਪਰ ਉਹ ਪੰਜਾਬੀ ਅਤੇ ਹਿੰਦੀ ਵਿਚ ਵੀ ਆਪਣੀਆਂ ਲੇਖਣੀਆਂ ਅਤੇ ਅਲੋਚਨਾਵੀ ਗਤੀਵਿਧੀਆਂ ਲਈ ਲਗਾਤਾਰ ਤਤਪਰ ਰਹੇ ਹਨ। ਮੈਨੂੰ ਯਾਦ ਹੈ, ਕੁਝ ਵਰ੍ਹੇ ਪਹਿਲਾਂ ਜਦ ਪਾਸ਼, ਲਾਲ ਸਿੰਘ ਦਿੱਲ ਅਤੇ ਹਿੰਦੀ ਦੇ ਕਈ ਕਵੀਆਂ ਦੀਆਂ ਕਵਿਤਾਵਾਂ ਦੇ ਉਨ੍ਹਾਂ ਵਲੋਂ ਕੀਤੇ ਅੰਗਰੇਜ਼ੀ ਵਿਚ ਅਨੁਵਾਦ ਆਏ ਸਨ ਅਤੇ ਫਿਰ ਟੈਗੋਰ ਦੀਆਂ

**ਗੁਰਦੇਵ ਚੌਹਾਨ**

ਕਵਿਤਾਵਾਂ ਦੇ ਪੰਜਾਬੀ ਅਨੁਵਾਦ ਦੀ ਪੁਸਤਕ, 'ਮੌਜੀ ਪਰਿੰਦੇ' ਛਪੀ ਸੀ, ਤਾਂ ਵੀ ਮੈਂ ਉਸ ਪੁਸਤਕ ਬਾਰੇ ਲਿਖਿਆ ਸੀ।

'ਦੇਖਣਾ ਹੋਗਾ' ਉਨ੍ਹਾਂ ਮੈਨੂੰ ਕੈਲੇਫੋਰਨੀਆਂ (ਅਮਰੀਕਾ) ਵਿਚ ਪਿਛਲੇ ਸਾਲ; ਅਕਤੂਬਰ ਵਿਚ ਹੋਈ 25ਵੀਂ ਸਾਲਾਨਾ ਪੰਜਾਬੀ ਕਾਨਫਰੰਸ ਵਿਚ ਦਿੱਤੀ ਸੀ, ਪਰ ਮੇਰੀ ਅਣਗਹਿਲੀ ਕਾਰਨ ਇਹ ਮੇਰੇ ਕੋਲ ਅਣਗੌਲੀ ਹੀ ਪਈ ਰਹੀ। ਕੁਝ ਦਿਨ ਪਹਿਲਾਂ ਜਦ ਇਹ ਮੇਰੀ ਅਚਾਨਕ ਨਜ਼ਰ ਪਈ ਮੈਂ ਤਾਂ ਝੱਟ ਚੁੱਕ ਪੜ੍ਹ ਲਿਆ। ਸਚਮੁਚ ਇਸ ਪੁਸਤਕ ਨੇ ਕਵਿਤਾ ਬਾਰੇ ਜਿਵੇਂ ਮੇਰੀ ਸਮੁੱਚੀ ਸਮਝ, ਪਛਾਣ ਅਤੇ ਦ੍ਰਿਸ਼ਟੀਕੋਣ ਹੀ ਕਿਸੇ ਹੱਦ ਤੀਕ ਬਦਲ ਦਿੱਤਾ ਹੋਵੇ। ਇਹ ਕਵਿਤਾਵਾਂ ਆਪਣੀ ਲਿਖਣ ਸ਼ੈਲੀ ਵਿਚ ਹੀ ਨਹੀਂ, ਵਿਸ਼ੇ ਚਿੰਤਾਵਾਂ, ਦ੍ਰਿਸ਼ ਅਤੇ ਕਵੀ ਦੀ ਦੇਖਣ ਵਾਲੀ ਅੱਖ, ਬਿਆਨ ਅਤੇ ਨੀਝ ਲਈ ਵੀ ਵੱਖਰੀ ਹੈ। ਅਸੀਂ ਇਨ੍ਹਾਂ ਨੂੰ ਸਾਕਸ਼ੀ ਭਾਵ ਦੇ ਪੱਖ ਵਜੋਂ ਵੀ ਸੋਚ, ਸਮਝ, ਵੇਖ, ਜਾਣ ਅਤੇ ਮਾਣ ਸਕਦੇ ਹਾਂ।


ਇਹ ਪੁਸਤਕ ਆਟਮ ਆਰਟ ਪਟਿਆਲਾ ਨੇ ਬੜੀ ਨੀਝ ਨਾਲ ਛਾਪੀ ਹੈ। ਜਿਹੜੀ ਚੀਜ਼ ਇਸ ਦੀ ਛਪਾਈ ਵਿਚ ਹੋਰ ਵੀ ਵੱਖਰੀ ਹੈ, ਉਹ ਹੈ ਇਸ ਵਿਚਲੇ ਚਿਤੱਰ, ਜਿਹੜੇ ਇਨ੍ਹਾਂ ਕਵਿਤਾਵਾਂ ਨੂੰ ਹੋਰ ਵੀ ਵਿਸਤਾਰਦੇ, ਨਿਖਾਰਦੇ ਅਤੇ ਨਿਹਾਰਦੇ ਹਨ। ਸੋ ਪਹਿਲਾਂ ਇਸ ਕਾਵਿ ਦੇ ਵਿਸ਼ਿਆਂ ਵੱਲ ਹੀ ਸਰਸਰੀ ਝਾਤ ਮਾਰ ਲੈਂਦੇ ਹਾਂ। ਬਾਣੀ, ਅਨੁਭਵ, ਸੇਜੈਨ, ਭਵਨ, ਮੂਰਤੀਕਾਰ, ਕਵਿਤਾ ਰਸ ਦਾ ਵਿਆਕਰਣ, ਸਾਧਨਾ ਸੰਗੀਤ ਦੀ, ਅਨੁਵਾਦ, ਅਤੇ ਸ਼ਬਦਕੋਸ਼ ਇਹ ਕ੍ਰਮਵਾਰ ਇਸ ਪੁਸਤਕ ਦੀਆਂ ਪਹਿਲੀਆਂ 10 ਕਵਿਤਾਵਾਂ ਦੇ ਨਾਂ ਹਨ, ਇਸ ਤੋਂ ਪਾਠਕ ਸਹਿਜੇ ਹੀ ਇਨ੍ਹਾਂ ਕਵਿਤਾਵਾਂ ਦੀ ਧਰਾਤਲ, ਪਹੁੰਚ, ਵੰਨਗੀ ਅਤੇ ਵੱਖਰਤਾ ਦਾ ਅੰਦਾਜ਼ਾ ਲਗਾ ਸਕਦੇ ਹਨ।

ਹੁਣ ਇਨ੍ਹਾਂ ਕਵਿਤਾਵਾਂ ਦੀ ਗੱਲ। ਇਹ ਕਿਤਾਬ ਭਾਵੇਂ ਇਕ ਵੱਖਰੀ ਪੁਸਤਕ-ਆਕਾਰੀ ਵਿਆਖਿਆ ਮੰਗਦੀ ਹੈ, ਪਰ ਮੈਂ ਸੰਖੇਪ ਰਹਾਂਗਾ ਕਿਉਂਕਿ ਮੈਂ ਅਜੇ ਇਸ ਨੂੰ ਹੋਰ ਵਕਤ ਦੇਣਾ ਹੈ, ਜਦ ਵੀ ਹੋ ਸਕਿਆ। ਇਸ ਪੁਸਤਕ ਦੀਆਂ ਕੁਝ ਕਵਿਤਾਵਾਂ ਨਿਰੋਲ ਕਲਾ ਨਾਲ ਸਬੰਧਿਤ ਹਨ, ਜਿਨ੍ਹਾਂ ਵਿਚ ਸੇਜੈਨ, ਭਵਨ, ਮੂਰਤੀਕਾਰ, ਸਾਧਨਾ ਸੰਗੀਤ ਦੀ, ਕੂਲ ਜੈਜ਼ ਅਤੇ ਗਰੇਨਾਈਟ ਦਾ ਏਕਾਲਾਪ, ਰਸ ਦਾ ਵਿਅਕਰਣ ਆਦਿ ਆਉਂਦੀਆਂ ਹਨ। ਸੇਜੈਨ, ਇਕ ਫਰਾਂਸੀਸੀ ਕਲਾਕਾਰ ਸੀ, ਭਵਨ ਦਾ ਨਿਰਮਾਤਾ ਅਤੇ ਮੂਰਤੀਕਾਰ ਤੁਹਾਨੂੰ ਆਪ ਇਨ੍ਹਾਂ ਕਵਿਤਾਵਾਂ ਵਿਚੋਂ ਢੂੰਡਣਾ ਪਵੇਗਾ। ਕੂਲ ਜੈਜ਼ ਪਛਮੀ ਸੰਗੀਤ ਦੀ ਇਕ ਪਰੰਪਰਾ ਹੈ, ਰਸ ਦਾ ਵਿਆਕਰਣ ਵਿਚ ਲਿਵਰਪੂਲ (ਇੰਗਲੈਂਡ) ਦੀ ਸੜਕ ਉਤੇ ਇਕ ਗਿਟਾਰਵਾਦਕ ਬਾਰੇ ਹੈ ਅਤੇ ਗਰੇਨਾਈਟ ਦਾ ਇਕਲਾਪਾ ਵਿਚ ਸਾਨਫਰਾਂਸਿਸਕੋ ਵਿਚ ਪਏ ਅਗੈਸਟੇ ਰੌਦੈਨ ਬੁੱਤਘਾੜੇ ਦੇ ਗਰੇਨਾਈਟ (ਪੱਥਰ) ਵਿਚੋਂ ਸਿਰਜੇ ਮਨੁੱਖੀ ਬੁੱਤ ਬਾਰੇ ਹੈ, ਜਿਸ ਦਾ ਬਣਾਇਆ ਚਿੰਤਕ ਦਾ ਬੁੱਤ ਜਗਤ ਪ੍ਰਸਿੱਧ ਹੈ। ਇਨ੍ਹਾਂ ਕਵਿਤਾਵਾਂ ਵਿਚ ਪੇਸ਼ ਵਰਨਣ ਅਤੇ ਵੇਖਣ ਵਿਧੀ ਆਪਣੇ ਆਪ ਵਿਚ ਇਕ ਅਲੱਗ ਕਾਵਿ-ਕਾਰੀ ਵਿਧਾ ਵੀ ਬਣ ਗਈ ਜਾਪਦੀ ਹੈ। ਮਿਸਾਲ ਲਈ ਅਸੀਂ ਗਰੇਨਾਈਟ ਵਾਲੀ ਕਵਿਤਾ ਦੇ ਕੁਝ ਅੰਸ਼ ਲੈਂਦੇ ਹਾਂ ਜਿਨ੍ਹਾਂ ਦਾ ਮੈਂ ਪੰਜਾਬੀ-ਕਰਣ ਪੇਸ਼ ਕਰ ਰਿਹਾ ਹਾਂ।

ਉਹ /ਨਰਕ ਦੇ ਦਰਵਾਜ਼ੇ 'ਤੇ ਬੈਠਾ/ਚਿੰਤਨ ਵਿਚ ਡੁੱਬਿਆ;ਰੌਦਨ ਦਾ ਬੁੱਤ ਨਹੀਂ
ਕਿਸੀ ਦੇ ਸਵਰਗ ਦੀ/ਸੜਕ ਉੱਤੇ ਨਰਕ ਭੋਗਦਾ
ਇਕ ਹੋਰ ਕੋਈ ਹੈ/ਚਿੰਤਾ ਵਿਚ ਡੁੱਬਿਆ ਆਪਣੀ/ਉਸ ਮੈਂ ਨੂੰ ਢੂੰਡਦਾ
ਜਿਸ ਨਾਲ ਉਹ ਕਦੇ/ਗੱਲਾਂ ਕਰਦਾ ਸੀ/ਚੁਪਚਾਪ

ਜਿੱਥੇ ਅਨੁਵਾਦ ਨਾਮਕ ਕਵਿਤਾ ਵਿਚ ਅਨੁਵਾਦ ਬਾਰੇ ਬਹੁਤ ਨਿਵੇਕਲੇ ਅੰਦਾਜ਼ ਵਿਚ ਗੱਲ ਹੁੰਦੀ ਹੈ ਉੱਥੇ ਸ਼ਬਦਕੋਸ਼ ਕਵਿਤਾ ਵਿਚ ਪੁਸਤਕੀ ਪਾਠਕ ਮਾਹੌਲ ਅਤੇ ਸ਼ਬਦ ਸੰਸਾਰ ਦੀ ਵਿਆਪਕਤਾ ਦਾ ਆਲਮ ਹੈ। ਅਨੁਵਾਦ ਨੂੰ ਇਕ ਤਰ੍ਹਾਂ ਨਾਲ ਕਵੀ ਆਪਣੀ ਇਸ ਕਵਿਤਾ ਦੀਆਂ ਪਹਿਲੀਆਂ ਦੋ ਸਤਰਾਂ ਵਿਚ ਹੀ ਨਿਚੋੜ ਲੈਂਦਾ ਹੈ। ਇਹ ਹਨ:

'ਮੱਧ-ਮਾਰਗ ਹੈ/ਅਨੁਵਾਦ ਕ੍ਰਮ'। ਇਸੇ ਤਰ੍ਹਾਂ ਉਹ ਅਨੁਵਾਦ ਨੂੰ 'ਆਸਥਾ ਅਤੇ ਅਨਾਸਥਾ ਕੇ ਬੀਚ ਭਾਸ਼ਾ ਕੀ ਆਲੌਕਿਕ ਦੇਹ-ਖੰਡ ਮੇਂ ਵਿਚਰਦਾ ਯਾਯਾਵਰ' (ਘੁਮੱਕੜ) ਆਖਦਾ ਹੈ। ਸ਼ਬਦਕੋਸ਼ ਬਾਰੇ ਇਹ ਕਹਿਣਾ ਕਿ 'ਉਸ ਕੇ ਆਲੋਕ ਮੇਂ ਅਰਥ ਕਾਇਆ ਧਾਰਨ ਕਰਤਾ ਹੈ' ਇਕ ਤਰ੍ਹਾਂ ਨਾਲ 'ਸ਼ਬਦ-ਕੋਸ਼ ਦੀ ਰੂਹ ਨੂੰ ਪਕੜਨਾ ਹੈ। 'ਉੱਤਰ ਦਾ ਸੰਮੋਹਨ' ਵਿਚ ਉਹ ਆਖਦਾ ਹੈ ਕਿ 'ਨਹੀਂ ਪਹੁੰਚਨੇ ਕੇ ਲੀਏ




ਭੀ, ਕਰਨੀ ਹੋਤੀ ਹੈ ਯਾਤਰਾ/ ਉੱਤਰ ਕਾ ਸੰਮੋਹਨ/ ਟੂਟਨਾ ਹੋਤਾ ਹੈ। 'ਪੁਸਤਕੇਂ' ਕਵਿਤਾ ਵਿਚ ਉਹ ਕਿਤਾਬਾਂ ਤੋਂ ਬਗੈਰ ਯੁੱਗ ਬਾਰੇ ਕਿਆਸਦਾ ਹੈ,

'ਛੋਟਾ ਸਾ ਸੰਸਾਰ ਹੋਗਾ ਹਰ ਕਿਸੀ ਕਾ/ਨਹੀ ਉੱਤਰਨੀ ਚੜ੍ਹਨੀ ਹੋਗੀ ਵਾਕਿਓਂ ਮੇਂ ਛਿੱਪੀ ਨਦੀ
ਨਰਮਲ ਸੁੱਖ ਹੋਗਾ, ਸੁਖ ਦੁੱਖ ਕੀ ਚੇਤਨਾ ਸੇ ਉਕਲਿਕਸ਼ਿਤ
ਬੱਚੋਂ ਕੋ ਪੁਸਤਕ ਪੜ੍ਹ ਕਰ ਸੁਨਾਨੇ ਕਾ ਬਖੇੜਾ ਨਹੀਂ ਹੋਗਾ'।

'ਨਾਤੀ, ਨਾਨੀ ਔਰ ਕਹਾਨੀ' ਵੀ ਅੰਤਿਅੰਤ ਦਿਲਚਸਪ ਹੈ ਜਿਸ ਵਿਚ ਕਵੀ ਆਪਣੇ ਪਤਨੀ ਦੇ ਆਪਣੇ ਦੋਹਤੇ ਨੂੰ ਸਕੂਲ ਛੱਡਣ ਅਤੇ ਸਕੂਲੋਂ ਘਰ ਲਿਆਉਣ ਦੇ ਕਾਰਜ ਵਿਚਕਾਰ ਵਾਪਰਦੇ ਪਲਾਂ ਦਾ ਸੁੰਦਰ ਆਲਮ ਸਿਰਜਦਾ ਹੈ। ਕਿਹੜੀ ਕਿਹੜੀ ਕਵਿਤਾ ਦੀ ਗੱਲ ਕੀਤੀ ਜਾਵੇ ਇਸ ਕਿਤਾਬ ਦੀਆਂ ਸਾਰੀਆਂ ਨਵੀਂ ਛੋਹ ਵਾਲੀਆਂ 41 ਕਵਿਤਾਵਾਂ ਹੀ ਰਚਨਾਤਮਿਕਤਾ ਦੀ ਖਾਣ ਹਨ। ਅੰਤ ਵਿਚ ਮੈਂ ਆਪਣੇ ਉਪਰੋਕਤ ਕਥਨਾਂ ਦੀ ਪੁਖ਼ਤਗੀ ਵਜੋਂ ਇਕ ਪੂਰੀ ਕਵਿਤਾ ਦਾ ਅਨੁਵਾਦ ਦਿੰਦਾ ਹਾਂ, ਇਤਫ਼ਾਕ ਨਾਲ ਇਸ ਦਾ ਨਾਂ ਵੀ ਕਵਿਤਾ ਹੈ:

ਕਵਿਤਾ
ਖਿੜਕੀ ਦੇ ਅੰਦਰ ਝਾਕਦੀ ਹੈ
ਚੌਖਟ ਉੱਤੇ ਠਿਠਕ ਜਾਂਦੀ ਹੈ
ਪਰਤ ਜਾਂਦੀ ਹੈ, ਡਿਉੜੀ ਤੋਂ
ਜੇਕਰ ਆਉਂਦੀ ਵੀ ਹੈ ਕਿਸੇ ਕਮਰੇ ਵਿਚ
ਘੜੀ ਪਲ ਲਈ
ਤਾਂ ਕੁਝ ਕਹਿਣ ਲਈ ਨਹੀਂ
ਉਸ ਦਾ ਵਾਕਿਫ ਜਿਹਾ ਚਿਹਰਾ
ਵਰਖਾ ਵਿਚ
ਕਿਸੇ ਚਿਤਰ ਦੀ ਸਿਆਹੀ ਜਿਹਾ
ਘੁਲਦਾ ਰਹਿੰਦਾ ਹੈ
ਉਸ ਦੀ ਅਣਪਛਾਤੀ ਗੰਧ
ਸਦੀਆਂ ਲਈ ਵਰਤਣ ਵਾਲੇ ਕਪੜਿਆਂ
ਦਾ ਝੌਲਾ ਦਿੰਦੀ ਹੈ
ਦਸਾਂ ਸਾਲਾਂ ਬਾਅਦ
ਲਾਇਬ੍ਰੇਰੀ ਤੋਂ ਕੱਢੀ ਬੁੱਢੀ ਕਿਤਾਬ
ਦੇ ਪੰਨਿਆਂ ਦਾ
ਅਲਮਾਰੀ ਵਿਚ ਰੱਖੇ ਨਿੰਮ ਦੇ
ਬਿਲਕੁਲ ਸੁੱਕੇ ਪੱਤਿਆਂ ਵਿਚ ਬਚੀ ਗੰਧ
ਦੀ ਕੌੜੀ ਯਾਦ ਦਾ
ਯਾਦ ਅਤੇ ਕਲਪਨਾ ਦੀ
ਸਪਸ਼ਟਤਾ ਦਾ ਭਰਮ
ਥੋਹੜਾ ਹੋਰ ਪਿਘਲਦਾ ਹੈ
ਉਸ ਦੇ ਆਉਂਦੇ ਹੋਏ ਨਾ ਆਉਣ ਵਿਚ
ਨਾ ਜਾਂਦੇ ਹੋਏ ਆਉਣ ਵਿਚ
ਉਸ ਨੂੰ ਦੇਹੀ ਦੀ ਚੋਣ ਨਹੀਂ ਕਰਨੀ ਹੋਵੇਗੀ
ਉਹ ਤਾਂ ਆਪ ਪੂਰੀ ਦੇਹੀ ਹੋ ਜਾਂਦੀ ਹੈ
ਤਰਕਾਲਾਂ ਦੇ ਬੂਹੇ 'ਤੇ ਕੋਈ ਧੁੱਪ ਜਿਹੀ ਚੜ੍ਹਦੀ ਹੈ
ਇਕ ਅਸੰਭਵ ਪਾਰਦਰਸ਼ਤਾ ਦੀ ਪੁਸ਼ਾਕ ਪਾਈ
ਦੇਹੀ ਬਣਦੀ ਹੈ ਮੁਕਤੀ ਲਈ
ਜਨਮ-ਮੁਕਤਾ ਹੈ ਕਵਿਤਾ।

# ਧਰਤੀ ਉੱਤੇ ਆਏਗੀ ਮਹਾਪਰਲੋ !

ਖ਼ਬਰਾਂ ਚੱਲ ਰਹੀਆਂ ਹਨ ਕਿ 9 ਸਾਲ ਦੀ ਬੱਚੀ ਨੇ ਪੁੱਤਰ ਨੂੰ ਜਨਮ ਦਿੱਤਾ ਹੈ। ਇਹ ਮਨੁੱਖੀ ਸਮਾਜ ਦੇ ਪਤਨ ਦੀ ਸ਼ਿਖਰ ਹੈ। ਇਹ ਸੱਭ ਕੁੱਝ ਵੇਖ ਕੇ ਪਰਮਾਤਮਾ ਦੇ ਸਬਰ ਦਾ ਪਿਆਲਾ ਹੁਣ ਭਰ ਗਿਆ ਹੈ! ਹੁਣ ਧਰਤੀ ਉੱਤੇ ਮਹਾਪਰਲੋ ਆਏਗੀ! ਗੁਨਾਹਗਾਰ ਤਾਂ ਉਸ ਪਰਲੋ ਵਿਚ ਰੁੜ੍ਹ ਹੀ ਜਾਏਗਾ! ਬਲਕਿ ਬੇਗੁਨਾਹ ਵੀ ਰੁੜ੍ਹ ਜਾਣਗੇ। ਮੈਂ ਕੋਈ ਜੋਤਸ਼ੀ ਨਹੀਂ ਹਾਂ ਅਤੇ ਨਾ ਹੀ ਮੈਂ ਕੋਈ ਬ੍ਰਹਮ-ਗਿਆਨੀ ਹਾਂ! ਹਰ ਰੋਜ਼ ਅਖ਼ਬਾਰਾਂ, ਰਸਾਲਿਆਂ, ਟੀ ਵੀ ਚੈਨਲਾਂ ਅਤੇ ਸੋਸ਼ਲ ਮੀਡੀਏ ਉੱਤੇ ਆ ਰਹੀਆਂ ਖ਼ਬਰਾਂ ਪੜ੍ਹਨ ਤੋਂ ਬਾਅਦ ਮੇਰਾ ਇਹ ਅੰਦਾਜ਼ਾ ਹੈ ਕਿ ਰੱਬ ਹੁਣ ਅੱਕ-ਥੱਕ ਗਿਆ ਹੈ, ਬੰਦੇ ਦੀਆਂ ਕਰਤੂਤਾਂ ਦੇਖ ਕੇ! ਸਿਸਟਮ ਨੂੰ ਚਲਾਉਣ ਲਈ ਵਾਹਿਗੁਰੂ ਨੇ ਮਨੁੱਖ ਨੂੰ ਦਿਮਾਗ ਦਿੱਤਾ ਸੀ ਕਿ ਤੂੰ ਇਸ ਦੀ ਵਰਤੋਂ ਧਰਮ ਕਰਮ ਲਈ ਕਰਨੀ ਏ! ਕੁਦਰਤ ਦਾ ਸਿਸਟਮ ਤੇਰੇ ਦਿਮਾਗ ਕਰਕੇ ਨਹੀਂ ਵਿਗੜਨਾ ਚਾਹੀਦਾ!

ਬੰਦੇ ਨੂੰ ਸੋਝੀ ਦੇਣ ਲਈ ਇਸ ਧਰਤੀ ਉੱਤੇ ਪੀਰ-ਪਗੰਬਰ ਆਏ, ਸੰਤ ਮਹਾਪੁਰਸ਼ ਆਏ, ਗੁਰੂ ਸਾਹਿਬਾਨ ਆਏ! ਵੱਖ-ਵੱਖ ਧਰਮਾਂ ਦੇ ਗੁਰੂਆਂ, ਪੀਰਾਂ-ਪੈਗੰਬਰਾਂ ਅਤੇ ਮਹਾਪੁਰਸ਼ਾਂ ਨੇ, ਬੰਦੇ ਨੂੰ ਸਰਬੱਤ ਦੇ ਭਲੇ ਦੇ ਮਾਰਗ ਉੱਤੇ ਚੱਲਣ ਲਈ ਸ਼ਬਦ ਦਾ ਗਿਆਨ, ਕਿਤੇ ਅੰਜੀਲ ਰਾਹੀਂ, ਕਿਤੇ ਬਾਈਬਲ ਰਾਹੀਂ, ਕਿਤੇ ਕੁਰਾਨ ਰਾਹੀਂ, ਕਿਤੇ ਗੀਤਾ ਰਾਹੀਂ ਅਤੇ ਕਿਤੇ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦੀ ਮਹਾਨ ਪਵਿੱਤਰ ਬਾਣੀ ਰਾਹੀਂ ਦਿੱਤਾ! ਹਰ ਧਾਰਮਕ ਗ੍ਰੰਥ ਵਿਚ ਹਰ ਮਹਾਪੁਰਸ਼ ਨੇ ਲਿਖਿਆ ਕਿ ਤੂੰ ਰੱਬ ਦਾ ਬੰਦਾ ਬਣ ਕੇ ਰਹੀਂ ਅਤੇ ਧਰਮ-ਕਰਮ ਦੇ ਕੰਮ ਕਰਦਿਆਂ ਸਰਬੱਤ ਦਾ ਭਲਾ ਕਰੀਂ! ਹੁਣ ਮੈਂ ਜੋ ਦੇਖ ਰਿਹਾਂ ਬੰਦਾ, ਬੰਦਾ ਨਹੀਂ ਰਿਹਾ ਬਲਕਿ ਵਹਿਸ਼ੀ ਦਰਿੰਦਾ ਬਣ ਗਿਆ ਹੈ! ਚਾਰੇ ਪਾਸੇ ਕੂੜ ਦਾ ਪਸਾਰਾ ਹੈ! ਕੂੜ ਦੇ ਪਸਾਰੇ ਵਿਰੁੱਧ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੇ ਰੋਟੀਆਂ ਕਾਰਨ ਪੂਰੇ ਤਾਲ ਵਾਲੀ ਪਗਡੰਡੀ ਉੱਤੇ ਤੁਰ ਰਹੇ ਹਨ! ਸੱਚ ਦੇ ਪਾਂਧੀ, ਝੂਠਿਆਂ ਨੂੰ ਝੂਠੇ ਕਹਿਣ ਦੀ ਬਜਾਏ ਉਨ੍ਹਾਂ ਦੀ ਹਮਾਇਤ ਕਰ ਰਹੇ ਹਨ! ਧਨ ਕੁਬੇਰ ਧਨ ਲੁੱਟੀ ਜਾ ਰਹੇ ਹਨ! ਇਹ ਕਹਿਣ ਵਾਲੇ ਗੂੜ੍ਹੀ ਨੀਂਦ ਸੌਂ ਗਏ ਕਿ ਪਾਪਾਂ ਬਾਝੋਂ ਹੋਵੈ ਨਾਹੀਂ, ਮੋਇਆ ਸਾਥ ਨਾ ਜਾਏ॥



ਧਰਮ ਵਰਗੀ ਪਵਿੱਤਰ ਵਿਚਾਰਧਾਰਾ ਜਿਸ ਨੇ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਸਿਖਾਉਣੀਆਂ ਸਨ, ਧਰਮੀਆਂ ਨੇ ਰੋਜ਼ੀ-ਰੋਟੀ ਦਾ ਸਾਧਨ ਬਣਾ ਲਿਆ ਹੈ! ਮਨੁੱਖ, ਮਨੁੱਖ ਨਹੀਂ ਰਿਹਾ, ਵਹਿਸ਼ੀ ਦਰਿੰਦਾ ਬਣ, ਇਥੇ ਪਹੁੰਚ ਗਿਆ ਕਿ ਆਪਣੀਆਂ ਹੀ ਧੀਆਂ ਦਾ ਰੇਪ ਕਰਨ ਲੱਗ ਪਿਆ! ਜਿਸ ਜਨਨੀ ਨੇ ਜਨਮ ਦਿੱਤਾ ਉਸੇ ਦੇ ਪੁੱਤ ਨੇ ਉਸ ਦੀ ਪੱਤ ਲੁੱਟ ਲਈ! ਜਿਨ੍ਹਾਂ ਸ਼ਾਸਕਾਂ ਨੇ ਮਨੁੱਖ ਦੀ ਹਿਫਾਜ਼ਤ ਕਰਨੀ ਸੀ, ਉਹ ਹੀ ਉਸ ਨੂੰ ਲੁੱਟਣ-ਕੁਟਣ ਦੇ ਰਾਹ ਪੈ ਗਿਆ!

ਮੈਂ ਪੜ੍ਹਿਆ ਕਿ ਕੁੱਝ ਬੱਚੇ ਚੁੱਕਣ ਵਾਲੇ ਗਰੋਹ, ਉਨ੍ਹਾਂ ਦਾ ਦਿਲ, ਲੀਵਰ ਅਤੇ ਗੁਰਦੇ ਕੱਢ ਕੇ ਵੇਚ ਰਹੇ ਹਨ ਅਤੇ ਬਾਕੀ ਸਰੀਰ ਨੂੰ ਮਨੁੱਖ ਦੇ ਖਾਣ ਲਈ ਵਰਤ ਰਹੇ ਹਨ! ਦੁਨੀਆ ਦੇ ਹਰ ਦੇਸ਼ ਦਾ ਸ਼ਾਸਕ ਆਪਣੇ ਦੇਸ ਦੀ ਏਕਤਾ ਅਤੇ ਅਖੰਡਤਾ ਦੇ ਨਾਮ ਹੇਠ ਬੇਗੁਨਾਹ ਪਰਜਾ ਉੱਤੇ ਜ਼ੁਲਮ ਕਰੀ ਜਾ ਰਿਹਾ ਹੈ! ਮਾਸੂਮ ਬੱਚੀਆਂ ਨਾਲ ਦੇਸ ਦੀ ਏਕਤਾ ਅਤੇ ਅਖੰਡਤਾ ਦੇ ਨਾਮ ਹੇਠ ਫੌਜ ਵੱਲੋਂ ਪੱਤ ਲੁੱਟੀ ਜਾ ਰਹੀ ਹੈ! ਇਸ ਜ਼ੁਲਮ ਦੇ ਵਿਰੁਧ ਆਵਾਜ਼ ਬੁਲੰਦ ਕਰਨ ਵਾਲੇ ਵੀਰਾਂ ਨੂੰ ਅਤਿਵਾਦੀ, ਵੱਖਵਾਦੀ ਅਤੇ ਦਹਿਸ਼ਤਗਰਦ ਗਰਦਾਨ ਕੇ ਝੂਠੇ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਹੈ! ਇਨਸਾਫ ਦੇਣ ਵਾਲਾ ਮਨੁੱਖ ਵੱਢੀ ਲੈ ਕੇ ਆਪਣੇ ਹੱਕ ਗੁਆ ਰਿਹਾ ਹੈ! ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ ਕਹਿਣ ਵਾਲੇ ਧਰਮੀ ਯੋਧੇ ਕਿਥੇ ਚਲੇ ਗਏ! ਝੂਠ, ਧੋਖਾ, ਬੇਈਮਾਨੀ, ਠੱਗੀ ਵਿਸ਼ਵਾਸਘਾਤ, ਅਕ੍ਰਿਤਘਣਤਾ ਫਰੇਬ, ਵਰਗੇ ਮਨੁੱਖੀ ਔਗੁਣਾਂ ਨੂੰ ਰਾਜਨੀਤਕ ਲੋਕਾਂ ਨੇ ਨਵੇਂ ਅਰਥ ਦੇ ਕੇ ਰਾਜਨੀਤੀ ਦਾ ਹਿੱਸਾ ਬਣਾ ਲਿਆ, ਕਿ ਇਹ ਹੀ ਤਾਂ ਰਾਜਨੀਤੀ ਹੈ! ਮੀਰੀ-ਪੀਰੀ ਦੇ ਤਖ਼ਤ ਤੋਂ ਜਿੱਥੋਂ ਸੱਚ ਦੀ ਆਵਾਜ਼ ਗੂੰਜਣੀ ਸੀ ਇਹ ਮਨੁੱਖੀ ਔਗੁਣ ਹਨ, ਇਨ੍ਹਾਂ ਦੀ ਵਰਤੋਂ ਤੁਹਾਨੂੰ ਮੀਰੀ-ਪੀਰੀ ਦੇ ਮਹਾਨ ਪਵਿੱਤਰ ਸਿਧਾਂਤ ਲਈ ਵਰਤਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ! ਉਹ ਆਵਾਜ਼ ਦੇਣ ਵਾਲੇ ਮਰੀਆਂ ਗਊਆਂ ਬਣ ਕੇ ਰਹਿ ਗਏ! ਬਾਬੇ ਨੇ ਤਾਂ ਲਲਕਾਰ ਕੇ ਕਿਹਾ ਸੀ 'ਕੱਲ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡ ਰਿਹਾ' ਇਹ ਸਦੀਵੀ ਸੱਚ ਹੈ ਕਿ ਜਦੋਂ ਇਹੋ ਜਿਹਾ ਵਰਤਾਰਾ ਵਰਤਦਾ ਹੈ ਤਾਂ ਬਾਬੇ ਦੇ ਬੋਲ ਸ੍ਰੀ ਦਰਬਾਰ ਸਾਹਿਬ ਤੋਂ ਕੋਈ ਅਣਖੀਲਾ ਰਾਗੀ ਸੁਣਾ ਹੀ ਜਾਂਦਾ –'ਕੁੱਤਾ ਰਾਜ ਬਹਾਲੀਐ, ਫਿਰ ਚੱਕੀ ਚੱਟੈ' ਜਦੋਂ ਇਸ ਵਰਤਾਰੇ ਦੀ ਸ਼ਿਖਰ ਹੋ ਜਾਂਦੀ ਹੈ ਤਾਂ ਬਾਬਾ ਕਹਿੰਦੈ ਭਾਈ ਇਹ ਤਾਂ, ਤਾਂ ਵਰਤ ਰਿਹੈ ਕਿ ਮੀਰੀ-ਪੀਰੀ ਦੇ ਸਿਧਾਂਤ ਦੀ ਪਹਿਰੇਦਾਰੀ ਕਰਨ ਦੀ ਪ੍ਰੇਰਨਾ ਦੇਣ ਵਾਲੇ ਧਰਮੀ ਆਗੂ 'ਕਾਜੀ ਹੋਇ ਰਿਸਵਤੀ ਵੱਢੀ ਲੈ ਕੇ ਹੱਕ ਗਵਾਏ ਦੇ ਰਾਹ ਪੈ ਗਏ!

ਦੁਨੀਆ ਅੰਦਰ ਧਰਮ ਦੇ ਖੇਤਰ ਵਿਚ ਸੇਵਾ ਕਰਨ ਵਾਲੀਆਂ ਬਹੁਤੀਆਂ ਜਥੇਬੰਦੀਆਂ ਨੇ ਇਸ ਨੂੰ ਆਪਣਾ ਵਪਾਰ ਬਣਾ ਲਿਆ ਹੈ! ਲੋਕ ਹਿੱਤਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਨੇ ਵੀ ਮੰਨ ਲਿਆ ਕਿ ਹੁਣ ਇਹ ਸਾਡੀ ਰੋਜ਼ੀ-ਰੋਟੀ ਦਾ ਸਾਧਨ ਹਨ! ਸੱਚ ਬੋਲਣ ਵਾਲਾ ਸਾਧੂ ਝੂਠ-ਫਰੇਬ ਦਾ ਮੋਹਰਾ ਬਣ ਗਿਆ! ਦੁਨੀਆ ਭਰ ਵਿਚ ਮਨੁੱਖੀ ਖ਼ੂਨ ਪਾਣੀ ਵਾਂਗੂੰ ਵਹਾਇਆ ਜਾ ਰਿਹਾ! ਪਰਜਾ ਲੁੱਟੀ ਜਾ ਰਹੀ ਹੈ! ਹਰ ਤਰ੍ਹਾਂ ਦਾ ਜ਼ੁਲਮ ਵਧ ਰਿਹਾ! ਬੇਇਨਸਾਫੀ ਸ਼ਿਖਰ ਉੱਤੇ ਹੈ! ਕੂੜ ਦਾ ਬੋਲ-ਬਾਲਾ ਹੈ! ਫਿਰ ਹੁਣ ਇਥੇ ਪਰਲੋ ਆਉਣ ਦੇ ਸੰਕੇਤ ਹੀ ਨੇ ਕਿ ਕਿਤੇ ਭੁਚਾਲ ਆ ਰਹੇ ਹਨ, ਕਿਤੇ ਸੁਨਾਮੀ ਆ ਰਹੀ ਹੈ! ਦੁਨੀਆ ਨੂੰ ਭਿਆਨਕ ਬਿਮਾਰੀਆਂ ਨੇ ਘੇਰ ਲਿਆ ਹੈ! ਬੰਦਾ ਬੰਦੇ ਨੂੰ ਲੁੱਟੀ ਜਾ ਰਿਹਾ, ਖਾਈ ਜਾ ਰਿਹਾ ਹੈ! ਰੱਬ ਦਾ ਬੰਦਾ ਕਮਜ਼ੋਰ ਪੈ ਗਿਆ ਹੈ! ਫਿਰ ਇੱਥੇ ਪਰਲੋ ਨਹੀਂ ਆਏਗੀ ਤਾਂ ਹੋਰ ਕੀ ਹੋਏਗਾ! ਇਸ ਵਰਤਾਰੇ ਦੇ ਵਰਤਣ ਤੋਂ ਪਹਿਲਾਂ ਬੰਦੇ ਨੂੰ ਸਮਝਣਾ ਚਾਹੀਦਾ ਕਿ ਇਥੇ ਕੁੱਝ ਵੀ ਸਥਿਰ ਨਹੀਂ ਹੈ, ਸੱਭ ਬਿਨਸਨਹਾਰ ਹੈ।

*–ਕਰਨੈਲ ਸਿੰਘ ਪੰਜੋਲੀ*

## ਖ਼ਤਰਾ

**ਚਰਨਜੀਤ ਸਿੰਘ ਪੰਨੂ ਸਖੀਰਾ**



ਸੁੱਤੀ ਸੁਹਾਵਣੀ ਰਾਤ!
ਚੁੱਪ ਸ਼ਾਂਤ ਕਾਇਨਾਤ!
ਸੁਨਹਿਰੀ ਸੁਪਨਿਆਂ ਦੀ ਗੂੜ੍ਹੀ ਨੀਂਦ!
ਸਮੇਂ ਦਾ ਹਾਕਮ ਹਰਨਾਕਸ਼ ਤਾਨਾਸ਼ਾਹ!
ਬੇਫ਼ਿਕਰ ਘੁਰਾੜੇ ਮਾਰਦੀ ਕਿਸਮਤ।
ਅਚਾਨਕ ਮੌਸਮੀ ਗੜਗੜਾਹਟ,
ਛੱਤ ਪਾੜ ਉੱਤਰੀ ਤਰੇਲਾਂ ਦੀ ਵਾਹਰ।
ਗੱਚਲ ਗੁੜ ਪਾਲਤੂਆਂ ਦੇ ਫਸਿਆ,
ਚੌਕੀਦਾਰਾਂ ਵੱਟ ਲਈ ਘੇਸਲ
ਦਹਿਸ਼ਤ ਦਾ ਸੰਨਾਟਾ!
ਮੁਖ਼ਬਰ ਹੋਇਆ ਮਖ਼ਮਲੀ ਰਜਾਈਆਂ,
ਮੂੰਹ 'ਚ ਬੇਹੋਸ਼ੀ ਦਾ ਬੁੱਜਾ,
ਕੰਨ ਤੇ ਪਸਤੌਲ ਸੇਧ ਕੇ,
ਬਲੋਚ ਕਹਿੰਦੇ ਜਲਦੀ ਉੱਠੋ,
ਬਾਗ਼ ਖਾਲੀ ਕਰ ਦਿਓ,
ਪਤਝੜ ਆਉਣ ਵਾਲੀ ਹੈ,
ਭੁਚਾਲ ਦੀ ਪੇਸ਼ੀਨਗੋਈ ਹੈ।
ਤੇਲ ਖੂਹਾਂ ਨੂੰ ਲਾਂਬੂ ਲੱਗਣ ਵਾਲੇ ਨੇ,
ਖਜ਼ਿਜਾਂ ਨੂੰ ਚੂਹੇ ਟੁੱਕਣ ਵਾਲੇ ਨੇ,
ਕਿੰਨੇ ਸੁਹਣੇ ਓ ਤੁਸੀਂ ਕਿੰਨੇ ਬਹਾਦਰ!
ਅਸੀਂ ਤੁਹਾਡੇ ਹਮਦਰਦ ਹਾਂ,
ਅਮਨ ਕਾਨੂੰਨ ਖ਼ਤਰੇ 'ਚ ਹੈ,
ਤਜੌਰੀ ਦੀਆ ਚਾਬੀਆਂ ਦੇ ਦਿਓ,
ਸਭ ਕੁੱਝ ਹਵਾਲੇ ਕਰ ਦਿਓ,
ਮਹਿਫ਼ੂਜ਼ ਰਹੇਗਾ ਸਾਡੇ ਕੋਲ।
ਅਸੀਂ ਤੁਹਾਡੇ ਰਾਖੇ ਹਾਂ।
ਚਲੋ ਸਾਡੇ ਨਾਲ
ਹਥਕੜੀਆਂ 'ਚ ਜਕੜੀ ਸੱਸੀ!
ਲੈ ਗਏ ਉਧਾਲ ਕੇ ਜਰਵਾਣੇ।
ਇੱਥੇ ਖ਼ਤਰਾ ਹੈ...ਇੱਥੇ ਖ਼ਤਰਾ ਹੈ।

# ਡਾਲਰਾਂ-ਪੌਂਡਾਂ ਦੀ ਚਮਕ ਅਤੇ ਪੰਜਾਬੀ ਨੌਜਵਾਨਾਂ ਦੀ ਤ੍ਰਾਸਦੀ

ਰੁਜ਼ਗਾਰ ਦੀ ਘਾਟ, ਸਿਸਟਮ ਦੀ ਨਾਕਾਮੀ ਅਤੇ ਲੁਟੇਰੇ ਏਜੰਟ ਨੌਜਵਾਨੀ ਨੂੰ ਨਿਗਲ ਰਹੇ ਹਨ। ਪੰਜਾਬ 'ਚ ਪੜ੍ਹੇ-ਲਿਖੇ ਨੌਜਵਾਨ ਡਿਗਰੀਆਂ ਹੱਥਾਂ 'ਚ ਫੜ ਕੇ ਵਿਹਲੇ ਫਿਰ ਰਹੇ ਹਨ

ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨ ਰੁਜ਼ਗਾਰ ਦੀ ਤਲਾਸ਼ 'ਚ ਠੱਗ ਟ੍ਰੈਵਲ ਏਜੰਟਾਂ ਦੇ ਝਾਂਸੇ 'ਚ ਆ ਕੇ ਅਫਰੀਕਾ ਦੇ ਰੇਗਿਸਤਾਨਾਂ, ਜੰਗਲਾਂ ਅਤੇ ਸਮੁੰਦਰਾਂ ਰਾਹੀਂ ਯੂਰਪ ਪਹੁੰਚੇ। ਲੱਖਾਂ ਰੁਪਏ, ਪਾਸਪੋਰਟ, ਸਿਹਤ ਅਤੇ ਸਾਥੀਆਂ ਦੀਆਂ ਜਾਨਾਂ ਗੁਆ ਕੇ ਸਪੇਨ ਪਹੁੰਚੇ ਇਹ ਨੌਜਵਾਨ ਅੱਜ ਵੀ ਬੇਇਨਸਾਫ਼ੀ ਦੀ ਕੈਦ 'ਚ ਹਨ। ਇਹ ਰਿਪੋਰਟ ਏਜੰਟ ਮਾਫੀਆ, ਸਰਕਾਰੀ ਨਾਕਾਮੀ ਅਤੇ ਮਨੁੱਖੀ ਤਸਕਰੀ ਦੇ ਨੰਗੇ ਸੱਚ ਨੂੰ ਬੇਨਕਾਬ ਕਰਦੀ ਹੈ। ਡਾਲਰਾਂ-ਪੌਂਡਾਂ ਦੀ ਚਮਕ

**ਗੁਰਭਿੰਦਰ ਗੁਰੀ**
**ਫੋਨ:+447951 590424**

ਨੇ ਪੰਜਾਬੀ ਨੌਜਵਾਨਾਂ ਦੀਆਂ ਅੱਖਾਂ 'ਚ ਐਸਾ ਭਰਮ ਭਰ ਦਿੱਤਾ ਹੈ ਕਿ ਉਹ ਆਪਣੀ ਮਾਂ-ਮਿੱਟੀ, ਪਰਿਵਾਰ, ਸਿਹਤ ਅਤੇ ਜ਼ਿੰਦਗੀ ਤੱਕ ਦਾਅ 'ਤੇ ਲਗਾ ਦਿੰਦੇ ਹਨ। ਵਿਦੇਸ਼ਾਂ ਦੇ ਸੁਪਨੇ—ਜੋ ਏਜੰਟ ਮਾਫੀਆ ਵੱਲੋਂ ਰੰਗੀਨ ਕਾਗ਼ਜ਼ਾਂ 'ਤੇ ਵੇਚੇ ਜਾਂਦੇ ਹਨ—ਅਕਸਰ ਕਾਲੇ ਸਫ਼ਰਾਂ, ਰੇਗਿਸਤਾਨੀ ਮੌਤਾਂ, ਸਮੁੰਦਰੀ ਕਿਸ਼ਤੀਆਂ ਅਤੇ ਕੈਂਪਾਂ ਦੀ ਕੈਦ 'ਚ ਬਦਲ ਜਾਂਦੇ ਹਨ। ਇਹ ਰਿਪੋਰਟ ਇਕੱਲੀ ਘਟਨਾ ਨਹੀਂ; ਇਹ ਪੰਜਾਬ ਦੀ ਉਸ ਸਮੂਹਿਕ ਪੀੜਾ ਦਾ ਇਲਜ਼ਾਮਨਾਮਾ ਹੈ, ਜਿੱਥੇ ਰੁਜ਼ਗਾਰ ਦੀ ਘਾਟ, ਸਿਸਟਮ ਦੀ ਨਾਕਾਮੀ ਅਤੇ ਲੁਟੇਰੇ ਏਜੰਟ ਨੌਜਵਾਨੀ ਨੂੰ ਨਿਗਲ ਰਹੇ ਹਨ। ਪੰਜਾਬ 'ਚ ਪੜ੍ਹੇ-ਲਿਖੇ ਨੌਜਵਾਨ ਡਿਗਰੀਆਂ ਹੱਥਾਂ 'ਚ ਫੜ ਕੇ ਵਿਹਲੇ ਫਿਰ ਰਹੇ ਹਨ। ਉਦਯੋਗਿਕ ਢਾਂਚਾ ਕਮਜ਼ੋਰ, ਸਰਕਾਰੀ ਭਰਤੀਆਂ ਅਨਿਯਮਿਤ, ਅਤੇ ਨਿੱਜੀ ਖੇਤਰ ਅਸਥਿਰ—ਇਸ ਸਾਰੇ ਦਬਾਅ ਨੇ ਨੌਜਵਾਨਾਂ ਨੂੰ 'ਕਿਸੇ ਨਾ ਕਿਸੇ ਤਰ੍ਹਾਂ ਬਾਹਰ ਨਿਕਲਣ' ਦੀ ਸੋਚ ਵੱਲ ਧੱਕਿਆ। ਇਹੀ ਥਾਂ ਏਜੰਟ ਮਾਫੀਆ ਲਈ ਸੁਨਹਿਰੀ ਮੌਕਾ ਬਣਦੀ ਹੈ।

ਲਾਇਸੰਸਾਂ ਦੇ ਨਾਂ 'ਤੇ ਧੋਖਾ, ਨਕਲੀ ਵਰਕ ਪਰਮਿਟ, ਝੂਠੇ ਵਾਅਦੇ—ਏਜੰਟ ਮਾਫੀਆ ਨੇ ਮਨੁੱਖੀ ਤਸਕਰੀ ਨੂੰ ਧੰਦਾ ਬਣਾ ਲਿਆ ਹੈ। ਥਾਣਿਆਂ ਦੀ ਢਿੱਲ, ਰਜਿਸਟ੍ਰੇਸ਼ਨ ਦੀ ਕਮੀ ਅਤੇ ਸਿਆਸੀ ਸਹਿਯੋਗ ਦੇ ਦੋਸ਼ ਇਸ ਧੰਦੇ ਨੂੰ ਹੋਰ ਮਜ਼ਬੂਤ ਕਰਦੇ ਹਨ। ਪੀੜਤ ਪਰਿਵਾਰ ਜਦੋਂ ਦਰਖ਼ਾਸਤਾਂ ਲੈ ਕੇ ਜਾਂਦੇ ਹਨ, ਤਾਂ ਉਨ੍ਹਾਂ ਨੂੰ ਉਲਟਾ ਧਮਕੀਆਂ ਮਿਲਦੀਆਂ ਹਨ।

**ਮੌਤ ਦੇ ਰਸਤੇ ਤੋਂ ਸਪੇਨ ਤੱਕ**

ਦਸ ਪੰਜਾਬੀ ਨੌਜਵਾਨ—ਰਿਸ਼ਤੇਦਾਰ ਤੇ ਦੋਸਤ—ਲੱਖਾਂ ਰੁਪਏ ਦੇ ਕੇ 'ਸਿੱਧਾ ਸਪੇਨ' ਦੇ ਸੁਪਨੇ ਨਾਲ ਨਿਕਲੇ। ਹਕੀਕਤ 'ਚ ਇਹ ਸਫ਼ਰ ਕੀਨੀਆ, ਸੇਨੇਗਲ, ਮਰੌਕ ਦੇ



ਰੇਗਿਸਤਾਨਾਂ, ਜੰਗਲਾਂ ਅਤੇ ਸਮੁੰਦਰਾਂ ਰਾਹੀਂ ਹੋਇਆ। ਭੁੱਖ, ਪਿਆਸ, ਕੁੱਟਮਾਰ, ਲੁੱਟ, ਪਾਸਪੋਰਟ ਖੋਹੇ ਜਾਣਾ—ਹਰ ਪੜਾਅ 'ਤੇ ਮੌਤ ਸਾਹਮਣੇ ਖੜ੍ਹੀ ਸੀ। ਇੱਕ ਬਿਮਾਰ ਸਾਥੀ ਨੂੰ ਚਾਕੂ ਮਾਰ ਕੇ ਮਾਰ ਦੇਣਾ—ਇਹ ਮਨੁੱਖੀ ਤਸਕਰੀ ਦਾ ਉਹ ਨੰਗਾ ਚਿਹਰਾ ਹੈ, ਜੋ ਅਕਸਰ ਰਿਪੋਰਟਾਂ 'ਚ ਦੱਬ ਜਾਂਦਾ ਹੈ।

ਸਪੇਨ ਪਹੁੰਚ ਕੇ ਰੈੱਡ ਕਰਾਸ ਦੀ ਸਹਾਇਤਾ ਮਿਲੀ, ਕੈਂਪਾਂ 'ਚ ਰੋਟੀ, ਕੰਬਲ ਅਤੇ ਡਾਕਟਰੀ ਮਦਦ ਮਿਲੀ। ਪਰ ਪਾਸਪੋਰਟਾਂ ਤੋਂ ਬਿਨਾਂ ਕਾਨੂੰਨੀ ਜੀਵਨ ਅਸੰਭਵ। ਮੈਡਰਿਡ ਦੀਆਂ ਸੜਕਾਂ 'ਤੇ ਰਾਤਾਂ, ਕੂੜੇ 'ਚੋਂ ਰੋਟੀ, ਫਿਰ ਗੁਰਦੁਆਰੇ ਦੀ ਛਾਂ—ਇਹ ਹੈ 'ਵਿਦੇਸ਼ੀ ਸੁਪਨੇ' ਦੀ ਅਸਲ ਤਸਵੀਰ।

ਸੰਤਰੇ ਤੇ ਮੁਸੰਮੀਆਂ ਤੋੜਨ ਦਾ ਕੰਮ—ਸਵੇਰ ਤੋਂ ਸ਼ਾਮ ਤੱਕ—10 ਤੋਂ 20 ਯੂਰੋ। ਨਾ ਸਥਿਰਤਾ, ਨਾ ਸੁਰੱਖਿਆ। ਘਰ ਪੈਸੇ ਭੇਜਣ ਦੀ ਗੱਲ ਤਾਂ ਦੂਰ, ਆਪਣਾ ਗੁਜ਼ਾਰਾ ਮੁਸ਼ਕਲ। ਸਿਹਤ ਡਿੱਗੀ, ਵਜ਼ਨ ਘਟਿਆ, ਮਨੋਵਿਗਿਆਨਕ ਸਦਮੇ ਗਹਿਰੇ।

ਪੰਜਾਬ 'ਚ ਮਾਪੇ, ਪਤਨੀਆਂ ਅਤੇ ਬੱਚੇ—ਉਡੀਕ 'ਚ। ਜ਼ਮੀਨ ਵੇਚੀ, ਕਰਜ਼ੇ ਚੁੱਕੇ, ਪਰ ਨਤੀਜਾ ਸੁੰਨਾਪਣ। ਏਜੰਟਾਂ ਵੱਲੋਂ ਧਮਕੀਆਂ ਅਤੇ ਝੂਠੀਆਂ ਸ਼ਿਕਾਇਤਾਂ—ਇਨਸਾਫ਼ ਦੂਰ।

ਕੀ ਕੇਂਦਰ ਅਤੇ ਰਾਜ ਸਰਕਾਰਾਂ ਦੀ ਰੁਜ਼ਗਾਰ ਨੀਤੀ ਨਾਕਾਮ ਨਹੀਂ? ਕੀ ਇਮੀਗ੍ਰੇਸ਼ਨ ਏਜੰਟਾਂ ਦੀ ਰਜਿਸਟ੍ਰੇਸ਼ਨ ਅਤੇ ਨਿਗਰਾਨੀ ਢਿੱਲੀ ਨਹੀਂ? ਕੀ ਮਨੁੱਖੀ ਤਸਕਰੀ ਦੇ ਕੇਸਾਂ 'ਚ ਤੇਜ਼ ਟਰੈਕ ਅਦਾਲਤਾਂ ਨਹੀਂ ਬਣਨੀਆਂ ਚਾਹੀਦੀਆਂ?

ਇਸ ਰਿਪੋਰਟ ਰਾਹੀਂ ਮੰਗ ਹੈ ਕਿ—ਏਜੰਟ ਮਾਫੀਆ 'ਤੇ ਸਖ਼ਤ ਕਾਰਵਾਈ, ਸੰਪਤੀ ਜ਼ਬਤ। ਪੀੜਤਾਂ ਲਈ ਕਾਨੂੰਨੀ ਅਤੇ ਮਨੋਵਿਗਿਆਨਕ ਸਹਾਇਤਾ। ਪੰਜਾਬ 'ਚ ਰੁਜ਼ਗਾਰ ਸਿਰਜਣਾ ਅਤੇ ਸਕਿਲ ਮੈਪਿੰਗ। ਵਿਦੇਸ਼ੀ ਦੂਤਾਵਾਸਾਂ ਨਾਲ ਸਹਿਯੋਗ। ਮੀਡੀਆ ਦੀ ਜ਼ਿੰਮੇਵਾਰ ਕਵਰੇਜ।

**'ਡੌਂਕੀ ਰੂਟ' ਕੀ ਹੈ**

'ਡੌਂਕੀ ਰੂਟ' ਉਸ ਗੈਰ-ਕਾਨੂੰਨੀ ਰਸਤੇ ਨੂੰ ਕਿਹਾ ਜਾਂਦਾ ਹੈ, ਜਿੱਥੇ ਏਜੰਟ ਨੌਜਵਾਨਾਂ ਨੂੰ ਏਸ਼ੀਆ ਤੋਂ ਅਫਰੀਕਾ, ਫਿਰ ਰੇਗਿਸਤਾਨਾਂ, ਜੰਗਲਾਂ ਅਤੇ ਸਮੁੰਦਰਾਂ ਰਾਹੀਂ ਯੂਰਪ ਪਹੁੰਚਾਉਂਦੇ ਹਨ। ਇਹ ਰਸਤਾ ਸਸਤਾ ਨਹੀਂ—ਸਿਰਫ਼ ਕਾਗ਼ਜ਼ਾਂ 'ਚ। ਅਸਲ 'ਚ ਇਹ ਮੌਤ ਦਾ ਰਸਤਾ ਹੈ। ਪਿਛਲੇ 5 ਸਾਲਾਂ 'ਚ ਹਜ਼ਾਰਾਂ ਪੰਜਾਬੀ ਨੌਜਵਾਨ ਗੈਰ-ਕਾਨੂੰਨੀ ਤਰੀਕੇ ਨਾਲ ਯੂਰਪ ਗਏ।

ਸੈਂਕੜੇ ਨੌਜਵਾਨ ਰਸਤੇ 'ਚ ਲਾਪਤਾ ਹੋ ਗਏ—ਕੋਈ ਰਿਕਾਰਡ ਨਹੀਂ। ਪੰਜਾਬ 'ਚ ਹਜ਼ਾਰਾਂ ਟ੍ਰੈਵਲ ਏਜੰਟ ਕੰਮ ਕਰ ਰਹੇ ਹਨ, ਪਰ ਰਜਿਸਟਰਡ ਗਿਣਤੀ ਨਾਂ ਮਾਤਰ। ਭਾਰਤ 'ਚ ਮਨੁੱਖੀ ਤਸਕਰੀ ਰੋਕਣ ਲਈ ਕਾਨੂੰਨ ਮੌਜੂਦ ਹਨ, ਪਰ ਲਾਗੂ ਨਹੀਂ। ਟ੍ਰੈਵਲ ਏਜੰਟਾਂ ਲਈ ਲਾਇਸੈਂਸ ਲਾਜ਼ਮੀ ਹੈ, ਪਰ ਨਿਗਰਾਨੀ ਨਾ ਹੋਣ ਕਾਰਨ ਇਹ ਕਾਗ਼ਜ਼ੀ ਕਾਰਵਾਈ ਬਣ ਕੇ ਰਹਿ ਗਈ ਹੈ। ੀ੍ ਦਰਜ ਹੋਣ 'ਚ ਦੇਰੀ, ਜਾਂਚ ਦੀ ਸੁਸਤ ਰਫ਼ਤਾਰ ਅਤੇ ਸਜ਼ਾਵਾਂ ਦੀ ਘਾਟ—ਇਹ ਸਭ ਏਜੰਟ ਮਾਫੀਆ ਨੂੰ ਹੌਂਸਲਾ ਦਿੰਦੇ ਹਨ। ਇਨ੍ਹਾਂ ਨੌਜਵਾਨਾਂ ਨੇ ਸਿਰਫ਼



ਸਰੀਰਕ ਤਕਲੀਫ਼ ਨਹੀਂ ਸਹੀ—ਮਾਨਸਿਕ ਤੌਰ 'ਤੇ ਵੀ ਟੁੱਟ ਗਏ। ਡਰਾਉਣੇ ਸੁਪਨੇ, ਨੀਂਦ ਦੀ ਕਮੀ, ਭਰੋਸੇ ਦਾ ਖ਼ਾਤਮਾ—ਇਹ ਸਦਮੇ ਸਾਲਾਂ ਤੱਕ ਪਿੱਛਾ ਨਹੀਂ ਛੱਡਦੇ ਮੀਡੀਆ ਅਕਸਰ ਇਕ ਦਿਨ ਦੀ ਖ਼ਬਰ ਬਣਾ ਕੇ ਅੱਗੇ ਵਧ ਜਾਂਦਾ ਹੈ। ਪਰ ਜਦ ਤੱਕ ਲਗਾਤਾਰ ਫਾਲੋਅਪ ਨਹੀਂ, ਤਦ ਤੱਕ ਇਨਸਾਫ਼ ਨਹੀਂ ਮਿਲਦਾ।

ਇਹ ਲੇਖ ਕੇਂਦਰ ਸਰਕਾਰ, ਪੰਜਾਬ ਸਰਕਾਰ, ਨਿਆਂਪਾਲਿਕਾ, ੰਘਫਛ, ੍ਰੀ ਸੰਸਥਾਵਾਂ ਅਤੇ ਮੀਡੀਆ ਨੂੰ ਸਿੱਧੀ ਚੁਣੌਤੀ ਦਿੰਦਾ ਹੈ:

ਏਜੰਟ ਮਾਫੀਆ 'ਤੇ ਰਾਸ਼ਟਰੀ ਪੱਧਰ ਦੀ ੀਠ ਬਣਾਈ ਜਾਵੇ। ਸਾਰੇ ਗੈਰ-ਕਾਨੂੰਨੀ ਟ੍ਰੈਵਲ ਏਜੰਟਾਂ ਦੀ ਸੰਪਤੀ ਜ਼ਬਤ ਕੀਤੀ ਜਾਵੇ। ਵਿਦੇਸ਼ 'ਚ ਫਸੇ ਪੰਜਾਬੀਆਂ ਲਈ ਕੌਂਸਲਰ ਸਹਾਇਤਾ ਸੈਂਟਰ। ਪੰਜਾਬ 'ਚ ਤੁਰੰਤ ਰੁਜ਼ਗਾਰ ਗਾਰੰਟੀ ਯੋਜਨਾ। ਹਰ ਪਿੰਡ 'ਚ ਜਾਗਰੂਕਤਾ ਮੁਹਿੰਮ—'ਡੌਂਕੀ ਰੂਟ = ਮੌਤ ਦਾ ਰਸਤਾ'।

ਜੇ ਅੱਜ ਵੀ ਸਿਸਟਮ ਨਾ ਜਾਗਿਆ, ਤਾਂ ਇਤਿਹਾਸ ਮਾਫ਼ ਨਹੀਂ ਕਰੇਗਾ। ਇਹ ਰਿਪੋਰਟ ਹਰ ਉਸ ਮਾਂ-ਪਿਉ ਦੇ ਨਾਂ, ਜੋ ਅੱਜ ਵੀ ਆਪਣੇ ਪੁੱਤ ਦੀ ਉਡੀਕ 'ਚ ਦਰਵਾਜ਼ੇ ਵੱਲ ਤੱਕ ਰਿਹਾ ਹੈ।

# ਮਸ਼ਹੂਰ ਗੀਤਾਂ ਦਾ ਰਚੇਤਾ – ਬਰੀ ਨਿਜ਼ਾਮੀ

ਜਦੋਂ ਨੁਸਰਤ ਫਤਿਹ ਅਲੀ ਖਾਨ ਤੇ ਅਤਾਉਲਾ ਖਾਨ ਦਾ ਦੌਰ ਸ਼ੁਰੂ ਹੋਇਆ ਤਾਂ ਕੈਸੇਟ ਟੇਪ ਰਿਕਾਰਡਰ ਦਾ ਯੁਗ ਸ਼ਿਖਰ 'ਤੇ ਸੀ, ਜੋ ਵਾਘਿਓਂ ਪਾਰ ਦੇ ਕਲਾਕਾਰਾਂ ਦੀਆਂ ਕੈਸਿਟਾਂ ਇਧਰ ਮਿਲਦੀਆਂ, ਉਨ੍ਹਾਂ 'ਤੇ ਕਲਾਕਾਰ ਦਾ ਨਾਮ ਵੀ ਹੁੰਦਾ ਤੇ ਗੀਤਾਂ ਦੇ ਮੁਖੜੇ ਵੀ, ਪਰ ਗੀਤਕਾਰ ਤੇ ਸੰਗੀਤਕਾਰ ਦਾ ਜ਼ਿਕਰ ਨਹੀਂ ਮਿਲਦਾ ਸੀ। ਪਿਛਲੇ ਵਰ੍ਹੇ ਜਦੋਂ ਮੈਂ ਲੰਡਨ ਗਿਆ ਤਾਂ ਉੱਥੋਂ ਕੁੱਝ ਪਾਕਿਸਤਾਨ ਦੇ ਕਲਾਕਾਰਾਂ ਦੇ ਐਲ.ਪੀ.ਰਿਕਾਰਡ ਮਿਲੇ। ਜਿਨ੍ਹਾਂ 'ਚ ਨੁਸਰਤ ਫਤਿਹ ਅਲੀ

**ਅਸ਼ੋਕ ਬਾਂਸਲ ਮਾਨਸਾ**

ਦੇ ਵੀ ਸਨ। ਨੁਸਰਤ ਫਤਿਹ ਅਲੀ ਪੂਰੀ ਦੁਨੀਆਂ 'ਚ ਮਸ਼ਹੂਰ ਕਲਾਕਾਰ ਸੀ। ਉਸਦੇ ਗੀਤ ਮੈਂ ਵੀ ਬੜੇ ਚਾਅ ਨਾਲ ਸੁਣਦਾ ਸਾਂ। ਲੰਡਨ ਨੁਸਰਤ ਦਾ ਰਿਕਾਰਡ ਦੇਖਿਆ

'ਵਿਗੜ ਗਈ ਏ ਥੋੜ੍ਹੇ ਦਿਨਾਂ ਤੋਂ'

ਜਿਸਦੇ ਕਵਰ 'ਤੇ ਜਦੋਂ ਮੈਂ ਗੀਤਕਾਰਾਂ ਦੇ ਨਾਮ ਦੇਖੇ ਤਾਂ ਸੋਚਾਂ ਦੇ ਸਮੁੰਦਰ ਵਿਚ ਡੁੱਬ ਗਿਆ, ਇਹ ਤਫਤੀਸ਼ ਅੱਗੇ ਵਧਦੀ ਗਈ, ਜਿਉਂ ਜਿਉਂ ਤਫਤੀਸ਼ ਵਧੀ ਕਾਲਜੇ ਨੂੰ ਹੌਲ ਪੈਣ ਲੱਗ ਪਏ, ਕੁੱਝ ਸੁਆਲ ਮਨ ਵਿਚ ਪੈਦਾ ਹੋਏ

* ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ
ਅੱਜ ਜਿੰਨਾਂ ਕਦੇ ਵੀ ਨਾ ਰੋਇਆ ਸੱਜਣਾ
* ਹੋ ਜਾਵੇ ਜੇ ਪਿਆਰ ਤੇ ਸੌਣਾਂ ਭੁੱਲ ਜਾਂਦਾ
* ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ
ਮਾਹੀਆ ਮੈਨੂੰ ਯਾਦ ਆਂਵਦਾ
* ਮੇਲੇ ਨੇ ਵਿਛੜ ਜਾਣਾ
* ਮਸਤ ਮਸਤ ਦਮ ਮਸਤ ਕਲੰਦਰ
* ਵਿਗੜ ਗਈ ਏ ਥ੍ਹੋੜੇ ਦਿਨਾਂ ਤੋਂ
* ਯਾਰਾ ਡੱਕ ਲੈ ਖੂਨੀ ਅੱਖੀਆਂ ਨੂੰ
* ਰਾਂਝਾ ਤੇ ਮੇਰਾ ਰੱਬ ਵਰਗਾ
* ਵਾਅਦਾ ਕਰਕੇ ਸੱਜਣ ਨਹੀਂ ਆਇਆ
* ਗਿਣ ਗਿਣ ਤਾਰੇ ਲੰਘਦੀਆਂ ਰਾਤਾਂ
ਸੱਪਾਂ ਵਾਂਗੂੰ ਡੰਗਦੀਆਂ ਰਾਤਾਂ
* ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ
ਦਿਲ ਕਰੇ ਵੇਖਦਾ ਰਵਾਂ
* ਨੀ ਊਠਾਂ ਵਾਲੇ ਤੁਰ ਜਾਣਗੇ
ਫੇਰ ਲੱਭਦੀ ਫਿਰੇਂਗੀ ਹਾਣੀ
ਨੀ ਸੱਸੀਏ ਜਾਗਦੀ ਰਹੀਂ
ਰਾਤ ਅੱਜ ਦੀ ਨੀਂਦ ਨਾ ਮਾਣੀਂ

ਪੰਜਾਬੀ ਗੀਤ-ਸੰਗੀਤ ਨੂੰ ਮਾਨਣ ਵਾਲਾ ਇਕ ਵੀ ਵਿਅਕਤੀ ਅਜਿਹਾ ਨਹੀਂ, ਜਿਸਨੇ ਇਹ ਗੀਤ ਨਾ ਸੁਣੇ ਹੋਣ, ਇਕ ਵੀ ਵਿਅਕਤੀ ਅਜਿਹਾ ਨਹੀਂ ਜੋ ਇਨ੍ਹਾਂ ਗੀਤਾਂ ਦੇ ਗਾਇਕ ਦਾ ਨਾਮ ਨਾ ਜਾਣਦਾ ਹੋਵੇ।

ਪੰਜਾਬੀ ਦਾ ਹਰ ਨਵਾਂ ਕਲਾਕਾਰ ਨੁਸਰਤ ਫ਼ਤਹਿ ਅਲੀ ਦਾ ਨਾਮ ਬੜੇ ਅਦਬ ਨਾਲ ਲੈਂਦਾ ਹੈ, ਤੇ ਇਹ ਜ਼ਾਹਰ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ ਕਿ ਮੈਂ ਖਾਨ ਸਾਹਿਬ ਨੂੰ ਫੋਲੋ ਕਰਦਾ ਹਾਂ, ਪਰ ਅਫਸੋਸ ਇਨ੍ਹਾਂ ਗੀਤਾਂ ਦੇ ਰਚਨਹਾਰੇ ਦੀ ਗੱਲ ਕੋਈ ਵੀ ਨਹੀਂ ਕਰਦਾ,

ਕੌਣ ਸੀ ਐਡਾ ਵੱਡਾ ਗੀਤਕਾਰ? ਕਿੱਥੇ ਜੰਮਿਆ? ਕਿਵੇਂ ਜ਼ਿੰਦਗੀ ਬਸਰ ਕੀਤੀ?

ਉਸਦੇ ਲਿਖੇ ਗੀਤਾਂ ਦਾ ਉਸਨੂੰ ਕਿੰਨਾ ਮਿਹਨਤਾਨਾ ਮਿਲਿਆ?

ਦੋਸਤੋ ਇਨ੍ਹਾਂ ਗੀਤਾਂ ਦਾ ਰਚੇਤਾ ਬਰੀ ਨਿਜ਼ਾਮੀ ਹੀ ਹੈ। ਬਰੀ ਨਿਜ਼ਾਮੀ ਦਾ ਜਨਮ ਗੋਜਰਾ (ਟੋਬਾ ਟੇਕ ਸਿੰਘ) ਗੁਰਦੇਵ ਸਿੰਘ ਮਾਨ ਦੇ ਬਿਲਕੁਲ ਨਾਲ ਦੇ ਪਿੰਡ, ਵਿਖੇ 26 ਦਸੰਬਰ 1937 ਨੂੰ ਹੋਇਆ। ਬਰੀ ਦਾ ਬਚਪਨ ਦਾ ਨਾਮ ਸ਼ੇਖ ਮੁਹੰਮਦ ਸਘੀਰ ਸੀ, ਬੜੇ ਭਰੇ ਮਨ ਨਾਲ ਲਿਖ ਰਿਹਾ ਹਾਂ ਕਿ ਬਰੀ ਨਿਜ਼ਾਮੀ ਨੇ ਸਾਰੀ ਉਮਰ ਅਤਿ ਦੀ ਗਰੀਬੀ ਹੰਢਾਈ। ਇਹ ਜਾਣ ਕੇ ਤਾਂ ਕਾਲਜਾ ਛਲਣੀ ਹੋ ਗਿਆ ਕਿ 14 ਮਈ 1998 ਨੂੰ ਫੈਸਲਾਬਾਦ ਵਿਖੇ ਦਵਾਈਆਂ ਦੀ ਥੁੜ੍ਹ ਕਾਰਨ ਬਰੀ ਨਿਜ਼ਾਮੀ ਇਸ ਜਹਾਨ ਨੂੰ ਅਲਵਿਦਾ ਕਹਿ ਗਿਆ।

ਅੱਜ ਇਕ ਵੀ ਗਵੱਈਆ ਇਹ ਕਹਿ ਕੇ ਗੀਤ ਸ਼ੁਰੂ ਨਹੀਂ ਕਰਦਾ ਕਿ ਲਓ ਜੀ ਪੇਸ਼ ਹੈ ਜਨਾਬ ਬਰੀ ਨਿਜ਼ਾਮੀ ਜੀ ਦਾ ਗੀਤ, ਬੱਸ ਦੋਵੇਂ ਕੰਨਾਂ ਨੂੰ ਹੱਥਾਂ ਦੀਆਂ ਉਂਗਲਾ ਜੀਆਂ ਲਾ ਕੇ ਕਹਿਣਗੇ ਕਿ ਮੈਂ ਨੁਸਰਤ ਸਾਹਿਬ ਵਰਗਾ ਗਾ ਤੇ ਨਹੀਂ ਸਕਦਾ ਪਰ ਨੁਸਰਤ ਸਾਹਿਬ ਦਾ ਗੀਤ ਗਾਉਣ ਦੀ ਕੋਸ਼ਿਸ਼ ਕਰਦਾ ਹਾਂ। ਸੁਆਲ ਇਹ ਐ ਕਿ ਕੀ ਗੀਤਕਾਰ ਸਦਾ ਇਨ੍ਹਾਂ ਗੀਤਾਂ ਦੇ ਆਸਰੇ ਉੱਸਰੇ ਮਹਿਲਾਂ ਦੀਆਂ ਨੀਂਹਾਂ ਹੇਠ ਦੱਬੇ ਜਾਣ ਵਾਲੇ ਐਡੇ ਸਸਤੇ ਰੋੜੇ ਹੁੰਦੇ ਨੇ। ਇਨ੍ਹਾਂ ਗੀਤਕਾਰਾਂ ਨੂੰ ਬਣਦਾ ਸਨਮਾਨ ਦੇਣ ਵਿਚ ਸਮੇਂ ਦੀਆਂ ਸਰਕਾਰਾਂ ਦੀ ਬਹੁਤ ਵੱਡੀ



ਕੁਤਾਹੀ ਐ। ਗੀਤਕਾਰ ਵੀ ਸਾਹਿਤ ਦਾ ਅਟੁੱਟ ਅੰਗ ਹਨ।

ਗੀਤ ਅਕਸਰ ਹੀ ਗੁਰਬਤ ਜਾਂ ਨਾਕਾਮ ਮੁਹੱਬਤ ਵਿਚੋਂ ਉਪਜਦੇ ਹਨ। ਅਧੂਰਾ ਇਸ਼ਕ ਤੇ ਘੋਰ ਗਰੀਬੀ ਗੀਤਾਂ ਦੀ ਉਪਜਾਊ ਜ਼ਮੀਨ ਹੈ। ਗ਼ੁਰਬਤ ਵੀ ਇਨਸਾਨ ਨੂੰ ਬਾਕੀ ਸਮਾਜ ਨਾਲੋਂ ਤੋੜਦੀ ਐ ਤੇ ਅਧੂਰਾ ਇਸ਼ਕ ਵੀ। ਫੇਰ ਇਨਸਾਨ ਬਿਲਕੁਲ ਕੱਲਾ ਰਹਿ ਜਾਂਦਾ ਐ। ਇਸ ਇਕੱਲਤਾ ਵਿਚੋਂ ਬਾਹਰ ਨਿਕਲਣ ਲਈ ਓਹ ਬਾਹਰੀ ਸਹਾਰੇ ਤੱਕਦੈ। ਇਸ ਇਕੱਲਤਾ ਨੂੰ ਆਮ ਲੋਕਾਈ ਗੀਤਕਾਰ ਦੀ ਕਮਜ਼ੋਰੀ ਤੇ ਕਮਜ਼ੋਰੀਆਂ ਸਮਝਦੀ ਐ। ਅਸੀਂ ਕਦੇ ਵੀ ਗੀਤਕਾਰ ਦੇ ਉਨ੍ਹਾਂ ਹਾਲਾਤਾਂ ਤੱਕ ਨਹੀਂ ਪਹੁੰਚਦੇ ਜਿਨ੍ਹਾਂ ਹਾਲਾਤਾਂ ਵਿਚੋਂ ਉਨ੍ਹਾਂ ਗੀਤਾਂ ਨੇ ਜਨਮ ਲਿਆ:

ਮੈਖਾਨੇ ਅਣਭੋਲ ਗਿਆ ਵਾਂ
ਦੋ ਘੁੱਟ ਪੀਤੀ ਡੋਲ ਗਿਆ ਵਾਂ
ਮਾਫ ਕਰੀਂ ਮੈਂ ਵਿਚ ਨਸ਼ੇ ਦੇ
ਖੌਰੇ ਕੀ ਕੀ ਬੋਲ ਗਿਆ ਵਾਂ
ਆਪੇ ਆ ਗਈ ਮੈਂ ਵੱਲ ਬੋਤਲ
ਮੈਂ ਕਦ ਬੋਤਲ ਕੋਲ ਗਿਆ ਵਾਂ?
ਦੁਨੀਆਂ ਦੇ ਸੁੱਖ ਸਾਰੇ ਮੈਂ ਤੇ
ਕੌੜੀ ਸ਼ੈਅ ਵਿਚ ਘੋਲ ਗਿਆ ਵਾਂ
ਵਿਚ ਨਸ਼ੇ ਦੇ 'ਬਰੀ ਨਿਜ਼ਾਮੀ'
ਲਗਦਾ ਏ ਸੱਚ ਬੋਲ ਗਿਆ ਵਾਂ

ਐਡਾ ਕੌੜਾ ਸੱਚ ਬੋਲਣ ਵਾਲੇ ਵਕਤ ਨੂੰ ਨਹੀਂ ਸੰਭਾਲ ਸਕਣਗੇ, ਕਦੇ ਵੀ ਨਹੀਂ! ਇਨ੍ਹਾਂ ਲੋਕਾਂ ਨੂੰ ਸੰਭਾਲਣ ਦਾ ਜਿੰਮਾ ਵਕਤ ਦਾ ਹੈ...ਇਨ੍ਹਾਂ ਨੂੰ ਵਕਤ ਦੇ ਮੋਹਰੀਆਂ ਨੇ ਸੰਭਾਲਣਾ ਹੈ।

ਬਿਨਾਂ ਸੋਚੇ-ਸਮਝੇ ਅਸੀਂ ਨੰਗ, ਮਲੰਗ, ਸ਼ਰਾਬੀ, ਨਸ਼ੇੜੀ ਦੀਆਂ ਪਦਵੀਆਂ ਨਾਲ ਨਿਵਾਜ ਦਿੰਦੇ ਹਾਂ। ਕਦੀ ਅਸੀਂ ਤਰਕ ਦਿੰਦੇ ਹਾਂ ਕਿ ਉਹਨੇ ਸਮਾਂ ਨਹੀਂ ਸੰਭਾਲਿਆ। ਸੁਆਲ ਉੱਠਦੈ, ਜੇ ਉਹ ਸਮਾਂ ਸੰਭਾਲਣ ਦੇ ਯੋਗ ਹੁੰਦਾ ਫੇਰ ਉਹ ਗੀਤਕਾਰ ਹੀ ਕਿਉਂ ਬਣਦਾ? ਇਸ ਮਾਮਲੇ ਵਿਚ ਤਾਂ ਅਸੀਂ ਸ਼ਿਵ ਕੁਮਾਰ ਬਟਾਲਵੀ ਤੇ ਨੰਦ ਲਾਲ ਨੂਰਪੁਰੀ ਵਰਗੇ ਹੀਰਿਆਂ 'ਤੇ ਵੀ ਇਲਜ਼ਾਮ ਲਾਉਣ ਵਿਚ ਕਸਰ ਨਹੀਂ ਛੱਡੀ।

ਉਨ੍ਹਾਂ ਦੀ ਸੰਭਾਲ ਕਰਨਾ, ਉਨ੍ਹਾਂ ਲੋਕਾਂ ਦਾ ਫਰਜ਼ ਐ, ਜੋ ਇਨ੍ਹਾਂ ਗੀਤਕਾਰਾਂ ਦੇ ਦਰਦ ਪਰੁੰਨੇ ਗੀਤਾਂ 'ਚੋਂ ਮਨੋਰੰਜਨ ਕਰਦੇ ਨੇ। ਸਮੇਂ ਦੀਆਂ ਸਰਕਾਰਾਂ ਦਾ ਫਰਜ਼ ਐ ਜੋ ਗੀਤਾਂ ਰਾਹੀਂ ਸਮਾਜਿਕ ਕਦਰਾਂ ਕੀਮਤਾਂ ਰਹੁ ਰੀਤਾਂ, ਇਤਿਹਾਸ ਨੂੰ ਹਵਾ ਵਿਚ ਲਿਖਦੇ ਹਨ ਜੋ ਪੀੜ੍ਹੀ ਦਰ ਪੀੜ੍ਹੀ ਸਫਰ ਕਰਦਾ ਹੈ, ਉਨ੍ਹਾਂ ਦੀ ਸੰਭਾਲ ਕਰਨ।

ਦੋਸਤੋ ਇਕ ਗੱਲ ਤੁਹਾਡੇ ਨਾਲ- ਮੈਂ ਮਿੱਟੀ ਫਰੋਲ ਕੇ ਤੁਹਾਡੇ ਲਾਲ ਤੁਹਾਡੇ ਹਵਾਲੇ ਕਰਦਾ ਰਹਾਂਗਾ, ਮੈਂ ਨੀਂਹਾਂ ਹੇਠਾਂ ਦੱਬੇ ਲੋਕਾਂ ਦੀਆਂ ਬਾਤਾਂ ਪਾਉਣੋਂ ਨਹੀਂ ਹਟਣਾ ਭਾਵੇਂ ਕਿਸੇ ਦੇ ਗਿੱਟੇ ਲੱਗੇ ਭਾਵੇਂ ਗੋਡੇ, ਓਹ ਗੀਤਕਾਰ ਭਾਵੇਂ ਵਾਹਗੇ ਦੀ ਲੀਕ ਤੋਂ ਉਰਲੇ ਪਾਸੇ ਦਾ ਹੋਵੇ ਜਾਂ ਪਰਲੇ ਪਾਸੇ ਦਾ...ਕੋਈ ਮਸਲਾ ਨਹੀਂ...ਆਪਣੇ ਵਿਚਾਰ ਦੱਸਿਓ।

# ਫ਼ਿਲਮ ਲੋਕ

## ਇਹ ਹੈ ਫ਼ਿਲਮ 'ਦ ਰਾਜਾ ਸਾਬ' ਦੀ 'ਅਨੀਤਾ' ਰਿੱਧੀ ਕੁਮਾਰ



ਬਾਲੀਵੁਡ, ਮਰਾਠੀ ਅਤੇ ਦੱਖਣ ਭਾਰਤ ਦੀਆਂ ਫ਼ਿਲਮਾਂ ਵਿਚ ਆਪਣੀਆਂ ਅਦਾਵਾਂ ਦਾ ਜਾਦੂ ਚਲਾ ਚੁੱਕੀ ਸਟਾਈਲਿਸ਼ ਅਤੇ ਬੇਹੱਦ ਗਲੈਮਰਸ ਅਦਾਕਾਰਾ ਰਿੱਧਿ ਕੁਮਾਰ ਨੇ ਤੇਲਗੂ ਰੋਮਾਂਸ ਫ਼ਿਲਮ 'ਲਵਰ' (2018) ਤੋਂ ਐਕਟਿੰਗ ਦੀ ਸ਼ੁਰੂਆਤ ਕੀਤੀ ਸੀ । ਉਸ ਤੋਂ ਬਾਅਦ ਉਸੇ ਸਾਲ ਉਹ ਵਿਰਾਜ ਅਸ਼ਵਨ ਨਾਲ ਤੇਲੁਗੁ ਫ਼ਿਲਮ 'ਅਨਾਗਨਗਾ ਓ ਪ੍ਰੇਮ ਕਥਾ' ਵਿਚ ਨਜ਼ਰ ਆਈ ਸੀ। ਰਿੱਧੀ ਨੇ ਰੋਨਿਤ ਰਾਇ ਅਤੇ ਰਿਚਾ ਚੱਢਾ ਨਾਲ ਹਿੰਦੀ ਸੀਰੀਜ਼ 'ਕੈਂਡੀ' ਨਾਲ ਵੈਬ ਡੈਬਿਊ ਕੀਤਾ ਸੀ। 'ਕੈਂਡੀ' ਵਿਚ ਉਸ ਦੀ ਭੂਮਿਕਾ ਲਈ ਰਸਿਕਾ ਦੁੱਗਲ ਅਤੇ ਸ਼ਬਾਨਾ ਆਜ਼ਮੀ ਨਾਲ ਬੈਸਟ ਸਪੋਰਟਿੰਗ ਅਦਾਕਾਰਾ - ਡਰਾਮਾ (ਓ.ਟੀ.ਟੀ.) ਕੈਟੇਗਰੀ ਵਿਚ ਇੰਡੀਅਨ ਟੈਲੀਵਿਜ਼ਨ ਅਕੈਡਮੀ ਐਵਾਰਡਸ ਲਈ ਨਾਮਜ਼ਦ ਕੀਤਾ ਗਿਆ ਸੀ। ਸਾਲ 2022 ਵਿਚ ਰਿੱਧੀ, ਸ਼ੇਫਾਲੀ ਸ਼ਾਹ ਅਤੇ ਕੀਰਤੀ ਕੁਲਹਾਰੀ ਨਾਲ ਹਿੰਦੀ ਸੀਰੀਜ਼ 'ਹਿਊਮਨ' ਵਿਚ ਨਜ਼ਰ ਆਈ ਸੀ। ਰਿੱਧੀ ਅਨੂੰ ਕਪੂਰ ਨਾਲ ਹਿੰਦੀ ਵੈਬ ਸੀਰੀਜ਼ 'ਕੈਸ਼ ਕੋਰਸ' ਵਿਚ ਨਜ਼ਰ ਆ ਚੁੱਕੀ ਹੈ। ਫ਼ਿਲਮਾਂ ਵਿਚ ਆਉਣ ਤੋਂ ਪਹਿਲਾਂ ਰਿੱਧੀ ਕੁਮਾਰ ਨੇ ਮਾਡਲਿੰਗ ਅਤੇ ਪੇਜੇਂਟ੍ਰੀ ਵਿਚ ਆਪਣਾ ਕਰੀਅਰ ਸ਼ੁਰੂ ਕੀਤਾ। ਉਨ੍ਹਾਂ ਨੇ ਕਈ ਫ਼ੈਸ਼ਨ ਸ਼ੋਅ ਅਤੇ ਰੀਜ਼ਨਲ ਬਿਊਟੀ ਪ੍ਰਤੀਯੋਗਤਾਵਾਂ ਵਿਚ ਹਿੱਸਾ ਲਿਆ।

ਕੈਡਬਰੀ ਡੇਅਰੀ ਮਿਲਕ ਦੀ ਮਸ਼ਹੂਰੀ ਵਿਚ ਰਿੱਧੀ ਨੂੰ ਕਾਫੀ ਮਸ਼ਹੂਰੀ ਮਿਲੀ ਸੀ। ਰਿੱਧੀ ਕੁਮਾਰ ਦੀ ਪਿਛਲੀ 9 ਜਨਵਰੀ ਨੂੰ ਰਿਲੀਜ਼, ਮਾਰੂਤੀ ਵਲੋਂ ਨਿਰਦੇਸ਼ਿਤ ਬਹੁਭਾਸ਼ੀ ਰੁਮਾਂਟਿਕ ਡਰਾਉਣੀ ਫ਼ਿਲਮ 'ਦ ਰਾਜਾ ਸਾਬ' ਵਿਚ ਪ੍ਰਭਾਸ ਦੇ ਬਰਾਬਰ ਅਨੀਤਾ ਦੇ ਕਿਰਦਾਰ ਵਿਚ ਨਜ਼ਰ ਆਈ ਸੀ। ਇਸ ਤੋਂ ਪਹਿਲਾਂ ਵੀ ਸਾਲ 2022 ਵਿਚ ਉਹ ਤੇਲਗੂ ਹਿੰਦੀ ਦੋਹਰੀ ਭਾਸ਼ਾ ਵਾਲੀ ਫ਼ਿਲਮ 'ਰਾਧੇ ਸ਼ਿਆਮ' ਵਿਚ ਪ੍ਰਭਾਸ ਨਾਲ ਨਜ਼ਰ ਆ ਚੁੱਕੀ ਹੈ।

## ਬਾਲੀਵੁੱਡ ਵਿਚ ਦਾਖ਼ਲੇ ਦੀਆਂ ਤਿਆਰੀਆਂ 'ਚ ਜੁਟੀ ਅਰਿਆਨਾ



ਫ਼ਿਲਮ ਨਿਰਮਾਤਾ ਸੁਭਾਸ਼ ਘਈ ਦੀ ਖੋਜ ਮਹਿਮਾ ਚੌਧਰੀ ਦੀ ਬੇਟੀ ਅਰਿਆਨਾ ਹਾਲ ਹੀ ਵਿਚ ਐਕਟਰ ਸੰਜੇ ਮਿਸ਼ਰਾ ਨਾਲ ਫ਼ਿਲਮ 'ਦੁਰਲਭ ਪ੍ਰਸਾਦ ਕੀ ਦੂਸਰੀ ਸ਼ਾਦੀ' (2025) ਵਿਚ ਨਜ਼ਰ ਆਈ ਸੀ। ਇਸ ਤੋਂ ਪਹਿਲਾਂ ਉਹ ਖੁਸ਼ੀ ਕਪੂਰ ਦੀ ਆਨਸਕ੍ਰੀਨ ਮਾਂ ਦੇ ਰੋਲ ਵਿਚ ਫ਼ਿਲਮ 'ਨਾਦਾਨੀਆਂ' (2025) ਵਿਚ ਦਿਖੀ ਸੀ। ਅਰਿਆਨਾ ਨੂੰ ਫ਼ਿਲਮ 'ਨਾਦਾਨੀਆਂ' (2025) ਦੇ ਪ੍ਰੀਮਿਅਰ 'ਤੇ ਪਹਿਲੀ ਵਾਰ ਸਪਾਟ ਕੀਤਾ ਗਿਆ ਸੀ। ਉਸ ਤੋਂ ਬਾਅਦ ਉਹ ਅਚਾਨਕ ਆਪਣੀ ਸਟਾਈਲ ਅਤੇ ਖੂਬਸੂਰਤੀ ਨੂੰ ਲੈ ਕੇ ਖ਼ਬਰਾਂ ਵਿਚ ਆ ਗਈ ਸੀ। ਪਰ ਸਹੀ ਅਰਥਾਂ ਵਿਚ ਫ਼ਿਲਮ 'ਨਾਦਾਨੀਆਂ' (2025) ਦੇ ਪ੍ਰੀਮਿਅਰ ਦੀ ਬਦੌਲਤ ਉਸ ਨੂੰ ਪਹਿਲੀ ਵਾਰ ਜ਼ਬਰਦਸਤ ਸਪਾਟਲਾਈਟ ਮਿਲੀ।

ਹੁਣ ਪ੍ਰਸ਼ੰਸਕ ਅਰਿਆਨਾ ਨੂੰ ਫ਼ਿਲਮਾਂ ਵਿਚ ਵੇਖਣਾ ਚਾਹੁੰਦੇ ਹਨ। ਮਹਿਮਾ ਚੌਧਰੀ ਵੀ ਇਸ ਮੌਕੇ ਦਾ ਪੂਰਾ ਲਾਭ ਉਠਾਉਣਾ ਚਾਹੁੰਦੀ ਹੈ। ਇਸੇ ਕਾਰਨ ਹਾਲ ਹੀ ਵਿਚ ਉਨ੍ਹਾਂ ਨੇ ਇਕ ਇੰਟਰਵਿਊ ਵਿਚ ਗੱਲਬਾਤ ਦੌਰਾਨ ਆਪਣੀ ਬੇਟੀ ਅਰਿਆਨਾ ਦੇ ਬਾਲੀਵੁੱਡ ਨੂੰ ਲੈ ਕੇ ਵੀ ਪ੍ਰਤੀਕਿਰਿਆ ਦਿੱਤੀ। ਉਸ ਦੌਰਾਨ ਮਹਿਮਾ ਨੇ ਕਿਹਾ, 'ਉਸ ਨੂੰ ਆਪਣੀ ਬੇਟੀ ਨੂੰ ਇੰਡਸਟਰੀ ਵਿਚ ਲੈ ਕੇ ਆਉਣ ਦੀ ਜਲਦੀ ਨਹੀਂ ਹੈ ਪਰ ਉਹ ਆਪਣੀ ਬੇਟੀ ਨੂੰ ਵੀ ਆਪਣੀ ਹਿਸਟਰੀ ਦਾ ਹਿੱਸਾ ਬਣਾਉਣਾ ਚਾਹੁੰਦੀ ਹੈ। ਜੇਕਰ ਅਰਿਆਨਾ ਐਕਟਿੰਗ ਵਿਚ ਆਉਣਾ ਚਾਹੇਗੀ ਤਾਂ ਉਹ ਉਸ ਦਾ ਪੂਰਾ ਸਹਿਯੋਗ ਕਰੇਗੀ। ਮਿਲੀ ਜਾਣਕਾਰੀ ਅਨੁਸਾਰ ਅਰਿਆਨਾ ਨੇ ਫ਼ਿਲਮਾਂ ਵਿਚ ਡੈਬਿਊ ਲਈ ਵੱਡੇ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

## ਤਮੰਨਾ ਭਾਟੀਆ - 6 ਮਿੰਟਾਂ ਦੇ ਡਾਂਸ ਦੇ 6 ਕਰੋੜ

ਇਹ ਗੱਲ ਪਤਾ ਨਹੀਂ ਤਮੰਨਾ ਭਾਟੀਆ ਨੂੰ ਬੁਰੀ ਲੱਗੀ ਹੈ ਜਾਂ ਨਹੀਂ ਪਰ ਕੋਰੀਓਗ੍ਰਾਫ਼ਰ ਵਿਜੈ ਗੰਗੋਲੀ ਨੇ ਇਹ ਗੱਲ ਆਖ ਕੇ 'ਧਰੂੰਧਰ' 'ਚ 'ਸ਼ਰਾਰਤ' ਗੀਤ ਲਈ ਪਹਿਲੀ ਪਸੰਦ ਉਨ੍ਹਾਂ ਦੀ ਵੀ ਤਮੰਨਾ ਭਾਟੀਆ ਸੀ ਪਰ ਨਿਰਦੇਸ਼ਕ ਅਦਿੱਤਿਆ ਧਰ ਨੇ ਤਮੰਨਾ ਦੇ ਨਾਂਅ 'ਤੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਜੇਕਰ ਤਮੰਨਾ ਇਹ ਗਾਣਾ ਕਰੇਗੀ ਤਾਂ ਇਹ 'ਆਈਟਮ ਗੀਤ' ਬਣ ਜਾਵੇਗਾ। ਇਸ ਤਰ੍ਹਾਂ ਲੋਕਾਂ ਦਾ ਧਿਆਨ ਫ਼ਿਲਮ ਦੀ ਅਸਲੀ ਕਹਾਣੀ ਤੋਂ ਭਟਕ ਜਾਵੇਗਾ ਤੇ ਫ਼ਿਲਮ ਆਈਟਮ ਗੀਤ ਦੇ ਸਹਾਰੇ ਚੱਲੇ। ਤਮੰਨਾ ਭਾਟੀਆ 'ਤੇ ਸਾਰਾ ਕੁਝ ਫੋਕਸ ਹੋ ਜਾਵੇਗਾ। ਇਸ ਲਈ ਉਹ ਅਜਿਹਾ ਨਹੀਂ ਚਾਹੁੰਦੇ। ਇਸ ਕਰਕੇ ਤਮੰਨਾ ਭਾਟੀਆ ਨੂੰ ਇਸ ਵਿਚ ਨਹੀਂ ਲਿਆ ਗਿਆ । 'ਬਾਹੂਬਲੀ' ਦੀਆਂ ਤਸਵੀਰਾਂ ਤੇ ਯਾਦਾਂ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਦੀ ਤਮੰਨਾ ਭਾਟੀਆ ਲਈ ਖੁਸ਼ੀ ਇਹ ਕਿ 100 ਕਰੋੜ ਵਿਊਜ਼ 'ਇਸਤਰੀ-2' ਦੇ ਗੀਤ 'ਆਜ ਕੀ ਰਾਤ' ਦੇ ਹੋ ਗਏ ਤੇ ਤਮੰਨਾ ਨੇ ਇਸ ਗੀਤ ਦੀਆਂ ਯਾਦਾਂ ਵੀ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਹਨ।

ਰਹੀ ਗੱਲ ਤਮੰਨਾ ਦੀ ਚਮਕਦੀ ਹੋਈ ਚਮੜੀ ਤੇ ਖਾਸ ਕਰ ਚਿਹਰੇ ਦੀ, ਤਾਂ ਉਹ ਬਾਜ਼ਾਰ ਦੇ ਉਤਪਾਦਾਂ ਦੀ ਥਾਂ ਆਪਣੀ ਮਾਤਾ ਜੀ ਦੇ ਨੁਸਖੇ ਨੂੰ ਅਪਣਾ ਰਹੀ ਹੈ। ਦੋ ਵੱਡੇ ਚਮਚ ਵੇਸਣ ਦੇ ਤੇ ਡੇਢ ਚਮਚਾ ਦਹੀਂ ਤੇ ਕੁਝ ਬੂੰਦਾਂ ਗੁਲਾਬ ਜਲ ਦੀਆਂ ਪਾ ਕੇ ਤਮੰਨਾ ਆਪਣੇ ਚਿਹਰੇ 'ਤੇ ਲਾ ਕੇ ਉਸ ਨੂੰ ਸਾਫ਼ ਕਰਦੀ ਹੈ। ਰਹੀ ਗੱਲ ਕਮਾਈ ਦੀ ਤਾਂ ਤਮੰਨਾ ਸਟੇਜ ਸ਼ੋਅ ਕਰਕੇ ਵੀ ਖੂਬ ਕਮਾਈ , ਕਰ ਰਹੀ ਹੈ। ਤਮੰਨਾ ਨੂੰ 'ਆਈਟਮ ਗੀਤ ਰਾਣੀ ਦਾ ਖਿਤਾਬ ਬੀ-ਟਾਊਨ ਨੇ ਦਿੱਤਾ ਹੋਇਆ ਹੈ। ਗੋਆ 'ਚ ਇਕ ਪਾਰਟੀ 'ਚ 6 ਮਿੰਟ ਦਾ ਡਾਂਸ ਸੀ।' ਤਮੰਨਾ ਭਾਟੀਆ ਦਾ ਤੇ ਇਕ ਮਿੰਟ ਦੇ ਇਕ ਕਰੋੜ ਅਰਥਾਤ 6 ਕਰੋੜ ਰੁਪਏ ਤਮੰਨਾ ਨੇ ਇਸ ਪ੍ਰੋਗਰਾਮ ਦੇ ਲਏ। 13 ਸਾਲ ਦੀ ਉਮਰ 'ਚ ਹੀ ਥੀਏਟਰ ਨਾਲ ਜੁੜਨ ਵਾਲੀ ਤਮੰਨਾ ਭਾਟੀਆ 36 ਸਾਲ ਦੀ ਹੋ ਕੇ ਵੀ ਮਸੀਂ 20 ਕੁ ਸਾਲ ਦੀ ਲੱਗਦੀ ਹੈ ਤੇ ਉਸ ਨੇ ਕਿਹਾ ਕਿ ਵਿਰਾਟ ਕੋਹਲੀ ਫਿੱਟ ਰਹਿ ਸਕਦੇ ਹਨ ਤਾਂ ਉਹ ਵੀ ਤਾਂ ਵਿਰਾਟ ਤੋਂ ਪ੍ਰਭਾਵਿਤ ਹੈ, ਜਿਨ੍ਹਾਂ ਨੇ ਨਿਊਜ਼ੀਲੈਂਡ ਨਾਲ ਇਕ ਰੋਜ਼ਾ ਕ੍ਰਿਕਟ ਮੈਚ 'ਚ ਫਿਰ ਸੈਂਕੜਾ ਲਾ ਕੇ ਸਚਿਨ ਤੇਂਦੂਲਕਰ ਦੇ ਬਰਾਬਰ ਆਉਣ ਦਾ ਟੀਚਾ ਪੂਰਾ ਕਰਨਾ ਹੈ। ਇਸੇ ਤਰ੍ਹਾਂ ਉਹ ਵੀ ਵੱਧ ਫ਼ਿਲਮਾਂ ਦੀ ਹੀਰੋਇਨ ਦਾ ਮੰਤਵ ਪੂਰਾ ਕਰੇਗੀ। ਸਾਹਿਤ ਨਾਲ ਵੀ ਉਸ ਦਾ ਪਿਆਰ ਹੈ ਤੇ ਆਪਣਾ ਗਹਿਣਿਆਂ ਦਾ ਉਤਪਾਦ ਵੀ ਉਹ ਚਲਾ ਰਹੀ ਹੈ। ਅਭਿਨੇਤਰੀ ਤੇ ਵਪਾਰਕ ਦੁਨੀਆ ਦੀ ਜਾਣਕਾਰ ਬਣ ਚੁੱਕੀ ਤਮੰਨਾ ਭਾਟੀਆ ਨੇ ਵਿਜੈ ਵਰਮਾ ਦੱਖਣ ਦੇ ਸਟਾਰ ਸੰਬੰਧੀ ਗੱਲ ਕਰਨੀ ਹੀ ਬੰਦ ਕਰ ਦਿੱਤੀ ਹੈ। ਪਹਿਲੀ ਹਿੰਦੀ ਫ਼ਿਲਮ ਫੇਲ੍ਹ ਤੇ ਫਿਰ ਦੱਖਣ ਨੇ ਚਮਕਾਇਆ। ਇਸ ਲਈ ਤਮੰਨਾ ਭਾਟੀਆ ਕਹਿੰਦੀ ਹੈ ਕਿ ਉਸ ਲਈ ਦੱਖਣ ਦੀਆਂ ਫ਼ਿਲਮਾਂ ਲਈ ਸਦਾ ਦਰਵਾਜ਼ੇ ਖੁੱਲੇ ਹਨ।



## 'ਸੁਪਰ ਸਕਸੈੱਸ' ਨੂੰ ਤਰਸਦਾ ਅਕਸ਼ੈ ਖੰਨਾ

ਅਕਸ਼ੈ ਖੰਨਾ ਨੇ ਪਿਛਲੇ ਸਾਲ "ਛਾਵਾ" (2025) ਅਤੇ "ਧਰੁੰਧਰ" (2025) ਵਰਗੀਆਂ ਫ਼ਿਲਮਾਂ ਵਿਚ ਆਪਣੀ ਸ਼ਾਨਦਾਰ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤ ਲਿਆ ਹੈ। ਛਾਵਾ (2025) ਵਿਚ ਅਕਸ਼ੈ ਨੇ ਖਲਨਾਇਕ ਦੇ ਰੂਪ ਵਿਚ ਦਮਦਾਰ ਭੂਮਿਕਾ ਨਿਭਾਈ " (2025) ਵਿਚ ਰਹਿਮਾਨ ਡਕੇਤ ਦੇ ਕਿਰਦਾਰ ਵਿਚ ਉਨ੍ਹਾਂ ਦੀ ਜ਼ਬਰਦਸਤ ਐਕਟਿੰਗ ਦੀ ਖੂਬ ਤਾਰੀਫ ਹੋਈ। ਫਿਲਮ ਨੇ ਖੂਬੇ ਕਮਾਈ ਕਰਦੇ ਹੋਏ ਨਵੇਂ ਕੀਤੇ ਵੀ ਹਾਸਿਲ ਕੀਤੇ। ਇਸ ਤਰ੍ਹਾਂ ਸਾਲ 2025 ਵਿਚ ਅਕਸ਼ੈ ਖੰਨਾ ਦੀਆਂ ਇਨ੍ਹਾਂ ਦੇ ਫਿਲਮਾਂ ਦੀ ਕੁੱਲ ਕਮਾਈ ਲਗਭਗ 1400 ਕਰੋੜ ਰਹੀ। ਇਸ ਦੇ ਨਾਲ ਹੀ ਅਕਸ਼ੈ ਖੰਨਾ ਸਾਲ 2025 ਦੇ ਸਭ ਤੋਂ ਵਧੇਰੇ ਕਮਾਈ ਕਰਨ ਵਾਲੇ ਐਕਟਰਜ਼ ਵਿਚ ਨੰਬਰ ਇਕ 'ਤੇ ਰਹੇ।

ਨਿਰਮਾਤਾਵਾਂ ਦੇ ਹਵਾਲੇ ਰਾਹੀਂਮਿਲ ਰਹੀਆਂ ਖ਼ਬਰਾਂ ਅਨੁਸਾਰ 'ਧੁਰੰਧਰ' ਦੀ ਅਪਾਰ ਸਫ਼ਲਤਾ ਤੋਂ ਬਾਅਦ ਅਕਸ਼ੈ ਖੰਨਾ ਨੇ ਨਿਰਮਾਤਾਵਾਂ ਨੂੰ ਫ਼ੀਸ ਵਧਾਉਣ ਜੋ ਦੀ ਮੰਗ ਵੀ ਕੀਤੀ ਸੀ । ਇਸ ਤੋਂ ਇਲਾਵਾ ਉਨ੍ਹਾਂ ਨੇ ਫ਼ਿਲਮ ਵਿਚ ਆਪਣੀ ਆਨ- ਕ੍ਰੀਨ ਦਿੱਖ ਵਿਚ ਵੀ ਕਾਫੀ ਬਦਲਾਅ ਨ ਦੀ ਮੰਗ ਕੀਤੀ ਸੀ। ਨਤੀਜਾ ਅਕਸ਼ੈ ਫ਼ਿਲਮ ਦੇ ਨਿਰਮਾਤਾਵਾਂ ਵਿਚਾਲੇ ਮਤਭੇਦ ਪੈਦਾ ਹੋ ਗਏ, ਜਿਸ ਕਾਰਨ ਅਕਸ਼ੈ ਖੰਨਾ ਨੇ ਆਖ਼ਿਰਕਾਰ ਇਸ ਪ੍ਰਾਜੈਕਟ ਤੋਂ ਖ਼ੁਦ ਨੂੰ ਅਲਗ ਕਰ ਲਿਆ। ਅਕਸ਼ੈ ਖੰਨਾ ਨੇ ਦਰਿਸ਼ਅਮ '2' (2022) ਵਿਚ ਸ਼ਾਨਦਾਰ ਪ੍ਰਦਰਸ਼ਨ ਨਾਲ ਪ੍ਰਸ਼ੰਸਕਾਂ ਦਾ ਦਿਲ 'ਜਿੱਤ ਲਿਆ ਸੀ। ਇਸ ਸਨ ਪਰ ਅਕਸ਼ੈ ਦੇ ਇਸ ਕਾਰਨ ਪ੍ਰਸ਼ੰਸਕ 'ਦ੍ਰਿਸ਼ਅਮ' ਦੇ ਅਗਲੇ ਭਾਗ ਵਿਚ ਉਨ੍ਹਾਂ ਨੂੰ ਦੇਖਣ ਲਈ ਕਾਫੀ ਉਤਸੁਕ ਸਨ ਪਰ ਅਕਸ਼ੈ ਦੇ ਇਸ ਫ਼ੈਸਲੇ ਨੇ ਪ੍ਰਸ਼ੰਸਕਾਂ ਦੀ ਉਸ ਉਤਸੁਕਤਾ 'ਤੇ ਮਾਯੂਸੀ ਲਿਆ ਦਿੱਤੀ ਹੈ।

'ਦ੍ਰਿਸ਼ਅਮ 3' ਦੇ ਨਿਰਮਾਤਾ ਤਾਂ ਅਕਸ਼ੈ ਦੇ ਇਸ ਫ਼ੈਸਲੇ ਤੋਂ ਹੈਰਾਨ ਹੀ ਰਹਿ ਗਏ। ਉਨ੍ਹਾਂ ਅਕਸ਼ੈ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਅਕਸ਼ੈ ਖੰਨਾ ਨੂੰ ਆਪਣੀ ਮੰਗ ਇਕਦਮ ਜਾਇਜ਼ ਲਗ ਰਹੀ ਸੀ। ਉਨ੍ਹਾਂ ਦੇ ਦਿਮਾਗ਼ ਵਿਚ ਤਾਂ ਸਿਰਫ਼ ਇਕ ਹੀ ਗੱਲ ਸੀ ਕਿ ਫ਼ਿਲਮ ਵਿਚ ਉਨ੍ਹਾਂ ਦੀ ਮੌਜੂਦਗੀ ਨਾਲ ਦਰਸ਼ਕਾਂ ਦੇ ਦਿਲਾਂ ਵਿਚ ਫ਼ਿਲਮ ਲਈ ਕਾਫੀ ਉਤਸੁਕਤਾ ਵਧਣ ਵਾਲੀ ਹੈ। ਇਸ ਤੋਂ ਪਹਿਲਾਂ ਅਕਸ਼ੈ ਖੰਨਾ ਸਾਲ 2017 ਵਿਚ ਕੁਮਾਰ ਮੰਗਤ ਵਲੋਂ ਬਣਾਈ ਅਤੇ ਮਨੀਸ਼ ਵਲੋਂ ਨਿਰਦੇਸ਼ਿਤ ਫ਼ਿਲਮ 'ਸੈਕਸ਼ਨ 357' ਦੌਰਾਨ ਵੀ ਇਸੇ ਤਰ੍ਹਾਂ ਦਾ ਖੇਡ ਖੇਡ ਚੁੱਕੇ ਹਨ, ਜਿਸ ਕਾਰਨ ਫ਼ਿਲਮ ਦੀ ਸ਼ੂਟਿੰਗ ਲਗਭਗ 6 ਮਹੀਨੇ ਤਕ ਰੋਕਣੀ ਪਈ ਸੀ।

ਕਿਹਾ ਜਾਂਦਾ ਹੈ ਕਿ ਉਸ ਸਮੇਂ ਅਕਸ਼ੈ ਨੇ ਫ਼ਿਲਮ 'ਸੈਕਸ਼ਨ 357' ਲਈ ਪਹਿਲਾਂ ਤੋਂ ਤੈਅ ਆਪਣੀਆਂ ਤਰੀਖਾਂ ਦੂਜੀ ਫ਼ਿਲਮ 'ਦ ਐਕਸੀਡੈਂਟਲ ਪ੍ਰਾਈਮ ਮਿਨਿਸਟਰ' ਦੇ ਨਿਰਮਾਤਾਵਾਂ ਨੂੰ ਦੇ ਦਿੱਤੀਆਂ ਅਤੇ ਉਸ ਫ਼ਿਲਮ ਦੀ ਸ਼ੂਟਿੰਗ ਲਈ ਲੰਦਨ ਚਲੇ ਗਏ, ਜਿਸ ਨਾਲ ਫ਼ਿਲਮ 'ਸੈਕਸ਼ਨ 357' ਦੀ ਟੀਮ ਛੇ ਮਹੀਨੇ ਤੱਕ ਵਿਹਲੀ ਬੈਠੀ ਰਹੀ। ਲੰਦਨ ਤੋਂ ਵਾਪਸ ਆਉਣ ਤੋਂ ਬਾਅਦ ਫ਼ਿਲਮ 'ਸੈਕਸ਼ਨ 357' ਦੇ ਨਿਰਦੇਸ਼ਕ ਮਨੀਸ਼ ਅਤੇ ਅਕਸ਼ੈ ਖੰਨਾ ਵਿਚਾਲੇ ਜ਼ੋਰਦਾਰ ਬਹਿਸ ਹੋ ਗਈ। ਇਸ 'ਤੇ ਅਕਸ਼ੈ ਨੇ ਨਿਰਮਾਂਤਾ ਕੁਮਾਰ ਮੰਗਤ 'ਤੇ ਦਬਾਅ ਪਾ ਕੇ ਮਨੀਸ਼ ਨੂੰ ਫ਼ਿਲਮ ਦੇ ਨਿਰਦੇਸ਼ਨ ਤੋਂ ਹਟਾ ਕੇ ਫ਼ਿਲਮ ਦਾ ਪੂਰਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ ਸੀ। ਉਸ ਸਮੇਂ ਕੁਮਾਰ ਮੰਗਤ ਅਕਸ਼ੈ ਦੇ ਪੱਖ ਵਿਚ ਹੋ ਗਏ।




ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

## ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਦਾ ਸੁਨੇਹਾ ਦੇਣ ਵਾਲੇ

## ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੀ ਸੰਗਤ ਨੂੰ




## ਲੱਖ ਲੱਖ ਵਧਾਈ ਹੋਵੇ

ਵਲੋਂ: ਟੂਰਾ ਪਰਿਵਾਰ, ਵੈਸਟਫੀਲਡ (ਇੰਡੀਆਨਾ)
ਫੋਨ ਨੰਬਰ: 317–702– 0481